
ਗ਼ਦਰ ਪਾਰਟੀ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ



1

ਗ਼ਦਰ ਪਾਰਟੀ
ਅਤੇ
ਸ਼ਹੀਦ ਕਰਤਾਰ ਸਿੰਘ ਸਰਾਭਾ

ਸੰਗ੍ਰਹਿ ਕਰਤਾ: ਦੀਪ ਦਿਲਬਰ

ਪ੍ਰਕਾਸ਼ਕ
ਪੁਸਤਕ ਪਾਠਕ ਸੰਸਥਾ
ਪੰਜਾਬ

ਸਾਹਿਤਕ ਪੁਸਤਕ ਪ੍ਰਦਰਸ਼ਨੀ ਅਤੇ ਉਸਾਰੂ ਕਿਤਾਬਾਂ ਖ਼੍ਰੀਦਣ ਲਈ ਸੰਪਰਕ

ਪੁਸਤਕ ਪਾਠਕ ਸੰਸਥਾ, ਪੰਜਾਬ

- ਲੈਨਿਨ ਕਿਤਾਬ ਘਰ ਮਹਿਲ ਕਲਾਂ (ਬਰਨਾਲਾ)
(ਪ੍ਰੀਤਮ ਸਿੰਘ ਦਰਦੀ:93567-29532)
- ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਪੱਖੋਵਾਲ (ਲੁਧਿਆਣਾ)
(ਹਰੀਸ਼ ਮੋਦਗਿਲ:97819-43772)
- ਆਜ਼ਾਦ ਬੁੱਕ ਸ਼ਾਪ ਅਮਲਾ ਸਿੰਘ ਵਾਲਾ (ਬਰਨਾਲਾ)
(ਮੱਖਣ:90417-36498)
- ਬੇਗਮਪੁਰਾ ਬੁੱਕ ਸ਼ਾਪ, ਬੇਗਮਪੁਰ (ਸ਼ਹੀਦ ਭਗਤ ਸਿੰਘ ਨਗਰ)
(ਜਸਵੀਰ ਬੇਗਮਪੁਰੀ:94174-15062)
- ਦਿਲਦੀਪ ਪ੍ਰਕਾਸ਼ਨ ਸਮਰਾਲਾ (ਲੁਧਿਆਣਾ)
(ਦੀਪ ਦਿਲਬਰ:98557-21844)
- ਨੰਗਲ ਪ੍ਰਕਾਸ਼ਨ, ਨੰਗਲ (ਮੋਗਾ)
(ਅਮਰਜੀਤ ਸਿੰਘ: 98727-56094)
- ਸੰਧੂ ਬ੍ਰਦਰਜ਼ ਸੰਘੇੜਾ (ਬਰਨਾਲਾ)
(ਜਸਵੰਤ ਸਿੰਘ:99154-75471)
- ਚਿੰਤਨ ਪ੍ਰਕਾਸ਼ਨ ਲੁਧਿਆਣਾ (ਲੁਧਿਆਣਾ)
(ਸੁਖਵਿੰਦਰ ਸਿੰਘ ਖੱਟੜਾ:97797-70539)
- ਸਾਹਿਬਦੀਪ ਪ੍ਰਕਾਸ਼ਨ ਭੀਖੀ (ਮਾਨਸਾ)
(ਕਰਨ ਭੀਖੀ: 99889-15155)
- ਸ਼ਿਲਪੀ ਪ੍ਰਕਾਸ਼ਨ, ਕਾਲਜ ਰੋਡ ਪਾਂਸ਼ਟਾ (ਫਗਵਾੜਾ)
(ਮੋਹਣ ਆਰਟਿਸਟ:98152-36982)
- ਸਾਂਝ ਪ੍ਰਕਾਸ਼ਨ, ਕ੍ਰਿਸ਼ਨਾ ਨਗਰ, ਜਲੰਧਰ
(ਰਾਜੂ ਸੋਨੀ: 99151-05660)
- 5ਆਬ ਪ੍ਰਕਾਸ਼ਨ, 1-2 ਦੇਸ਼ ਭਗਤ ਯਾਦਗਾਰ ਹਾਲ (ਜਲੰਧਰ)
(ਕੇਸਰ:98140-87063)
- ਤਸਵੀਰ ਪ੍ਰਕਾਸ਼ਨ, ਕਾਲਾਂਵਾਲੀ, ਸਿਰਸਾ (ਹਰਿਆਣਾ)
(ਭੁਪਿੰਦਰ ਪੰਨੀਵਾਲੀਆ:094161-24729)
- ਨਵੀਂ ਦੁਨੀਆਂ ਪ੍ਰਕਾਸ਼ਨ ਅਤੇ ਮੀਡੀਆ ਐਡਮਿੰਟਨ (ਕੈਨੇਡਾ)
(ਮੋਬਾਇਲ: 97804 70386)

ਐਡੀਸ਼ਨ: 2014 ਗਿਣਤੀ: 2000 ਮੁੱਲ: 60 ਰੁਪਏ

ਸਮਰਪਤ

ਸ਼ਹੀਦ ਕਰਤਾਰ ਸਿੰਘ ਸਰਾਭਾ

ਦੀ ਸ਼ਹਾਦਤ ਸ਼ਤਾਬਦੀ

2015

ਨੂੰ

੫

ਤਰਤੀਬ

ਹਿੰਦੁਸਤਾਨ ਗ਼ਦਰ ਦਾ ਕਾਨਸਟੀਚਿਊਸ਼ਨ

ਆਰਟੀਕਲ............1

ਨਾਮ

ਏਸ ਸਭਾ ਦਾ ਨਾਮ ਹਿੰਦੁਸਤਾਨ ਗ਼ਦਰ ਪਾਰਟੀ (ਇੰਡੀਅਨ ਨੈਸ਼ਨਲ ਪਾਰਟੀ) ਹੈ ਅਤੇ ਹੋਵੇਗਾ।

ਆਰਟੀਕਲ............2

ਆਦਰਸ਼

ਹਿੰਦੁਸਤਾਨ ਵਿਚ ਹਿੰਦੁਸਤਾਨੀਆਂ ਦਾ ਐਸਾ ਮੁਕੰਮਲ ਆਜ਼ਾਦ ਰਾਜਸੀ ਇੰਤਜ਼ਾਮ ਕਾਇਮ ਕਰਨਾ ਜਿਸ ਅੰਦਰ :-

1. ਹਰ ਸ਼ਖਸ ਨੂੰ ਅਮਨ ਦੇ ਜ਼ਮਾਨੇ ਵਿਚ ਸੋਚਣੇ, ਬੋਲਣੇ, ਲਿਖਣੇ ਅਤੇ ਸਭਾ ਬਣਾਉਣ ਦੀ ਆਜ਼ਾਦੀ ਹੋਵੇ।
2. ਹਿੰਦੁਸਤਾਨੀਆਂ ਦੀ ਜ਼ਿਆਦਾ ਤੋਂ ਜ਼ਿਆਦਾ ਗਿਣਤੀ, ਜ਼ਿਆਦਾ ਤੋਂ ਜ਼ਿਆਦਾ ਫ਼ਾਇਦਾ ਉਠਾ ਸਕੇ।
3. ਸਰਕਾਰ ਦੀ ਤਰਫੋਂ ਐਸਾ ਪ੍ਰਬੰਧ ਹੋਵੇ ਕਿ ਹਰ ਇਕ ਕਾਬਲ ਸ਼ਖਸ ਜ਼ਰੂਰੀਆਤ ਜ਼ਿੰਦਗੀ (ਰੋਟੀ, ਕੱਪੜਾ, ਮਕਾਨ ਤੇ ਤਲੀਮ (ਤਾਲੀਮ) ਕਮਾ ਸਕੇ।

ਤਰੀਕੇ

ਬਦੇਸ਼ਾਂ ਵਿਚ ਪਾਰਟੀ ਦਾ ਕੰਮ ਉਨ੍ਹਾਂ ਮੁਲਕਾਂ ਦੇ ਕਾਨੂੰਨਾਂ ਅਨੁਸਾਰ ਕਰਦੇ ਹੋਏ ਹਿੰਦੁਸਤਾਨ ਵਿਚ ਆਪਣੇ ਆਦਰਸ਼ ਨੂੰ ਪੂਰਾ ਕਰਨ ਵਾਸਤੇ ਮੌਕਿਆਂ ਅਤੇ ਜ਼ਰੂਰਤ ਦੇ ਮੁਤਾਬਿਕ ਤਮਾਮ ਮੁਮਕਿਨ ਅਤੇ ਮੁਨਾਸਿਬ ਤਰੀਕੇ ਅਖਤਿਆਰ ਕੀਤੇ ਜਾਣਗੇ।

ਨੋਟ : ਜੁਦਾ ਜੁਦਾ ਮੁਲਕਾਂ ਵਿਚ ਰਹਿਣ ਵਾਲੇ ਮੈਂਬਰ ਆਪਣੇ ਮੁਲਕ ਦੇ ਸਿੱਕੇ ਦੇ ਹਿਸਾਬ ਚੰਦਾ ਦੇਣਗੇ। ਜਦੋਂ ਅਮਰੀਕਾ ਵਿਚ ਰਹਿਣ ਵਾਲਾ ਮੈਂਬਰ ਪੱਚੀ ਡਾਲਰ ਅਮਰੀਕਾ ਦੇ ਤੇ ਚੀਨ ਵਿਚ ਰਹਿਣ ਵਾਲਾ ਮੈਂਬਰ ਪੱਚੀ ਡਾਲੇ ਚਾਇਨੀ ਦੇਵੇਗਾ।

ਆਰਟੀਕਲ............3

ਵੰਡ ਜਾਂ ਤਕਸੀਮ

ਗ਼ਦਰ ਪਾਰਟੀ ਦੀ ਹਕੂਮਤ ਚਾਰ ਹਿੱਸਿਆਂ ਵਿਚ ਵੰਡੀ ਜਾਏਗੀ :-

1. ਲੈਜਿਸਲੇਟਿਵ (ਕਾਨੂੰਨ ਬਣਾਉਣ ਵਾਲਾ) ਮਹਿਕਮਾ
2. ਐਗਜ਼ੀਕਿਊਟਿਵ (ਕਾਨੂੰਨ ਪ੍ਰਚਲਿਤ ਕਰਨ ਵਾਲਾ) ਮਹਿਕਮਾ।
3. ਜੁਡੀਸ਼ੀਅਲ (ਇਨਸਾਫ਼ ਦਾ) ਮਹਿਕਮਾ।
4. ਕਮਿਸ਼ਨ

ਆਰਟੀਕਲ............4

ਮੈਂਬਰਸ਼ਿਪ

ਮੈਂਬਰਾਂ ਦੇ ਪੰਜ ਦਰਜੇ ਹੋਣਗੇ :-

(ੳ) ਆਨਰੇਰੀ ਮੈਂਬਰ :-

ਹਰ ਐਸਾ ਇਨਸਾਨ ਗ਼ਦਰ ਪਾਰਟੀ ਦਾ ਆਨਰੇਰੀ ਮੈਂਬਰ ਹੋ ਸਕਦਾ ਹੈ, ਜੋ ਗ਼ਦਰ ਪਾਰਟੀ ਦੇ ਅਸੂਲਾਂ ਨਾਲ ਹਮਦਰਦੀ ਰੱਖਦਾ ਹੋਵੇ ਅਤੇ ਇੱਕੀ (21) ਸਾਲਾਂ ਤੋਂ ਉਪਰ ਉਮਰ ਹੋਵੇ।

(ਅ) ਐਸੋਸੀਏਟ ਮੈਂਬਰ :- ਹਰ ਐਸਾ ਇਨਸਾਨ ਐਸੋਸੀਏਟ ਮੈਂਬਰ ਹੋ ਸਕਦਾ ਹੈ ਜੋ ਹਿੰਦੁਸਤਾਨ ਗ਼ਦਰ ਪਾਰਟੀ ਦੇ ਆਦਰਸ਼, ਕਾਨਸਟੀਚਿਊਸ਼ਨ ਅਤੇ ਕੰਮ ਨਾਲ ਦਿਲੀ ਹਮਦਰਦੀ ਰੱਖਦਾ ਹੋਵੇ ਅਤੇ ਸਾਥ ਹੀ ਘੱਟ ਤੋਂ ਘੱਟ ਪੰਜ ਡਾਲਰ ਸਾਲਾਨਾ ਪਾਰਟੀ ਨੂੰ ਚੰਦਾ ਦਿੰਦਾ ਹੋਵੇ।

(ੲ) ਐਕਟਿਵ ਮੈਂਬਰ :-

ਹਰ ਐਸਾ ਇਨਸਾਨ ਐਕਟਿਵ ਮੈਂਬਰ ਹੋ ਸਕਦਾ ਹੈ ਜੋ:-

1. ਹਿੰਦੁਸਤਾਨ ਗ਼ਦਰ ਪਾਰਟੀ ਦੇ ਆਦਰਸ਼, ਕਾਨਸਟੀਚਿਊਸ਼ਨ ਅਤੇ ਪਾਸ ਹੋ ਚੁੱਕੇ ਕਾਨੂੰਨਾਂ ਨੂੰ ਮੰਨਦਾ ਤੇ ਉਨ੍ਹਾਂ ਉੱਪਰ ਅਮਲ ਕਰਦਾ ਹੋਵੇ।
2. ਹਿੰਦੁਸਤਾਨੀ ਖ਼ੂਨ ਤੋਂ ਹੋਵੇ, ਹਿੰਦੁਸਤਾਨ ਨੂੰ ਆਪਣਾ ਮੁਲਕ ਸਮਝੇ ਅਤੇ 21 ਸਾਲ ਤੋਂ ਜ਼ਿਆਦਾ ਉਮਰ ਦਾ ਹੋਵੇ।
3. ਪਾਰਟੀ ਦੇ ਕਾਨੂੰਨਾਂ ਅਤੇ ਹੁਕਮਾਂ ਨੂੰ ਬਾਕੀ ਤਮਾਮ ਕਾਨੂੰਨਾਂ ਦੇ ਹੁਕਮਾਂ ਨਾਲੋਂ ਉੱਚਾ ਸਮਝੇ।
4. ਘੱਟ ਤੋਂ ਘੱਟ ਪੱਚੀ ਡਾਲਰ ਸਾਲਾਨਾ ਚੰਦਾ ਦਿੰਦਾ ਹੋਵੇ।

(ਸ) ਸਪੈਸ਼ਲ ਮੈਂਬਰ :-

ਹਰ ਐਸਾ ਇਨਸਾਨ ਸਪੈਸ਼ਲ ਮੈਂਬਰ ਹੋ ਸਕਦਾ ਹੈ, ਜੋ ਐਕਟਿਵ ਮੈਂਬਰ ਦੀਆਂ ਸਾਰੀਆਂ ਸ਼ਰਤਾਂ ਮੰਨਣੇ ਤੋਂ ਵੱਖਰਾ 75 ਡਾਲਰ ਵੱਧ ਯਾਨੀ ਕੁੱਲ ਸੌ ਡਾਲਰ ਸਾਲਾਨਾ ਚੰਦਾ ਦੇਵੇ।

(ਹ) ਲਾਇਫ਼ ਮੈਂਬਰ :-

ਹਰ ਐਸਾ ਇਨਸਾਨ ਜੋ ਉਪਰ ਲਿਖੀਆਂ ਸ਼ਰਤਾਂ ਮੰਨਣ ਤੇ ਉਨ੍ਹਾਂ ਉੱਪਰ ਅਮਲ ਕਰਨ ਤੋਂ ਵੱਖਰਾ ਆਪਣੀ ਤਮਾਮ ਜ਼ਿੰਦਗੀ, ਵਕਤ ਅਤੇ ਆਮਦਨੀ ਖ਼ਰਚ

ਕੱਟ ਕੇ ਪਾਰਟੀ ਦੇ ਹਵਾਲੇ ਕਰ ਦੇਵੇ।

ਆਰਟੀਕਲ............5

ਵੋਟ ਦਾ ਹੱਕ

ਆਨਰੇਰੀ ਮੈਂਬਰਾਂ ਤੋਂ ਬਿਨਾਂ ਬਾਕੀ ਸਾਰੇ ਮੈਂਬਰ ਵੋਟ ਦੇ ਸਕਣਗੇ।

ਆਰਟੀਕਲ............6

ਸਟੇਟ ਕਮੇਟੀਆਂ

(ੳ) ਸਟੇਟ ਕਮੇਟੀ ਦਾ ਮੈਂਬਰ ਕੌਣ ਹੋ ਸਕਦਾ ਹੈ :

1. ਆਨਰੇਰੀ ਅਤੇ ਐਸੋਸੀਏਟ ਮੈਂਬਰਾਂ ਤੋਂ ਬਗੈਰ ਹਰ ਐਸਾ ਮੈਂਬਰ ਜਿਸਨੇ ਚੋਣ ਤੋਂ ਪਹਿਲਾਂ ਦੋ ਸਾਲ ਤਕ ਮੈਂਬਰੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਹੋਣ, ਸਟੇਟ ਕਮੇਟੀ ਦੀ ਮੈਂਬਰੀ ਵਾਸਤੇ ਉਮੀਦਵਾਰ ਖੜਾ ਹੋ ਸਕਦਾ ਹੈ।
2. ਹਰ ਇਕ ਸਟੇਟ ਕਮੇਟੀ ਦੇ ਨੌਂ (9) ਮੈਂਬਰ ਹੋਣਗੇ, ਪਰ ਮੇਰਿਜ਼ਵਿਲ ਦਾ ਇਲਾਕਾ ਵੱਡਾ ਹੋਣ ਕਰਕੇ ਇਸ ਕਮੇਟੀ ਦੇ (11) ਮੈਂਬਰ ਹੋਣਗੇ।

(ਅ) ਚੋਣ ਦਾ ਤਰੀਕਾ

ਉਮੀਦਵਾਰ ਦੇ ਨਾਮ ਆਮ ਗ਼ਦਰ ਜਲਸੇ ਵਿਚ ਪੇਸ਼ ਹੋਣ, ਤਾਈਦ ਕੀਤੇ ਜਾਣ ਪਿੱਛੋਂ ਗੁਪਤ ਪ੍ਰਚੀਆ ਨਾਲ ਜਿਨ੍ਹਾਂ ਮੈਂਬਰਾਂ ਦੀਆਂ ਵੋਟਾਂ ਜ਼ਿਆਦਾ ਹੋਣਗੀਆਂ, ਮੈਂਬਰ ਬਣੇ ਐਲਾਨ ਕੀਤੇ ਜਾਣਗੇ।

(ੲ) ਮੈਂਬਰ ਦੀ ਮਿਆਦ :-

ਸਟੇਟ ਕਮੇਟੀਆਂ ਦੇ ਮੈਂਬਰਾਂ ਦੀ ਮਿਆਦ ਛੇ ਸਾਲ ਹੋਵੇਗੀ, ਜੇਕਰ ਉਹ ਕਿਸੇ ਹੋਰ ਕਸੂਰ ਕਰਕੇ ਨਾ ਹਟਾਏ।

(ਸ) ਸਟੇਟ ਕਮੇਟੀਆਂ ਦੇ ਫ਼ਰਜ਼ :-

1. ਆਪਣੇ ਇਲਾਕੇ ਦਾ ਪ੍ਰਬੰਧ ਕਰਨਾ।
2. ਮਹਿਕਮਾ ਤਾਲੀਮ ਦੀ ਮਨਜ਼ੂਰੀ ਨਾਲ ਆਪਣੇ ਇਲਾਕਿਆਂ ਵਿਚ ਪ੍ਰਚਾਰ ਅਤੇ ਗ਼ਦਰ ਜਲਸਿਆਂ ਦਾ ਇੰਤਜ਼ਾਮ ਕਰਨਾ।
3. ਸੈਂਟਰਲ ਪੰਚਾਇਤ ਵਾਸਤੇ ਦੋ ਮੈਂਬਰ ਚੁਣ ਕੇ ਭੇਜਣੇ।
4. ਪਾਰਟੀ ਦੇ ਅਸੂਲਾਂ ਨੂੰ ਆਪਣੇ ਇਲਾਕੇ ਵਿਚ ਪ੍ਰਚਲਿਤ ਕਰਨਾ ਅਤੇ ਨਵੇਂ ਮੈਂਬਰ ਪੈਦਾ ਕਰਨੇ।

ਆਰਟੀਕਲ............7

(ੳ) ਬਨਾਵਟ ਤੇ ਚੰਦਾ :-

1. ਸੈਂਟਰਲ ਪੰਚਾਇਤ ਦੇ ਉੱਨੀ (19) ਮੈਂਬਰ ਹੋਣਗੇ ਜਿਨ੍ਹਾਂ ਦੀ ਤਫ਼ਸੀਲ ਇਹ ਹੈ :-

   11 (ਗਿਆਰਾਂ) ਮੈਂਬਰ ਸਟੇਟ ਕਮੇਟੀਆਂ ਦੀ ਤਰਫ਼ੋਂ, ਤਿੰਨ ਮੇਰਿਜ਼ਵਿਲ ਵੱਲੋਂ

ਅਤੇ ਬਾਕੀ ਚਾਰ ਕਮੇਟੀਆਂ ਵੱਲੋਂ ਦੋ, ਦੋ।
ਤਿੰਨ (3) ਕਮਿਸ਼ਨ ਦੇ ਮੈਂਬਰ
ਪੰਜ (5) ਹੋਰ ਮੈਂਬਰ ਜੋ ਕਮਿਸ਼ਨ ਚੁਣੇਗਾ।

2. ਸੈਂਟਰਲ ਪੰਚਾਇਤ ਦਾ ਹਰ ਇਕ ਮੈਂਬਰ ਸੌ ਡਾਲਰ ਚੰਦਾ ਦੇਵੇਗਾ।

(ਅ) ਸੈਂਟਰਲ ਪੰਚਾਇਤ ਦੇ ਅਖ਼ਤਿਆਰ :-

1. ਜ਼ਰੂਰਤ ਅਨੁਸਾਰ ਸੈਂਟਰਲ ਪੰਚਾਇਤ ਕਾਇਦੇ ਅਤੇ ਕਾਨੂੰਨ ਤਿਆਰ ਕਰੇਗੀ।
2. ਤਿੰਨ-ਚੌਥਾਈ ਮੈਂਬਰਾਂ ਦੀ ਰਾਏ ਨਾਲ, ਦੋ ਹਫ਼ਤੇ ਪਹਿਲੇ ਸੈਂਟਰਲ ਪੰਚਾਇਤ ਦੇ ਮੈਂਬਰਾਂ ਨੂੰ ਨੋਟਿਸ ਦੇ ਕੇ, ਜਿਸ ਵਿਚ ਕਿ ਬਦਲੀ ਕਰਨ ਵਾਲੀ ਬਾਤ ਦਾ ਜ਼ਿਕਰ ਕੀਤਾ ਗਿਆ ਹੋਵੇ।
3. ਸੈਂਟਰਲ ਪੰਚਾਇਤ ਪਾਰਟੀ ਦੇ ਤਮਾਮ ਹਿਸਾਬ ਕਿਤਾਬ ਅਤੇ ਜਾਇਦਾਦ ਦੀ ਮਾਲਕ ਤੇ ਜ਼ਿੰਮੇਵਾਰ ਹੋਵੇਗੀ।
4. ਕਮਿਸ਼ਨ ਦੇ ਆਹਲਾ ਆਹੁਦੇਦਾਰ ਹੀ ਪੰਚਾਇਤ ਦੇ ਆਹਲਾ ਅਹੁਦੇਦਾਰ ਹੋਣਗੇ.... ਪਰੈਜ਼ੀਡੈਂਟ, ਸੈਕਟਰੀ ਤੇ ਖਜ਼ਾਨਚੀ ਤੋਂ ਮੁਰਾਦ ਹੈ।
5. ਦੋ ਤਿਹਾਈ ਮੈਂਬਰਾਂ ਦੇ ਰਾਏ ਨਾਲ ਆਪਣੇ ਮੀਤ ਅਹੁਦੇਦਾਰ.... ਜਾਨੀ ਮੀਤ ਪਰੈਜ਼ੀਡੈਂਟ, ਸਕੱਤਰ ਤੇ ਖਜ਼ਾਨਚੀ.... ਆਪ ਚੁਣੇਗੀ ਜਿਨ੍ਹਾਂ ਦਾ ਵਾਸਤਾ ਸਿਰਫ਼ ਲੈਜਿਸਲੇਟਿਵ ਮਹਿਕਮੇ ਨਾਲ ਹੀ ਹੋਵੇਗਾ।
6. ਜ਼ਰੂਰਤ ਅਨੁਸਾਰ ਕਮੇਟੀਆਂ ਅਤੇ ਸਬ-ਕਮੇਟੀਆਂ ਬਣਾਏਗੀ।
7. ਪਹਿਲੀ ਵਾਰ ਇਹ ਪੰਚਾਇਤ ਆਪਣੇ ਵਿੱਚੋਂ ਐਸੇ ਤਿੰਨ ਮੈਂਬਰਾਂ ਨੂੰ ਕਮਿਸ਼ਨ ਵਾਸਤੇ ਚੁਣੇਗੀ, ਜਿਨ੍ਹਾਂ ਨੇ ਜ਼ਿਆਦਾ ਤੋਂ ਜ਼ਿਆਦਾ ਕੌਮੀ ਖ਼ਿਦਮਤ ਕੀਤੀ ਹੋਵੇ ਜਾਂ ਲਾਇਫ਼ ਮੈਂਬਰ ਹੋਣ।
8. ਕਿਸੇ ਵੀ ਯੋਗ ਮੈਂਬਰ ਨੂੰ ਚੰਦਾ ਮਾਫ਼ ਕਰ ਸਕੇਗੀ।
9. ਪਾਰਟੀ ਦੇ ਨਾਮ ਅਤੇ ਪਾਰਟੀ ਵਾਸਤੇ ਕਰਜ਼ਾ ਲੈ ਸਕੇਗੀ।
10. ਆਮ ਰਾਏ ਨਾਲ ਕਮਿਸ਼ਨ ਦੇ ਹਿਸਾਬ ਦੀ ਪੜਤਾਲ, ਨਵੇਂ ਕਮਿਸ਼ਨ ਦੇ ਰਾਹੀਂ ਕਰਵਾ ਸਕੇਗੀ।
11. ਸੈਂਟਰਲ ਪੰਚਾਇਤ ਦੇ ਤਮਾਮ ਮੈਂਬਰਾਂ ਵੱਲੋਂ ਆਮ ਰਾਏ ਨਾਲ ਕੀਤੇ ਗਏ ਫੈਸਲੇ, ਉਸੀ ਗੱਲੋਂ ਉੱਤੇ ਕਸਰਤ ਰਾਏ ਨਾਲ ਕੀਤੇ ਗਏ ਫ਼ੈਸਲਿਆਂ ਨਾਲੋਂ ਉਪਰ (ਆਹਲਾ) ਸਮਝੇ ਜਾਣਗੇ।
12. ਕਿਸੇ ਵੀ ਸਟੇਟ ਕਮੇਟੀ ਦੀ ਕਿਸੇ ਵੀ ਕਮਜ਼ੋਰੀ ਨੂੰ ਕਸਰਤ ਰਾਏ ਨਾਲ ਪੂਰਾ ਕਰ ਸਕੇਗੀ।
13. ਨਵੇਂ ਸੂਬਿਆਂ ਦਾ ਐਲਾਨ ਕਰਨਾ, ਬਦਲੀ ਕਰਨਾ ਜਾਂ ਸੂਬਿਆਂ ਦੀ ਹੱਦਬੰਦੀ ਸੈਂਟਰਲ ਪੰਚਾਇਤ ਦੇ ਅਖਤਿਆਰ ਹੋਵੇਗੀ।

14. ਸਲਾਹ ਮਸ਼ਵਰਾ ਲੈਣ ਦੀ ਗਰਜ਼ ਨਾਲ ਕਿਸੇ ਗ਼ੈਰ ਮੈਂਬਰ ਨੂੰ ਆਪਣੀ ਮੀਟਿੰਗ ਵਿਚ ਬਿਠਾ ਸਕੇਗੀ, ਪਰ ਐਸੇ ਮੈਂਬਰ ਨੂੰ ਵੋਟ ਦੇਣ ਦਾ ਹੱਕ ਨਹੀਂ ਹੋਵੇਗਾ।

15. ਹਰ ਪਾਸ ਸ਼ੁਦਾ ਹਿਸਾਬ, ਕਾਨੂੰਨ ਮਸੌਦੇ, ਬਿਲ, ਬਜਟ ਪਰ ਹਾਜ਼ਰ ਮੈਂਬਰਾਂ ਦੇ ਦਸਤਖ਼ਤ ਹੋਣਗੇ।

16. ਰਸੀਦ ਬੁੱਕ, ਰਜਿਸਟਰ, ਮਿਨਟਬੁਕ ਅਤੇ ਪਾਰਟੀ ਦੇ ਤਮਾਮ ਕਾਗਜ਼ਾਤ ਦੀ ਜ਼ਿੰਮੇਵਾਰੀ ਤੇ ਅਖ਼ਤਿਆਰ ਸੈਂਟਰਲ ਪੰਚਾਇਤ ਦੀ ਹੋਵੇਗੀ।

17. ਸੈਂਟਰਲ ਪੰਚਾਇਤ ਦਾ ਕੋਰਮ ਸੱਤ (7) ਮੈਂਬਰਾਂ ਦਾ ਹੋਵੇਗਾ, ਜਿਨ੍ਹਾਂ ਵਿਚ ਪਰੈਜ਼ੀਡੈਂਟ ਜਾਂ ਸੈਕਰੇਟਰੀ ਦਾ ਹੋਣਾ ਜ਼ਰੂਰੀ ਹੋਵੇਗਾ।

18. ਸੈਂਟਰਲ ਪੰਚਾਇਤ ਦੀ ਹਰ ਮੀਟਿੰਗ ਦਾ ਨੋਟਿਸ ਇਕ ਹਫ਼ਤਾ ਡਾਕ ਰਾਹੀਂ ਜਾਂ 48 ਘੰਟੇ ਤਾਰ ਦੇ ਰਾਹੀਂ ਪਹਿਲੇ ਦਿੱਤਾ ਜਾਏਗਾ।

19. ਸੈਂਟਰਲ ਪੰਚਾਇਤ ਹਰ ਤਿੰਨ ਮਹੀਨੇ ਬਾਦ ਆਪਣੀ ਮੀਟਿੰਗ ਬੁਲਾਏਗੀ। ਪਰੈਜ਼ੀਡੈਂਟ ਜਾਂ ਸੈਕਰੇਟਰੀ ਜ਼ਰੂਰਤ ਅਨੁਸਾਰ ਸਪੈਸ਼ਲ (ਖਾਸ) ਮੀਟਿੰਗ ਬੁਲਾ ਸਕਣਗੇ।

(ੲ) ਸੈਂਟਰਲ ਪੰਚਾਇਤ ਦੇ ਮੈਂਬਰਾਂ ਦੀ ਮਿਆਦ :-

ਸੈਂਟਰਲ ਪੰਚਾਇਤ ਦੇ ਮੈਂਬਰਾਂ ਦੀ ਮਿਆਦ ਛੇ (6) ਸਾਲ ਹੋਵੇਗੀ। ਪਹਿਲੀ ਵਾਰ ਚੋਣ ਦੇ ਪਿੱਛੋਂ ਮੈਂਬਰ ਦੋ ਹਿੱਸਿਆਂ ਵਿਚ ਵੰਡੇ ਜਾਣਗੇ, ਜਿਨ੍ਹਾਂ ਵਿਚ ਇਕ ਹਿੱਸੇ ਦੀ ਚੋਣ ਤਿੰਨ ਸਾਲ ਬਾਦ ਕੀਤੀ ਜਾਵੇਗੀ। ਇਸ ਤੋਂ ਬਾਦ ਅੱਧੇ ਮੈਂਬਰਾਂ ਦੀ ਚੋਣ ਤਿੰਨ ਸਾਲ ਬਾਦ ਹੋਇਆ ਕਰੇਗੀ।

ਆਰਟੀਕਲ ਕਮਿਸ਼ਨ............8

ਕਮਿਸ਼ਨ

(ੳ) ਕਮਿਸ਼ਨ ਦਾ ਮੈਂਬਰ ਕੌਣ ਹੋ ਸਕਦਾ ਹੈ?

1. ਪਾਰਟੀ ਦਾ ਲਾਈਫ਼ ਮੈਂਬਰ ਹੋਵੇ ਜਾਂ ਜਿਸਨੇ ਪਾਰਟੀ ਵਿਚ ਜ਼ਿਆਦਾ ਤੋਂ ਜ਼ਿਆਦਾ ਕੌਮੀ ਖ਼ਿਦਮਤ ਕੀਤੀ ਹੋਵੇ, ਅਤੇ ਜੋ ਇਸ ਕੰਮ ਦੇ ਲਾਇਕ ਹੋਵੇ।
2. ਉਸ ਵਕਤ ਤੱਕ ਕਮਿਸ਼ਨ ਦੇ ਫ਼ਰਜ਼ ਪੂਰੇ ਕਰਨ ਦਾ ਇਕਰਾਰ ਕਰੇ ਜਦ ਕਿ ਕਮਿਸ਼ਨ ਉਸਦਾ ਅਸਤੀਫ਼ਾ ਮਨਜ਼ੂਰ ਨਾ ਕਰੇ ਜਾਂ ਇਜਾਜ਼ਤ ਨਾ ਦੇਵੇ।
3. ਇਲਾਕੇਬੰਦੀ, ਮਜ਼ਹਬੀ ਤਅਸਬ ਜਾਂ ਸੂਬਾ ਭਗਤੀ ਤੋਂ ਪਰੇ ਹੋਵੇ, ਅਤੇ ਸਾਰੇ ਹਿੰਦੀਆਂ ਨੂੰ ਬਿਨਾਂ ਲਿਹਾਜ਼ ਜਾਤ ਪਾਤ, ਮਜ਼ਹਬ, ਇਲਾਕਾ, ਜਿਨਸ (ਸੈਕਸ) ਦੇ ਆਪਣਾ ਸਮਝ ਕੇ ਸਭ ਦੀ ਭਲਾਈ, ਰੱਖਿਆ ਕਰਨ ਦਾ ਇਕਰਾਰ ਕਰੇ।
4. ਕਮਿਸ਼ਨ ਦੇ ਫ਼ਰਜ਼ਾਂ ਨੂੰ ਬਾਕੀ ਤਮਾਮ ਫ਼ਰਜ਼ਾਂ ਨਾਲੋਂ ਪਹਿਲੇ ਅਤੇ ਦਿਲੋ-ਜਾਨ ਨਾਲ ਪੂਰਾ ਕਰਨ ਦਾ ਇਕਰਾਰ ਕਰੇ।
5. ਕਮਿਸ਼ਨ ਤਿੰਨ ਮੈਂਬਰਾਂ ਦਾ ਹੋਵੇਗਾ।

(ਅ) ਕਮਿਸ਼ਨ ਦੇ ਅਖ਼ਤਿਆਰ

1. ਕਮਿਸ਼ਨ ਆਪਣੇ ਅਹੁਦੇਦਾਰ.... ਪਰੈਜ਼ੀਡੈਂਟ, ਸੈਕਰੇਟਰੀ, ਖਜ਼ਾਨਚੀ.... ਆਪ ਚੁਣੇਗਾ। ਇਹੋ ਅਹੁਦੇਦਾਰ ਹੀ ਸੈਂਟਰਲ ਪੰਚਾਇਤ ਦੇ ਆਹਲਾ ਅਹੁਦੇਦਾਰ ਹੋਣਗੇ।
2. ਕਮਿਸ਼ਨ ਦੇ ਫ਼ੈਸਲੇ ਆਮ ਰਾਏ ਨਾਲ ਹੋਣਗੇ।
3. ਤਮਾਮ ਫ਼ੈਸਲਿਆਂ ਪਰ ਅਮਲ ਕਰਨ ਦਾ ਜ਼ਿੰਮੇਵਾਰ ਪਰੈਜ਼ੀਡੈਂਟ ਹੋਵੇਗਾ।
4. ਕਮਿਸ਼ਨ ਬਾਹਰੋਂ ਸਿਰਫ਼ ਮਦਦ ਹੀ ਲੈ ਸਕੇਗਾ, ਜਿਸਦੀ ਰਿਪੋਰਟ ਸੈਂਟਰਲ ਪੰਚਾਇਤ ਵਿਚ ਦੇਣੀ ਹੋਵੇਗੀ। ਆਪਣੇ ਤਮਾਮ ਖਰਚ ਦਾ ਬਜਟ ਸੈਂਟਰਲ ਪੰਚਾਇਤ ਵਿਚ ਪੇਸ਼ ਕਰੇਗਾ ਅਤੇ ਸਾਲਾਨਾ ਖ਼ਰਚ ਦੀ ਸਮੁੱਚੀ ਰਿਪੋਰਟ ਦੇਵੇਗਾ।
5. ਪੁਰਾਣਾ ਕਮਿਸ਼ਨ ਬਦਲ ਜਾਣ ਜਾਂ ਬਦਲਾਏ ਜਾਣ ਦੀ ਸੂਰਤ ਵਿਚ ਆਪਣਾ ਤਮਾਮ ਹਿਸਾਬ ਕਿਤਾਬ ਅਤੇ ਪਿਛਲੀ ਰਿਪੋਰਟ ਨਵੇਂ ਕਮਿਸ਼ਨ ਨੂੰ ਦੇਵੇਗਾ।
6. ਕਮਿਸ਼ਨ ਬਦੇਸ਼ਾਂ ਵਿਚ ਆਪਣੇ ਏਜੰਟ ਮੁਕੱਰਰ ਕਰੇਗਾ, ਜੋ ਇਕ ਵਕਤ ਦੋ ਸਾਲ ਤੋਂ ਉਪਰ ਵਾਸਤੇ ਨਹੀਂ ਹੋਣਗੇ। ਸੰਨਦ ਪਰ ਦੋ ਸਾਲ ਦੀ ਮਿਆਦ ਲਿਖੀ ਜਾਵੇਗੀ। ਜ਼ਰੂਰਤ ਅਨੁਸਾਰ ਹੋਰ ਸੰਨਦ ਹਰ ਦੋ ਸਾਲ ਬਾਅਦ ਦੇ ਸਕੇਗਾ।
7. ਨਵੇਂ ਮੈਂਬਰਾਂ ਦੀ ਦਰਖ਼ਾਸਤ ਮਨਜ਼ੂਰ ਕਰਨੀ ਕਮਿਸ਼ਨ ਦੇ ਅਖ਼ਤਿਆਰ ਵਿਚ ਹੋਵੇਗੀ।
8. ਕਮਿਸ਼ਨ ਕਿਸੇ ਐਸੇ ਆਦਮੀ ਨੂੰ ਮੈਂਬਰ ਨਹੀਂ ਬਣਾ ਸਕਦਾ, ਜਿਸ ਦੇ ਬਰਖਿਲਾਫ਼ ਪੰਚਾਇਤ ਦੇ ਮੈਂਬਰਾਂ ਦਾ ਬਹੁਸੰਮਤੀ ਹਿੱਸਾ ਹੋਵੇ।
9. ਕਿਸੇ ਐਸੇ ਮੈਂਬਰ ਜਾਂ ਮੈਂਬਰਾਂ ਨੂੰ, ਜਿਨ੍ਹਾਂ ਉੱਤੇ ਕਿ ਪੰਚਾਇਤ ਦੀ ਤਰਫ਼ੋ ਕਸਰਤ ਰਾਏ ਨਾਲ ਲਾਏ ਗਏ ਇਲਜ਼ਾਮ ਪਾਰਟੀ ਦੀ ਅਦਾਲਤ ਵਿਚ ਸਾਬਤ ਹੋ ਚੁੱਕੇ ਹੋਣ, ਕਮਿਸ਼ਨ ਮੈਂਬਰੀ ਤੋਂ ਖਾਰਜ ਕਰ ਸਕਦਾ ਹੈ।
10. ਕਿਸੇ ਖਾਰਜ ਕੀਤੇ ਹੋਏ ਮੈਂਬਰ ਨੂੰ ਦੁਬਾਰਾ ਕਮਿਸ਼ਨ ਮੈਂਬਰ ਨਹੀਂ ਲੈ ਸਕਦਾ, ਜਦ ਤਕ ਕਿ ਦੋ-ਤਿਹਾਈ (2/3) ਸੈ: ਪੰਚਾਇਤ ਦੇ ਮੈਂਬਰ ਉਸਦੇ ਹੱਕ ਵਿਚ ਰਾਏ ਨਾ ਦੇਣ।
11. ਕਮਿਸ਼ਨ ਨੂੰ ਅਖ਼ਤਿਆਰ ਹੈ ਕਿ ਸੈਂਟਰਲ ਪੰਚਾਇਤ ਦੇ ਕਿਸੇ ਕਾਨੂੰਨ ਨੂੰ ਜੋ ਕਮਿਸ਼ਨ ਦੇ ਮੁਤਅਲਕ ਹੋਵੇ, ਇਕ ਸਾਲ ਵਾਸਤੇ ਮੁਲਤਵੀ ਕਰ ਦੇਵੇ, ਜਿਸ ਦੀ ਰਿਪੋਰਟ ਤੀਹ ਦਿਨ ਅੰਦਰ ਸੈਂਟਰਲ ਪੰਚਾਇਤ ਨੂੰ ਦੇਣੀ ਜ਼ਰੂਰੀ ਹੋਵੇਗੀ। ਇਕ ਸਾਲ ਵਿਚ ਉਸੀ ਮਾਮਲੇ ਉੱਤੇ ਇਕ ਤੋਂ ਜ਼ਿਆਦਾ ਕਾਨੂੰਨ ਕਮਿਸ਼ਨ ਮੁਲਤਵੀ ਨਹੀਂ ਕਰ ਸਕੇਗਾ।
12. ਮਹਿਕਮਾਂ ਸੈਂਸਰ ਦਾ ਫ਼ਰਜ਼ ਅਦਾ ਕਰੇਗਾ।
13. ਜੁਡੀਸ਼ਲ ਬੋਰਡ ਮੁਕਰਰ ਕਰੇਗਾ।

14. ਕਮਿਸ਼ਨ ਦੇ ਮੈਂਬਰ ਉਸ ਵਕਤ ਤਕ ਕੰਮ ਕਰਨਗੇ ਜਦ ਤੱਕ ਸੈਂਟਰਲ ਪੰਚਾਇਤ ਨਾ ਉਨ੍ਹਾਂ ਨੂੰ ਬਦਲਾਏ ਜਾਂ ਕਮਿਸ਼ਨ ਸਰਬ ਸੰਮਤੀ ਨਾਲ ਕਿਸੇ ਮੈਂਬਰ ਨੂੰ ਇਜਾਜ਼ਤ ਨਾ ਦੇ ਦੇਵੇ।

ਆਰਟੀਕਲ............9

ਜੁਡੀਸ਼ੀਅਲ (ਇਨਸਾਫ਼ੀ) ਮਹਿਕਮਾ

(ੳ) ਬਨਾਵਟ ਆਦਿ :-

1. ਕਮਿਸ਼ਨ ਐਸੇ ਮੈਂਬਰ ਚੀਫ਼ ਕੋਰਟ ਦੇ ਜੱਜ ਚੁਣੇਗਾ ਜੋ ਪਾਰਟੀ ਵਿੱਚੋਂ ਜ਼ਿਆਦਾ ਤੋਂ ਜ਼ਿਆਦਾ ਲਾਇਕ, ਨੇਕ ਚੱਲਣ ਅਤੇ ਇਨਸਾਫ਼ ਪਸੰਦ ਹੋਣਗੇ।
2. ਤਿੰਨ (3) ਮੈਂਬਰਾਂ ਦਾ ਬੋਰਡ ਚੀਫ਼ ਕੋਰਟ ਦੇ ਨਾਮ ਨਾਲ ਯਾਦ ਕੀਤਾ ਜਾਵੇਗਾ।
3. ਗ਼ਦਰ ਪਾਰਟੀ ਦੇ ਮਾਹਤੇਹਿਤ ਤਮਾਮ ਅਦਾਲਤਾਂ ਪਰ ਚੀਫ਼ ਕੋਰਟ ਦਾ ਅਖ਼ਤਿਆਰ ਹੋਵੇਗਾ।
4. ਚੀਫ਼-ਕੋਰਟ ਦੇ ਫ਼ੈਸਲੇ ਦੀ ਅਪੀਲ ਕਮਿਸ਼ਨ ਪਾਸ ਹੋ ਸਕੇਗੀ।

(ਅ) ਮਹਿਕਮਾ ਇਨਸਾਫ਼ ਦੇ ਫ਼ਰਜ਼ ਤੇ ਅਖ਼ਤਿਆਰ :

1. ਮੌਕਿਆਂ, ਜ਼ਰੂਰਤ ਅਤੇ ਬਜਟ ਦੇ ਮੁਤਾਬਕ ਬੋਰਡ ਵੱਲੋਂ ਮੁਕੱਰਰ ਚੀਫ਼ ਜਸਟਿਸ ਦਾ ਅਖਤਿਆਰ ਹੋਵੇਗਾ ਕਿ ਆਪਣੇ ਮੱਦਦਗਾਰ ਖ਼ੁਦ ਮੁਕੱਰਰ ਕਰੇ।
2. ਜਗਾ-ਬੱਜਗਾ ਅਦਾਲਤ ਲਗਾਵੇ।
3. ਮੈਂਬਰਾਂ ਦੇ ਮੁਕੱਦਮੇ ਦਾ ਫ਼ੈਸਲਾ ਜਿਊਰੀ ਜਾਂ ਬਗੈਰ ਜਿਊਰੀ ਦੀ ਮਦਦ ਦੇ ਕਰੇ।

(ੲ) ਜਿਊਰੀ :-

ਜਿਊਰੀ ਪੰਜਾਂ ਆਦਮੀਆਂ ਦੀ ਹੋਵੇਗੀ। ਦੋਨਾਂ ਤਰਫ਼ਾਂ ਤੋਂ ਦੋ-ਦੋ ਮੈਂਬਰ ਤਰਫ਼ੈਨ ਦੀ ਮਨਜ਼ੂਰੀ ਨਾਲ ਚੁਣੇ ਜਾਣਗੇ। ਪਾਰਟੀ ਵੱਲੋਂ ਚੀਫ਼ ਜੱਜ ਜਾਂ ਉਸਦਾ ਪ੍ਰਤੀਨਿਧ ਜਿਊਰੀ ਦਾ ਚੇਅਰਮੈਨ ਹੋਵੇਗਾ। ਕਸਰਤ ਰਾਏ ਨਾਲ ਫ਼ੈਸਲਾ ਸਹੀ ਸਹੀ ਸਮਝਿਆ ਜਾਵੇਗਾ।

ਆਰਟੀਕਲ............10

ਐਗਜ਼ੀਕਿਊਟਿਵ (ਕਾਨੂੰਨ ਪ੍ਰਚਲਿਤ ਕਰਨ ਵਾਲਾ) ਮਹਿਕਮਾ

(ੳ) ਪਰੈਜ਼ੀਡੈਂਟ

1. ਐਗਜ਼ੀਕਿਊਟਿਵ ਮਹਿਕਮੇ ਦਾ ਆਹਲਾ ਅਫ਼ਸਰ ਪਰੈਜ਼ੀਡੈਂਟ ਹੋਵੇਗਾ।
2. ਪਰੈਜ਼ੀਡੈਂਟ ਦੀ ਜਗ੍ਹਾ ਖਾਲੀ ਹੋਵੇ ਤਾਂ ਕਮਿਸ਼ਨ ਦਾ ਸਕੱਤਰ ਝੱਟ ਜਗ੍ਹਾ ਪੂਰੀ ਕਰੇਗਾ ਜਦ ਤਾਈਂ ਕਿ ਨਵੇਂ ਪਰੈਜ਼ੀਡੈਂਟ ਨੂੰ ਨਾ ਚੁਣਿਆ ਜਾਵੇ।

(ਅ) ਪਰੈਜ਼ੀਡੈਂਟ ਦੇ ਫ਼ਰਜ਼ ਤੇ ਅਖ਼ਤਿਆਰ :-

ਮੌਕਾ, ਜ਼ਰੂਰਤ ਤੇ ਬਜਟ ਦੇ ਮੁਤਾਬਕ ਪਰੈਜ਼ੀਡੈਂਟ ਹੇਠ ਲਿਖੇ ਕੰਮ ਕਰੇਗਾ :-

1. ਸੈਂਟਰਲ ਪੰਚਾਇਤ ਦੀ ਹਰ ਮੀਟਿੰਗ ਵਿਚ ਕਮਿਸ਼ਨ ਦੇ ਖ਼ਰਚ ਦੀ ਸਮੁੱਚੀ ਤੇ

ਦੂਜੇ ਖ਼ਰਚ ਦੀ ਮੁਫ਼ਸਲ ਰਿਪੋਰਟ ਪੇਸ਼ ਕਰੇਗਾ।

2. ਸੈਂਟਰਲ ਪੰਚਾਇਤ ਦੀ ਮਨਜ਼ੂਰੀ ਤੋਂ ਪਹਿਲਾਂ ਪਰੈਜ਼ੀਡੈਂਟ ਪੰਜ ਸੌ (500) ਡਾਲਰ ਖ਼ਰਚ ਕਰ ਸਕੇਗਾ।
3. ਕੌਮੀ ਖ਼ਤਰੇ ਦੀ ਮੌਜੂਦਗੀ ਵਿਚ ਅਤੇ ਉਸ ਹਾਲਤ ਵਿਚ, ਜਦ ਸੈਂਟਰਲ ਪੰਚਾਇਤ ਨੇ ਕਿਸੇ ਖ਼ਾਸ ਬਾਤ ਬਾਬਤ ਕੋਈ ਖ਼ਾਸ ਕਾਨੂੰਨ ਪਾਸ ਨਾ ਕੀਤਾ ਹੋਵੇ ਤਾਂ ਪਰੈਜ਼ੀਡੈਂਟ ਨੂੰ ਅਖ਼ਤਿਆਰ ਹੈ ਕਿ ਜਿਦਾਂ ਮੁਨਾਸਿਬ ਸਮਝੇ, ਕਾਰਵਾਈ ਕਰੇ।
4. ਪਰੈਜ਼ੀਡੈਂਟ, ਸੈਂਟਰਲ ਪੰਚਾਇਤ ਦੇ ਪਾਸ ਸ਼ੁਦਾ ਕਾਨੂੰਨ ਪ੍ਰਚਲਿਤ ਕਰਨ ਦਾ ਜ਼ਿੰਮੇਵਾਰ ਹੋਵੇਗਾ।
5. ਪਾਰਟੀ ਦੀ ਮਸ਼ੀਨ ਚਲਦੀ ਰੱਖਣਾ ਪਰੈਜ਼ੀਡੈਂਟ ਦਾ ਸਭ ਤੋਂ ਵੱਡਾ ਫ਼ਰਜ਼ ਹੋਵੇਗਾ।

(ਏ) ਕੈਬਨਿਟ ਅਫ਼ਸਰ ਤੇ ਮਹਿਕਮੇ :-

ਪਰੈਜ਼ੀਡੈਂਟ ਹੇਠ ਲਿਖਿਆਂ ਮਹਿਕਮਿਆਂ ਦੇ ਆਹਲਾ ਅਫ਼ਸਰ ਪਾਰਟੀ ਵਿੱਚੋਂ ਲਿਆਕਤ, ਚੱਲਣ ਤੇ ਖ਼ਿਦਮਤ ਦੇ ਲਿਹਾਜ਼ ਨਾਲ ਪੰਚਾਇਤ ਦੀ ਮਨਜ਼ੂਰੀ ਨਾਲ ਮੁਕੱਰਰ ਕਰੇਗਾ, ਜਿਨ੍ਹਾਂ ਨੂੰ ਮੌਕੂਫ਼ ਕਰਨਾ ਪਰੈਜ਼ੀਡੈਂਟ ਦੇ ਅਖਤਿਆਰ ਹੋਵੇਗਾ।

ਹੇਠ ਲਿਖੇ ਮਹਿਕਮੇ ਹੋਣਗੇ :-

1. ਮਹਿਕਮਾ ਡੀਫ਼ੈਂਸ (ਹਿਫ਼ਾਜ਼ਤ)
2. ਮਹਿਕਮਾ ਤਾਲੀਮ
3. ਕਾਮਰਸ ਤੇ ਇੰਡਸਟਰੀ (ਤਜ਼ਾਰਤ ਤੇ ਚੀਜ਼ਾਂ ਬਣਾਉਣਾ)
4. ਨੈਸ਼ਨਲ ਟਰੈਜ਼ਰੀ (ਕੌਮੀ ਖਜ਼ਾਨਾ)
5. ਹੋਮ ਅਫੇਅਰਸ (ਘਰੋਗੀ ਮਾਮਲੇ)
6. ਫ਼ਾਰਨ ਅਫ਼ੇਅਰਸ (ਬਾਹਰਲੇ ਮੁਲਕਾਂ ਨਾਲ ਸੰਬੰਧ)
7. ਲੇਬਰ ਮਹਿਕਮਾ (ਕੰਮ ਦਾ ਮਹਿਕਮਾ)
8. ਕਮਿਊਨੀਕੇਸ਼ਨ
9. ਸੈਨੀਟੇਸ਼ਨ (ਸਫ਼ਾਈ ਦਾ ਮਹਿਕਮਾ)

ਖਾਸ ਖਾਸ ਮਹਿਕਮਿਆਂ ਦਾ ਹਾਲ

ਜ਼ਰੂਰਤ, ਬਜਟ, ਮੌਕਾ, ਮੁਕਾਮ ਦਾ ਲਿਹਾਜ਼ ਰੱਖਦੇ ਹੋਏ ਹਰ ਇਕ ਮਹਿਕਮੇ ਦਾ ਕੰਮ ਕੀਤਾ ਜਾਵੇਗਾ।

ਮਹਿਕਮਾ ਡੀਫੈਂਸ (ਬਚਾਓ)

1. ਜ਼ਰੂਰਤ ਅਤੇ ਬਜਟ ਦਾ ਲਿਹਾਜ਼ ਰੱਖਦੇ ਹੋਏ ਇਸ ਮਹਿਕਮੇ ਦਾ ਸੈਕਟਰੀ

ਆਪਣੇ ਮੱਦਦਗਾਰ ਆਪ ਮੁਕਰਰ ਕਰੇਗਾ।

2. ਪਾਰਟੀ ਵਿੱਚੋਂ ਚੰਗੇ ਵਾਕਫ਼ਕਾਰਾਂ ਦੀ ਇਸ ਮਹਿਕਮੇ ਦਾ ਸੈਕਰੇਟਰੀ ਇਕ ਕੌਂਸਲ ਜਾਂ ਕਮੇਟੀ ਲੋੜ ਅਨੁਸਾਰ ਬਣਾਵੇਗਾ।
3. ਇਸ ਮਹਿਕਮੇ ਦਾ ਵੱਡਾ ਅਫ਼ਸਰ ਲੋੜ ਪਈ ਤਾਂ ਪਰੈਜ਼ੀਡੈਂਟ ਦੀ ਮਨਜ਼ੂਰੀ ਨਾਲ ਪਾਰਟੀ ਦੀ ਸਾਰੀ ਤਾਕਤ ਵਰਤ ਸਕੇਗਾ।

ਮਹਿਕਮਾ ਤਾਲੀਮ

ਜ਼ਰੂਰਤ, ਬਜਟ, ਮੌਕਾ ਵਕਤ ਦਾ ਲਿਹਾਜ਼ ਰੱਖਦੇ ਹੋਏ ਸੈਕਰੇਟਰੀ ਤਾਲੀਮ ਨੂੰ ਇਖ਼ਤਿਆਰ ਹੈ ਕਿ ਉਹ :-

(**ਨੋਟ** : *ਹਰ ਇਕ ਮਹਿਕਮੇ ਦਾ ਵੱਡਾ ਅਫ਼ਸਰ ਆਪਣੇ ਆਪਣੇ ਮਹਿਕਮੇ ਨੂੰ ਜ਼ਮਾਨਾ ਹਾਲ ਦੇ ਅਨੁਸਾਰ ਵਧੀਆ ਮਸ਼ੀਨਰੀ ਤੇ ਵਧੀਆ ਸਾਮਾਨ ਨਾਲ ਮੌਜੂਦ ਟਾਇਮ ਦੇ ਮੁਤਾਬਿਕ ਤਰੱਕੀ ਉਪਰ ਲਿਆਵੇਗਾ।*

1. ਗ਼ਦਰੀ ਅਸੂਲਾਂ ਦੇ ਮੁਤਾਬਕ ਹਰ ਕਿਸਮ ਦੀ ਤਾਲੀਮ ਦਾ ਪ੍ਰਬੰਧ ਕਰੇ।
2. ਆਪਣੇ ਮਦਦਗਾਰ ਖ਼ੁਦ ਮੁਕੱਰਰ ਕਰੇ।
3. ਤਾਲੀਮ ਦੀ ਗਰਜ਼ ਨਾਲ ਹਰ ਕਿਸਮ ਦੇ ਜ਼ਰੀਏ ਵਰਤੇ ਅਤੇ ਜੋੜ ਮੇਲਿਆਂ (ਗ਼ਦਰ ਦੇ) ਚੇਅਰਮੈਨ ਮੁਕੱਰਰ ਕਰੇ।
4. ਆਪਣੇ ਮਹਿਕਮੇ ਵਾਸਤੇ ਕਾਨੂੰਨ ਬਣਾਵੇ।
5. ਤਮਾਮ ਪਰੋਪਗੈਂਡਾ ਦੇ ਔਜ਼ਾਰ ਅਖ਼ਬਾਰ, ਲੈਕਚਰ, ਕਿਤਾਬਾਂ ਆਦਿ ਦਾ ਪੂਰਾ ਪ੍ਰਬੰਧ ਕਰੇ।
6. ਪਬਲਿਕ ਜਲਸੇ ਕਰਨ ਵਾਸਤੇ ਪਾਰਟੀ ਦੇ ਨਾਮ ਮਹਿਕਮਾ ਤਾਲੀਮ ਦੀ ਮਨਜ਼ੂਰੀ ਦੇਵੇ।

ਮਹਿਕਮਾ ਨੈਸ਼ਨਲ ਟਰੈਜ਼ਰੀ

ਖਜ਼ਾਨਚੀ ਦਾ ਫ਼ਰਜ਼

1. ਪਾਰਟੀ ਤਮਾਮ ਖਜ਼ਾਨਾ ਅਤੇ ਹਿਸਾਬ-ਕਿਤਾਬ ਖਜ਼ਾਨਚੀ ਕਰੇਗਾ।
2. ਸੈਂਟਰਲ ਪੰਚਾਇਤ ਵੱਲੋਂ ਮੁਕਰਰ ਕਰਦਾ ਬੈਂਕ ਵਿੱਚੋਂ ਸਰਮਾਇਆ ਉਠਾਉਣ ਵਾਸਤੇ ਖਜ਼ਾਨਚੀ ਅਤੇ ਸਬ-ਖਜ਼ਾਨਚੀ ਦੇ ਦਸਤਖ਼ਤ ਜ਼ਰੂਰੀ ਹੋਣਗੇ।
3. ਚੰਦਾ ਇਕੱਠਾ ਕਰਨ ਵਕਤ ਪਾਰਟੀ ਦੇ ਨਾਮ 'ਤੇ ਅਲੱਗ ਅਲੱਗ ਸ਼ਹਿਰਾਂ ਦੇ ਬੈਂਕਾਂ ਵਿਚ ਸਰਮਾਇਆ ਜਮ੍ਹਾਂ ਕੀਤਾ ਜਾ ਸਕੇਗਾ। ਲੇਕਿਨ ਸਾਲ ਖ਼ਤਮ ਹੋ ਜਾਣ ਤੇ ਤਮਾਮ ਹਿਸਾਬ ਖਜ਼ਾਨਚੀ ਪਾਸ ਜਮ੍ਹਾ ਕਰਨਾ ਜ਼ਰੂਰੀ ਹੋਵੇਗਾ।
4. ਤਮਾਮ ਆਮਦਨੀ ਖ਼ਰਚ ਦੀ ਸਾਲਾਨਾ ਰਿਪੋਰਟ ਖਜ਼ਾਨਚੀ ਤਿਆਰ ਕਰੇਗਾ ਅਤੇ ਪਾਰਟੀ ਦੇ ਜਲਸੇ ਵਿਚ ਸੈਂਟਰਲ ਪੰਚਾਇਤ ਦੀ ਰਾਏ ਨਾਲ ਸੁਣਾ ਸਕੇਗਾ।
5. ਕੁੱਲ ਖ਼ਰਚ ਦੀ ਸਾਰੀ ਰਿਪੋਰਟ ਬਗ਼ੈਰ ਕਮਿਸ਼ਨ ਦੇ ਖ਼ਰਚ ਦੇ ਖਜ਼ਾਨਚੀ ਪਰੈਜ਼ੀਡੈਂਟ

ਦੀ ਇਜ਼ਾਜਤ ਨਾਲ ਸੈਂਟਰਲ ਪੰਚਾਇਤ ਵਿਚ ਪੇਸ਼ ਕਰੇਗਾ।

6. ਪਾਰਟੀ ਦੀ ਤਮਾਮ ਜਾਇਦਾਦ ਦੀ ਸੰਭਾਲ ਸ: ਪ: ਵੱਲੋਂ ਖਜ਼ਾਨਚੀ ਦੇ ਸਪੁਰਦ ਅਤੇ ਜ਼ਿੰਮੇ ਹੋਵੇਗੀ।

ਆਰਟੀਕਲ............11

ਗ਼ਦਰ ਪਾਰਟੀ ਦੇ ਮੈਂਬਰਾਂ ਦੇ ਫਰਜ਼

ਹਰ ਇਕ ਮੈਂਬਰ ਦਾ ਫ਼ਰਜ਼ ਹੈ ਕਿ ਉਹ :-

1. ਹਿੰਦੁਸਤਾਨ ਗ਼ਦਰ ਪਾਰਟੀ ਦੇ ਅਸੂਲਾਂ ਦਾ ਪ੍ਰਚਾਰ ਕਰੇ ਅਤੇ ਨਵੇਂ ਮੈਂਬਰ ਪੈਦਾ ਕਰੇ।
2. ਜਦੋਂ ਤਕ ਮੁਆਫ਼ ਨਾ ਕੀਤਾ ਜਾਏ ਜਾਂ ਗਿਆ ਹੋਵੇ, ਲਗਾਤਾਰ ਚੰਦਾ ਦੇਵੇ।
3. ਪਾਰਟੀ ਦੇ ਖਿਲਾਫ਼ ਹੋ ਰਹੀ ਕਾਰਵਾਈ ਦੀ ਰਿਪੋਰਟ ਫ਼ੌਰਨ ਦਫ਼ਤਰ ਵਿਚ ਦੇਵੇ।
4. ਦੋ ਮੈਂਬਰਾਂ ਦੇ ਦਰਮਿਆਨ ਝਗੜਾ ਹੋਣ ਦੀ ਸੂਰਤ ਵਿਚ ਪਾਰਟੀ ਦੀ ਅਦਾਲਤ ਪਾਸੋਂ ਫ਼ੈਸਲਾ ਕਰਵਾਏ ਅਤੇ ਉਸ ਪਰ ਅਮਲ ਕਰੇ। ਦੂਸਰਿਆਂ ਨੂੰ ਐਸਾ ਕਰਨ ਵਾਸਤੇ ਪਰੇਰੇ।
5. ਕਿਸੇ ਮੈਂਬਰ ਦੇ ਖਿਲਾਫ਼ ਪਾਰਟੀ ਤੋਂ ਬਾਹਰ ਕਿਸੇ ਕਿਸਮ ਦੀ ਸ਼ਿਕਾਇਤ ਨਾ ਕਰੇ।
6. ਮਜ਼ਹਬੀ ਝਗੜਿਆਂ ਤੋਂ ਅਲੱਗ ਰਹੇ।
7. ਅੰਗਰੇਜ਼ੀ ਮਾਲ ਦਾ ਬਾਈਕਾਟ ਕਰੇ।

ਗ਼ਦਰ ਪਾਰਟੀ ਦੇ ਮੈਂਬਰਾਂ ਦੇ ਹੱਕ

ਹਰ ਮੈਂਬਰ ਦਾ ਹੱਕ ਹੈ ਕਿ ਦੂਸਰੇ ਮੈਂਬਰਾਂ ਦੇ ਹੱਕਾਂ ਦਾ ਲਿਹਾਜ਼ ਰੱਖਦਾ ਹੋਇਆ :-

1. ਆਪਣੀ ਜਿਸਮਾਨੀ, ਦਿਮਾਗ਼ੀ ਅਤੇ ਇਖ਼ਲਾਕੀ ਜ਼ਿਆਦਾ ਤੋਂ ਜ਼ਿਆਦਾ ਤਰੱਕੀ ਕਰ ਸਕੇ।
2. ਆਪਣੀ ਕਾਬਲੀਅਤ ਦੇ ਮੁਤਾਬਿਕ ਜ਼ਿਆਦਾ ਤੋਂ ਜ਼ਿਆਦਾ ਪਾਰਟੀ ਦੇ ਕੰਮ ਵਿਚ ਹਿੱਸਾ ਲੈ ਸਕੇ।
3. ਪੰਚਾਇਤ ਵਿਚ ਪੇਸ਼ ਹੋ ਚੁੱਕੇ ਹਰ ਮੁਆਮਲੇ 'ਤੇ ਆਜ਼ਾਦੀ ਨਾਲ ਆਪਣੇ ਖਿਆਲ ਜ਼ਾਹਿਰ ਕਰ ਸਕੇ।
4. ਪਾਰਟੀ ਤੋਂ ਮਦਦ ਮੰਗ ਸਕੇ ਜਿੱਥੇ ਖੁਦ ਆਪਣੇ ਹੱਕਾਂ ਦੀ ਹਿਫ਼ਾਜ਼ਤ ਨਾ ਕਰ ਸਕਦਾ ਹੋਵੇ, ਅਤੇ ਜਿੱਥੇ ਪਾਰਟੀ ਮਦਦ ਕਰ ਸਕਦੀ ਹੋਵੇ।
5. ਮਜ਼ਹਬ ਦੇ ਬਾਰੇ ਜੋ ਚਾਹੇ ਆਪਣੇ ਖਿਆਲ ਰੱਖੇ।

ਆਰਟੀਕਲ............12 ਫੁੱਟਕਲ ਕਾਨੂੰਨ

1. ਪਾਰਟੀ ਨੂੰ ਦਿੱਤੀ ਗਈ ਮਦਦ ਵਾਪਸ ਨਹੀਂ ਕੀਤੀ ਜਾਵੇਗੀ।

2. ਪਾਰਟੀ ਵਾਸਤੇ ਸਾਰਾ ਵਕਤ ਦੇਣ ਵਾਲੇ ਮੈਂਬਰਾਂ ਨੂੰ ਜ਼ਿੰਦਗੀ ਦੀਆਂ ਜ਼ਰੂਰਤ ਤੋਂ ਇਲਾਵਾ ਸਿਰਫ਼ ਉਨਾ ਹੀ ਖ਼ਰਚ ਮਿਲੇਗਾ, ਜਿੰਨਾ ਕਿ ਮੌਕਿਆਂ ਅਤੇ ਜ਼ਰੂਰਤ ਦੇ ਮੁਤਾਬਿਕ ਸੈਂਟਰਲ ਪੰਚਾਇਤ ਪਾਸ ਕਰੇ।

3. ਕਿਸੇ ਮਜ਼ਹਬ ਨੂੰ ਰਾਜਸੀ ਜਾਂ ਸਮਾਜਿਕ ਇੰਤਜ਼ਾਮ ਵਿਚ ਦਖ਼ਲ ਦੇਣ ਦਾ ਹੱਕ ਨਹੀਂ ਹੋਵੇਗਾ।

4. ਪਾਰਟੀ ਦੇ ਪਾਸ ਕਰਦਾ ਹਰ ਕਾਨੂੰਨ ਪਰ ਪਰੈਜ਼ੀਡੈਂਟ ਦੇ ਦਸਤਖ਼ਤ ਹੋਣਗੇ।

5. ਪਰੈਜ਼ੀਡੈਂਟ ਦਾ ਅਖ਼ਤਿਆਰ ਹੈ ਕਿ ਕਿਸੇ ਕਾਨੂੰਨ ਨੂੰ ਵੀਟੋ (ਨਾ ਮਨਜ਼ੂਰ ਕਰਨਾ) ਕਰੇ, ਲੇਕਿਨ ਇਕ ਸਾਲ ਦੇ ਬਾਦ (ਦੋ ਤਿਹਾਈ-2/3) ਮੈਂਬਰਾਂ ਦੀ ਕਸਰਤ ਰਾਏ ਨਾਲ ਪਾਸ ਕੀਤਾ ਗਿਆ ਐਸਾ ਕਾਨੂੰਨ, ਬਗ਼ੈਰ ਦਸਤਖ਼ਤ ਪਰੈਜ਼ੀਡੈਂਟ ਵੀ ਪਾਰਟੀ ਦਾ ਕਾਨੂੰਨ ਮਨ ਲਿਆ ਜਾਵੇਗਾ।

6. ਪੁਰਾਣੀ ਸੈਂਟਰਲ ਪੰਚਾਇਤ ਨਵੀਂ ਸੈ: ਪ: ਨੂੰ ਚਾਰਜ ਦੇ ਚੁੱਕਣ ਦੇ ਬਾਦ ਤਮਾਮ ਜ਼ਿੰਮੇਵਾਰੀਆਂ ਤੋਂ ਸਰਕਾਰੀ ਤੌਰ ਪਰ ਬਰੀ ਹੋਵੇਗੀ।

7. ਸੈਂਟਰਲ ਪੰਚਾਇਤ ਦੇ ਮੈਂਬਰਾਂ ਦੀ ਜਗ੍ਹਾ ਹੇਠ ਲਿਖੇ ਕਾਰਨਾਂ ਕਰਕੇ ਖਾਲੀ ਸਮਝੀ ਜਾਏਗੀ :-

(ੳ) ਮਰ ਜਾਣ 'ਤੇ

(ਅ) ਕਿਸੇ ਐਸੀ ਜਗ੍ਹਾ ਚਲੇ ਜਾਣ 'ਤੇ ਜਿੱਥੋਂ ਲਗਾਤਾਰ ਤਿੰਨ ਮੀਟਿੰਗਾਂ ਪੂਰੇ ਹਾਜ਼ਰ ਨਾ ਹੋ ਸਕੇ।

(ੲ) ਪਾਰਟੀ ਦੇ ਫ਼ਰਜ਼ ਨਾ ਪੂਰੇ ਕਰ ਸਕਦਾ ਹੋਵੇ।

(ਸ) ਬਗ਼ੈਰ ਵਜ੍ਹਾ ਤਿੰਨ ਮੀਟਿੰਗਾਂ ਤੋਂ ਲਗਾਤਾਰ ਹਾਜ਼ਰ ਨਾ ਹੋਇਆ ਹੋਵੇ।

8. ਸਟੇਟ ਕਮੇਟੀਆਂ ਦੀ ਮੈਂਬਰੀ ਜਗ੍ਹਾ ਵੀ ਉਪਰ ਲਿਖੇ ਕਾਰਨਾਂ ਕਰਕੇ ਖਾਲੀ ਸਮਝੀ ਜਾਏਗੀ।

9. ਇਕ ਮਹਿਕਮਾ, ਦੂਜੇ ਮਹਿਕਮੇ ਦੇ ਕੰਮ ਵਿਚ ਬੇਵਜ੍ਹਾ ਦਖ਼ਲ ਨਹੀਂ ਦੇ ਸਕੇਗਾ। ਜਿੱਥੋਂ ਤਾਈਂ ਮੁਮਕਿਨ ਹੋਵੇਗਾ, ਇਕ ਮਹਿਕਮਾ ਦੂਜੇ ਮਹਿਕਮੇ ਨਾਲ ਕੋਆਪਰੇਟ (ਮਿਲਕੇ ਕੰਮ ਕਰਨਾ) ਕਰੇਗਾ।

10. ਪਾਰਟੀ ਦੇ ਹਰ ਮੈਂਬਰ ਨੂੰ ਪਾਰਟੀ ਦੇ ਅੰਦਰ ਆਪਣੇ ਖਿਆਲਾਤ ਜ਼ਾਹਰ ਕਰਨ ਦਾ ਹੱਕ ਹੋਵੇਗਾ। ਕਿਸੇ ਮੈਂਬਰ ਨੂੰ ਸੈਂਟਰਲ ਪੰਚਾਇਤ ਵਿਚ ਆਪਣੇ ਖਿਆਲ ਜ਼ਾਹਿਰ ਕਰਨ ਵਾਸਤੇ ਕਸੂਰਵਾਰ ਨਹੀਂ ਠਹਿਰਾਇਆ ਜਾਏਗਾ।

11. ਜੇ ਵੀਹ (20) ਫ਼ੀਸਦੀ ਪਾਰਟੀ ਦੇ ਮੈਂਬਰ ਕਿਸੇ ਗੱਲ ਬਾਰੇ ਦਰਖ਼ਾਸਤ ਉੱਤੇ ਦਸਤਖ਼ਤ ਕਰਕੇ ਸੈਂਟਰਲ ਪੰਚਾਇਤ ਦੇ ਸੈਕਰੇਟਰੀ ਪਾਸ ਭੇਜਣ ਤਾਂ ਇਸ ਗੱਲ ਉਪਰ ਪਾਰਟੀ ਦੇ ਮੈਂਬਰਾਂ ਦੀ ਰਾਏ ਲਈ ਜਾਏਗੀ। ਕੁਲ ਮੈਂਬਰਸ਼ਿਪ ਵਿੱਚੋਂ ਦੋ-ਤਿਹਾਈ (2/3) ਵੋਟਾਂ ਨਾਲ ਹੋ ਚੁੱਕਾ ਫ਼ੈਸਲਾ ਪਾਰਟੀ ਦਾ ਕਾਨੂੰਨ ਸਮਝਿਆ

ਜਾਏਗਾ।

12. ਸੂਬੇ ਦੀ ਪੰਚਾਇਤ (ਯਾਨੀ ਸਟੇਟ ਕਮੇਟੀ) ਦਾ ਕੋਰਮ ਪੰਜ (5) ਮੈਂਬਰਾਂ ਦਾ ਹੋਵੇਗਾ।

13. ਇਕਰਾਰਨਾਮਾ

ਮੈਂਬਰ ਵਾਸਤੇ ਜ਼ਰੂਰੀ ਹੋਵੇਗਾ ਕਿ ਹੇਠ ਲਿਖੀ ਦਰਖ਼ਾਸਤ ਉੱਤੇ ਦੋ ਐਕਟਿਵ ਮੈਂਬਰਾਂ ਦੇ ਵੀ ਨਾਲ ਦਸਤਖ਼ਤ ਕਰਵਾ ਕੇ, ਕਮਿਸ਼ਨ ਦੇ ਪਰੈਜ਼ੀਡੈਂਟ ਪਾਸ ਭੇਜ ਦੇਵੇ। ਕਮਿਸ਼ਨ ਵੱਲੋਂ ਮਨਜ਼ੂਰ ਕੀਤੇ ਗਏ ਪਾਰਟੀ ਦੇ ਮੈਂਬਰ ਸਮਝੇ ਜਾਣਗੇ।

14. ਮੈਂਬਰੀ ਦੀ ਦਰਖਾਸਤ :

ਮੈਂ ਆਪਣੀ ਜ਼ਿੰਦਗੀ ਵਿਚ ਸਭ ਤੋਂ ਪਿਆਰੀ ਚੀਜ਼ ਦੀ ਕਸਮ ਖਾ ਕੇ ਆਪਣੀ ਖੁਸ਼ੀ ਨਾਲ ਇਕਰਾਰ ਕਰਦਾ ਹਾਂ ਕਿ ਮੈਂ ਅੱਜ ਤੋਂ ਲੈ ਕੇ ਹਿੰਦੁਸਤਾਨ ਗ਼ਦਰ ਪਾਰਟੀ ਦੇ ਆਦਰਸ਼ਾਂ, ਅਸੂਲਾਂ ਅਤੇ ਤਮਾਮ ਪਾਸ ਸ਼ੁਦਾ ਕਾਨੂੰਨ 'ਤੇ ਦਿਲ ਔਰ ਜਾਨ ਨਾਲ ਅਮਲ ਕਰਾਂਗਾ। ਮੈਂ ਇਹ ਵੀ ਇਕਰਾਰ ਕਰਦਾ ਹਾਂ ਕਿ ਪਾਰਟੀ ਦੇ ਅਸੂਲਾਂ ਨੂੰ ਬਾਕੀ ਤਮਾਮ ਅਸੂਲਾਂ ਨਾਲੋਂ ਆਹਲਾ ਸਮਝਾਂਗਾ। ਮੈਂ ਗ਼ਦਰ ਪਾਰਟੀ ਪਾਸ ਪ੍ਰਾਰਥਨਾ ਕਰਦਾ ਹਾਂ ਕਿ ਮੈਨੂੰ ਪਾਰਟੀ ਦਾ ਮੈਂਬਰ ਬਣਾ ਲਿਆ ਜਾਵੇ। ਮੈਂ ਇਹ ਵੀ ਇਕਰਾਰ ਕਰਦਾ ਹਾਂ ਕਿ ਪਾਰਟੀ ਦੇ ਬਰਖ਼ਿਲਾਫ਼ ਮੇਰਾ ਕਸੂਰ ਸਾਬਤ ਹੋ ਜਾਣ 'ਤੇ ਪਾਰਟੀ ਵੱਲੋਂ ਦਿੱਤੀ ਗਈ ਸਜ਼ਾ ਬੜੀ ਖੁਸ਼ੀ ਨਾਲ ਕਬੂਲ ਕਰਾਂਗਾ।

ਦਸਤਖ਼ਤ ਉਮੀਦਵਾਰ..

ਪਿੰਡ..

ਜ਼ਿਲ੍ਹਾ...

ਦੋ (ਐਕਟਿਵ) ਮੈਂਬਰ ਗਵਾਹ

1. ਨਾਮ..

ਪਿੰਡ..

ਜ਼ਿਲ੍ਹਾ..

2. ਨਾਮ..

ਪਿੰਡ..

ਜ਼ਿਲ੍ਹਾ..

ਮੈਂਬਰੀ ਤੋਂ ਖਾਰਜ

ਹਰ ਇਕ ਮੈਂਬਰ ਜੋ ਕਿ ਪਾਰਟੀ ਦੀ ਜੱਥੇਬੰਦੀ ਵਾਸਤੇ ਨੁਕਸਾਨਦੇਹ ਸਾਬਤ ਹੋਵੇ, ਹਮੇਸ਼ਾ ਵਾਸਤੇ ਜਾਂ ਥੋੜ੍ਹੀ ਦੇਰ ਵਾਸਤੇ ਕਮਿਸ਼ਨ ਦੀ ਅਦਾਲਤ ਦੇ ਰਾਹੀਂ ਮੈਂਬਰੀ ਤੋਂ ਖਾਰਜ ਕੀਤਾ ਜਾ ਸਕੇਗਾ।

ਸਾਡਾ ਨਾਮ ਤੇ ਸਾਡਾ ਕੰਮ

"ਅੱਜ ਪਹਿਲੀ ਨਵੰਬਰ, 1913 ਨੂੰ ਭਾਰਤ ਦੀ ਤਵਾਰੀਖ ਵਿਚ ਇੱਕ ਨਵਾਂ ਸਮੰਤ ਚਲਦਾ ਹੈ ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ ਵਿਚੋਂ ਦੇਸੀ ਜ਼ਬਾਨ ਵਿਚ ਜੰਗ ਛਿੜਦਾ ਹੈ। ਅੱਜ ਦਾ ਦਿਨ ਸ਼ੁਭ ਹੈ ਅਗਰੇਜ਼ ਰਾਜ ਦੀ ਜੜ੍ਹ ਉਖਾੜਣ ਵਾਲਾ ਅਖਰ 'ਗ਼ਦਰ' ਉਰਦੂ ਤੇ ਗੁਰਮੁੱਖੀ ਅਖ਼ਬਾਰ ਤੋਂ ਜ਼ਾਹਰ ਹੁੰਦਾ ਹੈ। ਘਰ ਤੋਂ ਦਸ ਹਜ਼ਾਰ ਮੀਲ ਦੂਰ ਪਰਦੇਸ ਵਿਚ ਇਸ ਅਖਬਾਰ ਦਾ ਛੱਪਣਾ ਇਕ ਅਜਿਹਾ ਕੰਮ ਹੈ, ਜਿਸ ਉੱਤੇ ਨਿਗਾਹ ਮਾਰਨ ਤੇ ਖ਼ੁਸ਼ੀ ਭਰੀ ਨਹੀਂ ਸਮੋਂਦੀ।

ਅੱਜ ਭਾਰਤ ਦੀ ਕਿਸਮਤ ਹੱਸ ਰਹੀ ਹੈ। ਨਵੀਆਂ ਉਮੀਦਾਂ ਤੇ ਨਵੇਂ ਕੰਮਾਂ ਦਾ ਵੇਲਾ ਆ ਗਿਆ ਹੈ। ਅੱਜ ਚੋਬਰਾਂ ਦੇ ਕੁਮਲਾਏ ਹੋਏ ਦਿਲਾਂ ਉੱਤੇ ਜੋਸ਼ ਤੇ ਹਿੰਮਤ ਦਾ ਛਿਟਾ ਦੇ ਕੇ ਉਨ੍ਹਾਂ ਵਿਚ ਨਵੀਂ ਜਾਨ ਪਾਈ ਗਈ ਹੈ। ਅੱਜ ਕਲਮ ਦੀ ਤਾਕਤ ਨਾਲ ਅੰਗਰੇਜ਼ੀ ਰਾਜ ਪਰ ਤੋਪ ਬੀੜ ਦਿੱਤੀ ਹੈ, ਜਿਸ ਦਾ ਨਾਸ ਕਰੇ ਬਿਨਾਂ ਬੰਦ ਨਹੀਂ ਹੋਵੇਗੀ। ਅਜ ਹਿੰਦੀ ਭਾਈਆਂ ਦੀ ਗੁਲਾਮੀ ਨੂੰ ਦੂਰ ਕਰਨ ਲਈ ਇਕ ਨਵਾਂ ਸੰਦ ਘੜਿਆ ਗਿਆ ਹੈ, ਜਿਸ ਕਰਕੇ ਅੰਗਰੇਜ਼ ਸਰਕਾਰ ਦਾ ਲਹੂ ਸੁੱਕ ਗਿਆ ਹੈ। ਅੱਜ ਉਹ ਕੰਮ ਚਲਿਆ ਹੈ ਜਿਸ ਦੀ ਮਹਿਮਾ ਸਾਰੀ ਦੁਨੀਆਂ ਵਿਚ ਹੋ ਜਾਵੇਗੀ। ਜਿਸ ਦੀਆਂ ਗੱਲਾਂ ਸਾਡੇ ਪੁੱਤ ਤੇ ਪੋਤਰੇ ਖ਼ੁਸ਼ੀ ਨਾਲ ਕਰਿਆ ਕਰਨਗੇ।

ਸਾਡਾ ਨਾਉ ਕੀ ਹੈ? ਗ਼ਦਰ! ਕੰਮ ਕੀ ਹੈ? ਗ਼ਦਰ! ਸਾਡਾ ਨਾਉਂ ਤੇ ਕੰਮ ਇਕ ਹੀ ਹੈ। ਕੋਈ ਪੁਛਗਿਛ ਦੀ ਲੋੜ ਨਹੀਂ। ਸਵਾਲ ਤੋਂ ਜਵਾਬ ਪਹਿਲਾਂ ਹਾਜ਼ਰ ਹੈ। ਗ਼ਦਰ ਦੀ ਕੀ ਲੋੜ? ਇਹ ਗ਼ਦਰ ਕਿਉਂ ਹੋਵੇਗਾ? ਕਿਸ ਤਰ੍ਹਾਂ ਹੋਵੇਗਾ? ਕਦ ਹੋਵੇਗਾ? ਲਓ ਜੀ ਸਾਰਾ ਭੇਤ ਦੱਸ ਦੇਂਦੇ ਹਾਂ। ਹਿੰਮਤ ਹੈ ਤਾਂ ਸੁਣ ਲਵੋ, ਨਹੀਂ ਘਰ ਨੂੰ ਭੱਜ ਜਾਓ।

ਕਿਥੇ ਗ਼ਦਰ ਹੋਵੇਗਾ? ਭਾਰਤ ਵਿਚ। ਕਦ ਹੋਵੇਗਾ? ਥੋੜ੍ਹੇ ਬਰਸਾਂ ਵਿਚ। ਕਿਉਂ ਹੋਵੇਗਾ? ਕਿਉਂਕਿ ਹੁਣ ਅੰਗਰੇਜ਼ਾਂ ਦੇ ਜ਼ੁਲਮ ਤੋਂ ਖਲਕਤ ਦੁਖੀ ਹੋ ਗਈ ਹੈ, ਆਜ਼ਾਦੀ ਦੀ ਖ਼ਾਤਰ ਲੜਨ ਮਰਨ ਨੂੰ ਤਿਆਰ ਹੈ। ਇਸ ਗ਼ਦਰ ਦੀ ਖ਼ਾਤਰ ਹਰ ਇਕ ਹਿੰਦੁਸਤਾਨੀ ਦਾ ਤਿਆਰ ਹੋ ਜਾਣਾ ਧਰਮ ਹੈ।

ਡੇਢ ਸੌ ਬਰਸਾਂ ਤੋਂ ਅੰਗਰੇਜ਼ਾਂ ਨੇ ਰਾਜ ਜਮਾਣਾ ਆਰੰਭਿਆ ਹੋਇਆ ਹੈ। ਹੌਲੇ-

ਜੰਗ ਵਿਚ ਹਮਲਾ ਕਰਨਾ ਹੈ। ਸਰੀਰ ਭਾਵੇਂ ਦੇਸ਼ ਤੋਂ ਦੂਰ ਹੈ, ਪਰ ਦਿਲ ਵਤਨ ਵਿਚ ਹੈ। ਭਵਾਂ ਹੋਏ ਕੋਸ ਕਰੋੜ ਦੂਰ ਤੈਥੋਂ, ਦਿਲ ਤੇਰੇ ਹੀ ਵਿਚ ਹੈ ਮਾਤਾ। ਉਥੇ ਜਾਨਣਾ ਦਾਸ ਗਰੀਬ ਤਾਈਂ, ਦਿਲ ਜਿਸ ਦੇ ਹੀ ਵਿਚ ਹੈ ਮਾਤਾ। ਹੁਣ ਲੜਾਈ ਤੋਰੀ ਰੱਖਣ ਖ਼ਾਤਰ ਅਖ਼ਬਾਰ ਚਲਾਉਣਾ ਜ਼ਰੂਰੀ ਹੈ। ਏਥੇ ਕਿਤਾਬਾਂ ਛਾਪੀਆਂ ਜਾਣ ਤੇ ਦੇਸ਼ ਭੇਜੀਆਂ ਜਾਣ ਅਤੇ ਜੰਗੀ ਕੰਮ ਸਿੱਖੇ ਜਾਣ। ਦੂਜੀਆਂ ਕੌਮਾਂ ਦੀ ਮਦਦ ਮੰਗੀ ਜਾਵੇ। ਏਸ ਕੰਮ ਦੀ ਖ਼ਾਤਰ ਇਕ ਸਭਾ ਬਣਾਈ ਗਈ ਹੈ, ਜਿਸ ਦਾ ਨਾਮ ਪੈਸੀਫਿਕ ਕੌਂਸਲ ਹਿੰਦੁਸਤਾਨੀ ਐਸੋਸੀਏਸ਼ਨ ਰੱਖਿਆ ਗਿਆ ਹੈ। ਪੋਟਰਲੈਂਡ, ਆਸਟਰੀਆ, ਸੇਂਟ ਜਾਹਨ, ਬਾਈਡਲਵੇਲ ਸੰਕਰਾਮੰਟੋ ਆਦਿਕ ਇਸ ਦੇ ਜਥੇ ਹਨ। ਦੇਸ਼ਭਗਤਾਂ ਨੇ ਮਾਇਆ ਦਿੱਤੀ ਹੈ। ਸਾਨਫਰਾਂਸਿਸਕੋ ਵਿਚ 'ਯੁਗਾਂਤਰ-ਆਸ਼ਰਮ' ਬਣਾਇਆ ਗਿਆ ਹੈ। ਇਸ ਆਸ਼ਰਮ ਵਿਚ ਅਖ਼ਬਾਰ ਛੱਪਦਾ ਹੈ। ਕਿਤਾਬਾਂ ਵੀ ਛਪਣਗੀਆਂ। ਜਵਾਨ ਪਰਚਾਰਕ ਤਿਆਰ ਕੀਤੇ ਜਾਂਦੇ ਹਨ, ਗ਼ਦਰ ਦੀ ਤਿਆਰੀ ਦਾ ਕੰਮ ਆਰੰਭ ਦਿੱਤਾ ਹੈ। ਇਹੋ ਜਿਹੇ ਆਸ਼ਰਮ ਫਰਾਂਸ ਤੇ ਜਰਮਨੀ ਵਿਚ ਵੀ ਬਣਾਏ ਜਾਣਗੇ। ਫਿਰ ਕਿਸੇ ਤਰ੍ਹਾਂ ਦਾ ਡਰ ਨਹੀਂ।

ਇਹ ਆਸ਼ਰਮ ਨਹੀਂ ਹੈ ਕਿਲ੍ਹਾ ਹੈ, ਜਿਸ ਤੋਂ ਅੰਗਰੇਜ਼ੀ ਰਾਜ ਪਰ ਗੋਲਾਬਾਰੀ ਕੀਤੀ ਗਈ ਹੈ। ਇਹ ਅਖ਼ਬਾਰ ਨਹੀਂ ਤੋਪ ਹੈ, ਜਿਸ ਤੋਂ ਕੋਈ ਜ਼ਾਲਮ ਬਚ ਕੇ ਨਹੀਂ ਜਾਵੇਗਾ। ਇਹ ਅਖ਼ਬਾਰ ਸਿਆਹੀ ਨਾਲ ਛਪਦਾ ਹੈ, ਪਰ ਜਿਗਰ ਦੇ ਖ਼ੂਨ ਨਾਲ ਲਿਖਿਆ ਜਾਂਦਾ ਹੈ। ਏਸ ਵਿਚ ਮਾਮੂਲੀ ਲਿਖਤ ਨਹੀਂ। ਇਹ ਸੰਤਾਂ ਤੇ ਸੂਰਬੀਰਾਂ ਦੀ ਬਾਣੀ ਹੈ, ਜਿਹੜੀ ਭਾਈਆਂ ਨੂੰ ਜਗਾਊਗੀ। ਇਹ ਪ੍ਰੇਮੀ ਸੁਨੇਹਾ ਹਜ਼ਾਰਾਂ ਮੀਲ ਸਮੁੰਦਰ ਪਾਰ ਜਾ ਕੇ ਦਿਲਾਂ ਉੱਤੇ ਅਸਰ ਕਰੇਗਾ। ਇਸ ਦੇ ਸ਼ਬਦ ਚਿੜੀਆਂ ਨੂੰ ਬਾਜ਼ ਬਣਾਉਣਗੇ ਅਤੇ ਲੋਭ, ਮੋਹ, ਹੰਕਾਰ, ਮੂਰਖਤਾ ਅਤੇ ਡਰ ਨੂੰ ਦੂਰ ਕਰਕੇ ਦੇਸ਼ ਨੂੰ ਗ਼ਦਰ ਦੀ ਖਾਤਰ ਤਿਆਰ ਕਰੂਗਾ, ਜਿਹੜਾ ਮਹਾਂ ਜੰਗ ਹੋਵੇਗਾ।

ਇਸ ਅਖ਼ਬਾਰ ਦਾ ਕੰਮ ਪ੍ਰੇਮ ਨਾਲ ਹੁੰਦਾ ਹੈ। ਲਿਖਣਾ, ਛਾਪਣਾ, ਭੇਜਣਾ, ਸਭ ਕੰਮ ਪ੍ਰੇਮੀ ਲੋਕ ਕਰਦੇ ਹਨ। ਕਿਸੇ ਨੂੰ ਮੁਜੂਰੀ ਨਹੀਂ ਦਿੱਤੀ ਜਾਂਦੀ। ਏਸ ਤਰ੍ਹਾਂ ਸੰਜਮ ਦੇ ਨਾਲ ਕੰਮ ਚੱਲ ਸਕਦਾ ਹੈ। ਆਪਣਾ ਛਾਪਾ ਖਰੀਦ ਲਿਆ ਹੈ। ਹਿੰਦੁਸਤਾਨ ਵਿਚ ਕਈ ਲੱਖਾਂ ਉਰਦੂ ਤੇ ਗੁਰਮੁੱਖੀ ਪੜ੍ਹਨ ਵਾਲੇ ਹਨ। ਥੋੜ੍ਹੇ ਅਖ਼ਬਾਰਾਂ ਨਾਲ ਕੁਝ ਨਹੀਂ ਬਣ ਸਕਦਾ। ਸਾਨੂੰ ਲੱਖਾਂ ਅਖ਼ਬਾਰ ਦੇਸ਼ ਭੇਜਣੇ ਚਾਹੀਦੇ ਹਨ। ਜੇ ਥੋੜਾ ਚਿਰ ਅਖ਼ਬਾਰ ਚੱਲ ਕੇ ਬੰਦ ਹੋ ਗਿਆ ਤਾਂ ਅੰਗਰੇਜ਼ ਖੁਸ਼ੀ ਮਨਾਉਣਗੇ। ਸਾਨੂੰ ਅਖ਼ਬਾਰ ਦੀ ਹਰ ਮਦਦ ਕਰਨੀ ਚਾਹੀਦੀ ਹੈ।

ਆਓ! ਪਿਆਰਿਓ, ਵੇਲਾ ਬੀਤਦਾ ਜਾਂਦਾ ਹੈ। ਦੇਸ਼ ਵਿਚ ਜ਼ੁਲਮ ਦੀ ਹਦ ਹੋ ਗਈ ਹੈ। ਸਾਰੀ ਦੁਨੀਆਂ ਤੁਹਾਡਾ ਮੂੰਹ ਵੇਖ ਰਹੀ ਹੈ ਕਿ ਕਦ ਇਹ ਸ਼ੇਰ ਉਠਣ ਤੇ ਕਦ ਅੰਗਰੇਜ਼ਾਂ ਦਾ ਸਤਿਆਨਾਸ ਕਰਨ। ਤਨ, ਮਨ, ਧਨ ਸੇ ਵਤਨ ਦੀ ਸੇਵਾ ਕਰੋ।

ਸਾਰਿਆਂ ਨੂੰ ਗ਼ਦਰ ਦੀ ਖ਼ਾਤਰ ਤਿਆਰ ਕਰ ਲਵੋ। ਕਿਸੇ ਦਿਨ ਕਲਮ ਦੀ ਥਾਂ ਬੰਦੂਕ ਤੇ ਸਿਆਹੀ ਦੀ ਥਾਂ ਲਹੂ ਨਾਲ ਕੰਮ ਹੋਵੇਗਾ। ਇਸ ਗ਼ਦਰ ਦੀ ਖ਼ਾਤਰ ਪ੍ਰਾਰਥਨਾ ਕਰੋ। ਗੱਲ ਕਰੋ ਤਾਂ ਗ਼ਦਰ ਦੀ, ਸੁਫਨਾ ਦੇਖੋ ਤਾਂ ਗ਼ਦਰ ਦਾ। ਧਨ ਕਮਾਓ ਤਾਂ ਗ਼ਦਰ ਦੀ ਖ਼ਾਤਰ। ਅੰਨ ਖਾਓ ਤਾਂ ਗ਼ਦਰ ਦੀ ਖ਼ਾਤਰ, ਬਸ ਗ਼ਦਰ ਦੇ ਸਿਪਾਹੀ ਬਣ ਜਾਓ।

ਅਖ਼ਬਾਰ ਹਿੰਦੋਸਤਾਨ ਗ਼ਦਰ, ਸਾਨਫਰਾਂਸਿਸਕੋ

1 ਨਵੰਬਰ, 1913

ਨੋਟ: ਸ਼ਹੀਦ ਕਰਤਾਰ ਸਿੰਘ ਦੇ ਯੁੱਧ ਸਾਥੀ, ਗ਼ਦਰੀ ਆਗੂਆਂ ਦੀ ਰਾਏ ਅਨੁਸਾਰ ਕਿ 1 ਨਵੰਬਰ 1913 ਦੇ ਗ਼ਦਰ ਅਖ਼ਬਾਰ ਦੇ ਪਹਿਲੇ ਅੰਕ ਵਿਚੋਂ ਉਪਰੋਕਤ ਲੇਖ 'ਸਾਡਾ ਨਾਮ ਤੇ ਸਾਡਾ ਕੰਮ' ਕਰਤਾਰ ਸਿੰਘ ਸਰਾਭਾ ਵਲੋਂ ਲਿਖਿਆ ਹੋਇਆ ਹੈ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ 'ਸਾਡਾ ਨਾਮ ਤੇ ਸਾਡਾ ਕੰਮ' ਵਾਲਾ ਲੇਖ ਲਾਲਾ ਹਰਦਿਆਲ, ਜਨਰਲ ਸਕੱਤਰ, ਗ਼ਦਰ ਪਾਰਟੀ ਨੇ ਲਿਖਿਆ। ਉਸ ਦਾ ਪੰਜਾਬੀ ਉਲੱਥਾ ਕਰਤਾਰ ਸਿੰਘ ਸਰਾਭਾ ਨੇ ਕੀਤਾ ਹੈ।

ਦਾ ਐਲਾਨਨਾਮਾ ਹੈ, ਕਿਉਂਕਿ ਗ਼ਦਰ ਅਖ਼ਬਾਰ ਦੇ ਪ੍ਰਚਾਰ ਨੇ ਦੁਨੀਆਂ ਦੇ ਹਰ ਹਿੱਸੇ ਵਿਚ ਵਸਦੇ ਹਿੰਦੀਆਂ ਦੀ ਸੋਚ ਨੂੰ ਏਨਾ ਬਦਲ ਕੇ ਰੱਖ ਦਿੱਤਾ ਸੀ ਕਿ ਉਹ ਤਨੋਂ, ਮਨੋਂ, ਧਨੋਂ ਅਜ਼ਾਦੀ ਲਈ ਆਪਣੇ ਆਪ ਨੂੰ ਪੇਸ਼ ਕਰਨ ਲਈ ਤਤਪਰ ਹੋ ਗਏ ਸਨ। ਸਰ ਮਾਈਕਲ ਨੇ 'ਗ਼ਦਰ' ਅਖ਼ਬਾਰ ਬਾਰੇ ਆਪਣੀ ਕਿਤਾਬ 'India As I Knew It'ਵਿਚ ਲਿਖਿਆ: ਗ਼ਦਰ ਅਖ਼ਬਾਰ ਪੰਜਾਬ ਦੇ ਲੋਕਾਂ ਵਿਚਕਾਰ ਅਤੇ ਵਿਦੇਸ਼ਾਂ ਵਿਚ ਭਾਰਤੀਆਂ ਵਿਚਕਾਰ ਬਗ਼ਾਵਤ ਦੇ ਧਰਮ-ਸਿਧਾਂਤ ਨੂੰ ਫੈਲਾਉਣ ਲਈ ਵਰਤਿਆ ਜਾਂਦਾ ਸੀ।

ਗ਼ਦਰ ਅਖ਼ਬਾਰ ਦੀ ਮੰਗ ਏਨੀ ਵਧ ਗਈ ਸੀ ਕਿ ਸਾਈਕਲੋ ਸਟਾਈਲ ਮਸ਼ੀਨ ਉਸ ਨੂੰ ਪੂਰਾ ਨਹੀਂ ਸੀ ਕਰ ਸਕਦੀ। ਇਸੇ ਕਰਕੇ ਇਕ ਹੋਰ ਮਕਾਨ ਕਿਰਾਏ ਤੇ ਲੈ ਕੇ ਉਸ ਵਿਚ ਬਿਜਲੀ ਦੀ ਲਿਥੋ ਮਸ਼ੀਨ ਲਾਈ ਗਈ ਸੀ। ਅਖ਼ਬਾਰ ਦੀ ਅਹਿਮੀਅਤ ਨੂੰ ਦੇਖਦਿਆਂ ਹੀ ਝੰਡੇ ਵੱਲ ਬਹੁਤੀ ਤਵੱਜੋਂ ਨਾ ਹੋ ਸਕੀ, ਪਰ ਪਿਛੋਂ ਛੇਤੀ ਹੀ ਇਸ ਦੀ ਅਹਿਮੀਅਤ ਗ਼ਦਰ ਗੂੰਜਾਂ ਵਿਚ ਪ੍ਰਗਟ ਹੋਣੀ ਸ਼ੁਰੂ ਹੋ ਗਈ ਸੀ ਜਿਵੇਂ :

ਕੁੱਟ ਕੇ ਫਰੰਗੀ ਇੰਗਲੈਂਡ ਵਾੜਨਾ,
ਤਿੰਨ ਰੰਗਾ ਝੰਡਾ ਇੰਡੀਆ ਦਾ ਚਾੜ੍ਹਨਾ।

***

ਝੂਲਦਾ ਨਹੀਂ ਝੰਡਾ ਜੋ ਆਜ਼ਾਦ ਹਿੰਦ ਦਾ,
ਫੜੋ ਤਲਵਾਰ ਨਹੀਂ ਕੰਮ ਬਣਦਾ।
ਅਮਲੀ ਦੇ ਵਾਂਗ ਕਾਨੂੰ ਅੱਖਾਂ ਮੀਚੀਆਂ,
ਜ਼ਾਲਮ ਫਰੰਗੀ ਸਾਡੀ ਰਤ ਪੀਤੀਆਂ।
ਕਰ ਲਓ ਤਿਆਰੀ ਝੰਡੇ ਦੇ ਝਲੌਣ ਦੀ,
ਭਾਲ ਲਵੋ ਬੂਟੀ ਜ਼ਾਲਮ ਮਕਾਉਣ ਦੀ।

ਦੇਸ਼ ਪੁੱਜ ਕੇ ਇਸ ਵਿਚ ਹੋਰ ਵਾਧਾ ਕਰਨਾ ਲੋੜੀਂਦਾ ਸਮਝਿਆ ਗਿਆ। 21 ਫਰਵਰੀ ਨੂੰ ਅਜ਼ਾਦੀ ਦੇ ਸੰਗਰਾਮ ਲਈ ਦਿਨ ਮੁਕੱਰਰ ਕਰਨ ਦੇ ਫੈਸਲੇ ਨਾਲ ਝੰਡੇ ਬਾਰੇ ਵੀ ਫ਼ੈਸਲਾ ਕੀਤਾ ਗਿਆ ਕਿ ਇਹ ਲਾਲ, ਪੀਲੇ ਤੇ ਹਰੇ ਰੰਗ ਦਾ ਹੋਵੇਗਾ। ਇਹ ਤਿੰਨ ਰੰਗ ਉਸ ਵੇਲੇ ਦੇਸ਼ ਵਿਚ ਅੱਡ-ਅੱਡ ਮਜ਼ਹਬਾਂ ਦੇ ਨਾਂ ਹੇਠ ਚੱਲ ਰਹੀਆਂ ਕੌਮੀ ਲਹਿਰਾਂ ਦੀ ਏਕਤਾ ਨੂੰ ਪ੍ਰਗਟ ਕਰਦੇ ਸਨ। ਜਿਵੇਂ ਲਾਲ ਹਿੰਦੂਆਂ ਦਾ, ਪੀਲਾ ਸਿੱਖਾਂ ਦਾ ਤੇ ਹਰਾ ਮੁਸਲਮਾਨਾਂ ਦਾ। ਝੰਡੇ ਦੀ ਸਭ ਤੋਂ ਪਹਿਲੀ ਕਾਢ ਮਸ਼ਹੂਰ ਇਨਕਲਾਬੀ ਵੀਰਾਂਗਣਾ ਸ਼੍ਰੀਮਤੀ ਭੀਖ਼ਮ ਜੀ ਕਾਮਾ ਨੇ ਪਰਵਾਸੀ ਜੀਵਨ ਦੌਰਾਨ ਕੱਢੀ। ਪਰ ਹਿੰਦੋਸਤਾਨ ਦੀ ਧਰਤੀ ਉੱਤੇ ਇਸ ਨੂੰ ਸਭ ਤੋਂ ਪਹਿਲਾਂ ਝੁਲਾਉਣ ਤੇ ਇਸਦੇ ਹੇਠ ਪੂਰਨ ਅਜ਼ਾਦੀ ਦੀ ਲੜਾਈ ਲੜਨ ਦਾ ਮਾਣ ਗ਼ਦਰ ਪਾਰਟੀ ਨੂੰ ਹੀ ਜਾਂਦਾ ਹੈ। ਪਾਰਟੀ ਨੇ ਲੋਕਾਂ ਤੇ ਫੌਜਾਂ ਵਿਚ ਵਰਕਰਾਂ ਦੇ ਹੱਥੀਂ ਇਹ ਝੰਡੇ ਵੀ ਭੇਜੇ ਸਨ। ਗ਼ਦਰੀ ਇਨਕਲਾਬੀਆਂ ਨੂੰ ਝੰਡੇ ਦੀ ਮਹੱਤਤਾ ਦਾ ਉਦੋਂ ਹੋਰ ਵੀ ਪਤਾ ਲੱਗਾ, ਜਦੋਂ ਗ਼ਦਰ ਕਰਨ ਦੀਆਂ ਤਿਆਰੀਆਂ ਪੂਰੀਆਂ ਕਰਕੇ 21 ਫ਼ਰਵਰੀ ਦਾ ਦਿਨ ਮੁਕੱਰਰ ਕੀਤਾ ਗਿਆ ਅਤੇ ਛਾਉਣੀਆਂ ਉੱਪਰ

ਕਬਜ਼ਾ ਕਰ ਕੇ ਪੰਜਾਬ ਦੇ ਗਵਰਨਰ ਸਰ ਮਾਈਕਲ ਉਡਵਾਇਰ ਦੇ ਦਫ਼ਤਰ ਉੱਪਰ ਝੰਡਾ ਝੁਲਾਉਣ ਦੀ ਯੋਜਨਾ ਬਣਾਈ ਗਈ ਸੀ। ਗ਼ਦਰ ਕਰਨ ਦੀ ਯੋਜਨਾ ਨੂੰ ਅੰਤਮ ਰੂਪ ਦੇਣ ਸਮੇਂ ਰਾਸ ਬਿਹਾਰੀ ਬੋਸ ਨੇ ਪਾਰਟੀ ਝੰਡੇ ਬਾਰੇ ਧਿਆਨ ਦੁਆਉਂਦਿਆਂ ਝੰਡਿਆਂ ਦੀ ਫੌਰੀ ਲੋੜ ਵੱਲ ਧਿਆਨ ਦੁਆਇਆ। ਝੰਡਿਆਂ ਦੀ ਜ਼ੁੰਮੇਵਾਰੀ ਕਰਤਾਰ ਸਿੰਘ ਸਰਾਭਾ ਨੇ ਨਿਭਾਉਂਦਿਆਂ ਸਾਈਕਲ ਤੇ ਬਾਜ਼ਾਰ ਵਿੱਚੋਂ ਵੱਖ-ਵੱਖ ਰੰਗਾਂ ਦਾ ਕਪੜਾ ਖਰੀਦ ਕੇ ਝੰਡੇ ਤਿਆਰ ਕੀਤੇ। ਗ਼ਦਾਰ ਕਿਰਪਾਲ ਸਿੰਘ ਤੇ ਵਾਅਦਾ ਮਾਫ਼ ਅਮਰ ਸਿੰਘ ਦੀਆਂ ਗਵਾਹੀਆਂ ਦੱਸਦੀਆਂ ਹਨ ਕਿ ਝੰਡਿਆਂ ਦਾ ਕਪੜਾ ਕਰਤਾਰ ਸਿੰਘ ਸਰਾਭਾ ਲਿਆਉਂਦਾ ਹੋਇਆ ਉਨ੍ਹਾਂ ਨੂੰ ਮੋਚੀ ਗੇਟ ਤੇ ਮਿਲਿਆ ਸੀ। ਗਵਾਹੀ ਵਿਚ ਕਿਹਾ ਗਿਆ ਕਿ ਝੰਡੇ ਪ੍ਰਚਾਰਕਾਂ ਨੂੰ ਵੰਡ ਦਿੱਤੇ ਗਏ, ਜਿਹੜੇ ਇਨ੍ਹਾਂ ਨੂੰ ਚੜ੍ਹਾਉਣ ਲਈ ਜਾ ਰਹੇ ਸਨ। ਪਰਮਾਨੰਦ ਝਾਂਸੀ ਨੂੰ ਝੰਡੇ ਦੇ ਕੇ ਪਿਸ਼ਾਵਰ ਭੇਜਿਆ ਗਿਆ, ਡਾ: ਮਥਰਾ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਜਿਹਲਮ ਭੇਜੇ ਗਏ। ਕਰਤਾਰ ਸਿੰਘ ਸਰਾਭਾ ਇਕ ਝੰਡਾ ਨਾਲ ਲੈ ਕੇ ਫਿਰੋਜ਼ਪੁਰ ਚਲਾ ਗਿਆ। ਕਿਰਪਾਲ ਸਿੰਘ (ਗ਼ਦਾਰ) ਨੂੰ ਇਕ ਝੰਡਾ ਦਦੇਹਰ ਪਹੁੰਚਾਉਣ ਲਈ ਦਿੱਤਾ ਗਿਆ, ਜੋ ਦਦੇਹਰ ਦੇ ਗ਼ਦਰੀਆਂ ਨੂੰ ਪੁਚਾ ਦਿੱਤਾ ਗਿਆ ਸੀ। ਸੁੱਚਾ ਸਿੰਘ ਈਸੇਵਾਲ (ਵਾਅਦਾ ਮਾਫ਼) ਹੋਰ ਝੰਡਿਆਂ ਨਾਲ ਅੰਬਾਲਾ ਭੇਜਿਆ ਗਿਆ, ਉਸ ਨੇ ਅੱਗੋਂ ਇਕ ਝੰਡਾ ਸੂਰਤੀ ਸਿੰਘ ਨੂੰ ਦੇ ਦਿੱਤਾ, ਜਿਸ ਨੂੰ ਉਹ ਮੇਰਠ ਲੈ ਗਿਆ ਤੇ ਉੱਥੋਂ ਦੇ ਇੰਚਾਰਜ ਭਾਈ ਈਸ਼ਰ ਸਿੰਘ ਨੂੰ ਦਿੱਤਾ। ਜਿਹੜੇ ਝੰਡੇ ਬਚ ਗਏ, ਉਨ੍ਹਾਂ ਨੂੰ ਮਿੱਟੀ ਵਿੱਚ ਦਬ ਦਿੱਤਾ ਗਿਆ। ਅੰਗਰੇਜ਼ ਹਕੂਮਤ ਦੇ ਖੁਫ਼ੀਆ ਵਿਭਾਗ ਦੀ ਰਿਪੋਰਟ ਵਿਚ ਬੜਾ ਲਿਖਿਆ ਹੈ:

> "ਰਾਸ ਬਿਹਾਰੀ ਬੋਸ ਦੀ ਸਲਾਹ 'ਤੇ ਬਹੁਤ ਸਾਰੇ ਝੰਡੇ ਤਿਆਰ ਕੀਤੇ ਗਏ। ਰੰਗਦਾਰ ਕਪੜਿਆਂ ਦੇ ਟੋਟੇ ਲਾਹੌਰ ਤੋਂ ਕਰਤਾਰ ਸਿੰਘ ਸਰਾਭਾ ਦੁਆਰਾ ਖਰੀਦੇ ਗਏ। ਗ਼ਦਰੀਆਂ ਨੇ ਰਲ ਕੇ ਇਹ ਝੰਡੇ ਸੀਂਤੇ ਸਨ।"

ਗ਼ਦਰ ਦੇ ਪਹਿਲੇ ਲਾਹੌਰ ਸਾਜਿਸ਼ ਕੇਸ ਦੀ ਕਾਰਵਾਈ ਵਿਚ ਗ਼ਦਰੀ ਝੰਡੇ ਨੂੰ ਬੜੀ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਇਸ ਨੂੰ ਬੜਾ ਮਹੱਤਵ ਦਿੱਤਾ ਗਿਆ। ਜਿਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ 15 ਫ਼ਰਵਰੀ 1914 ਨੂੰ ਅਮਰੀਕਾ ਦੇ ਸ਼ਹਿਰ ਸਟੌਕਟਨ ਵਿਚ ਕੌਮੀ ਝੰਡਾ ਝੁਲਾਇਆ ਗਿਆ ਸੀ, ਜਿਸ ਥੱਲੇ ਇਕੱਠੇ ਹੋ ਕੇ ਇਨਕਲਾਬੀਆਂ ਨੇ ਕਸਮਾਂ ਖਾਧੀਆਂ ਅਤੇ ਅਜ਼ਾਦੀ ਲਈ ਲੜਨ-ਮਰਨ ਦਾ ਪ੍ਰਣ ਲਿਆ ਸੀ। ਗ਼ਦਰ ਅਖ਼ਬਾਰ ਦੇ 10 ਮਈ 1914 ਦੇ ਇਨਕਲਾਬੀ ਅੰਕ ਵਿੱਚ ਛਪੇ ਐਲਾਨਨਾਮੇ ਨੇ ਹਕੂਮਤ ਦੀ ਨੀਂਦ ਹਰਾਮ ਕਰ ਦਿੱਤੀ ਸੀ, ਜਿਸ ਵਿੱਚ ਲਿਖਿਆ ਸੀ :

ਇਹ ਝੰਡਾ ਲਹਿਰਾਓ,
ਅੰਗਰੇਜ਼ ਨੂੰ ਮਾਰੋ ਅਤੇ
ਹਿੰਦੁਸਤਾਨ ਦੇ ਤਖ਼ਤ 'ਤੇ ਕਬਜ਼ਾ ਕਰੋ!

ਅਦਾਲਤੀ ਕਾਰਵਾਈ ਸਮੇਂ ਮੂਲਾ ਸਿੰਘ (ਵਾਅਦਾ ਮਾਫ) ਗਵਾਹ ਨੇ ਗ਼ਦਰੀ

ਲਿਖਿਆ:

"ਕਾਂਗਰਸ ਨੇ ਗ਼ਦਰ ਲਹਿਰ ਦੇ ਝੰਡੇ ਨੂੰ ਅਪਣਾ ਕੇ ਤਲਵਾਰਾਂ ਦੀ ਥਾਂ ਪਹਿਲਾਂ ਚਰਖਾ ਤੇ ਪਿੱਛੋਂ ਅਸ਼ੋਕ ਚੱਕਰ ਪਾ ਲਿਆ ਸੀ।"

ਇਹ ਹੈ ਗ਼ਦਰੀ ਝੰਡੇ ਦੀ ਸੰਖੇਪ ਕਹਾਣੀ, ਜਿਸ ਦੀ ਸਲਾਮਤੀ ਲਈ ਅਤੇ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਗ਼ਦਰੀ ਦੇਸ਼ ਭਗਤਾਂ ਨੇ ਜੁਆਨੀਆਂ ਜੇਲ੍ਹਾਂ ਵਿੱਚ ਗਾਲੀਆ, ਫਾਂਸੀਆਂ ਨੂੰ ਚੁੰਮਿਆ, ਅੰਡੇਮਾਨ ਅਤੇ ਦੂਜੀਆਂ ਜੇਲ੍ਹਾਂ ਵਿੱਚ ਅਕਹਿ ਅੱਤਿਆਚਾਰ ਸਹਿੰਦਿਆਂ ਮੌਤ ਨਾਲ ਅੱਖਾਂ 'ਚ ਅੱਖਾਂ ਪਾ ਕੇ ਉਮਰ ਕੈਦਾਂ ਭੁਗਤੀਆਂ। ਜਦੋਂ ਰਿਹਾਅ ਹੋ ਕੇ ਆਏ ਉਹ ਬਾਬੇ ਬਣੇ ਹੋਏ ਸਨ। ਬਾਬਾ ਭਕਨਾ ਦੇ ਕਥਨ ਅਨੁਸਾਰ: "ਇਨਕਲਾਬੀ ਮਰ ਜਾਂਦਾ ਹੈ, ਪਰ ਉਹ ਬੁੱਢਾ ਕਦੇ ਨਹੀਂ ਹੁੰਦਾ!" ਲਾਚਾਰ ਤੇ ਬੇਵਸ ਅਵਸਥਾ ਵਿਚ ਵੀ ਉਹ ਸਾਰੇ ਮਾਈ ਭਾਗੋਆਂ (ਮਿਹਨਤਕਸ਼ ਆਵਾਮ) ਦੇ ਲਾਲ ਝੰਡੇ ਹੇਠ ਇਕੱਠੇ ਹੋ ਕੇ ਜਿਉਂਦੇ ਜੀਅ ਉਸ ਨੂੰ ਪ੍ਰਣਾਏ ਰਹੇ।

ਹੁਣ ਜਦੋਂ ਇਸ ਝੰਡੇ ਦਾ ਇਤਿਹਾਸ ਇਕ ਸਦੀ ਨੂੰ ਢੁੱਕ ਚੁੱਕਾ ਹੈ, ਤਾਂ ਗ਼ਦਰੀ ਝੰਡੇ ਦੇ ਰੰਗ ਸੂਹਾ ਭਾਅ ਮਾਰਦੇ ਉਨ੍ਹਾਂ ਕਾਫ਼ਲਿਆਂ ਦੇ ਖ਼ੂਨ ਨੂੰ ਗਰਮਾਉਂਦੇ ਹਨ, ਜਿਹੜੇ ਗ਼ਦਰੀ ਦੇਸ਼ ਭਗਤਾਂ ਦੇ ਉਦੇਸ਼ ਦੀ ਪੂਰਤੀ ਲਈ ਇਸ ਝੰਡੇ ਨੂੰ ਉੱਚਾ ਚੁੱਕੀ ਉਨ੍ਹਾਂ ਦੀਆਂ ਪੈੜਾਂ ਮੱਲੀ ਤੁਰੇ ਹੋਏ ਹਨ।

ਮੇਰਾ ਬਾਲਾ ਜਰਨੈਲ

-ਸੋਹਣ ਸਿੰਘ ਭਕਨਾ

ਜੀ.ਡੀ. ਕੁਮਾਰ ਬੀਮਾਰੀ ਨਾਲ ਪੈ ਗਏ ਤੇ ਛੇਤੀ ਤੰਦਰੁਸਤ ਨਾ ਹੋ ਸਕੇ। ਇਨ੍ਹਾਂ ਦੀ ਬੀਮਾਰੀ ਦੌਰਾਨ ਹੀ ਮੈਂ ਤੇ ਭਾਈ ਊਧਮ ਸਿੰਘ ਕਸੇਲ ਕੁਝ ਦਿਨ੍ਹਾਂ ਲਈ ਅਸਟੋਰੀਆ ਮਿੱਲ ਵਿਚ ਕੰਮ ਕਰਨ ਚਲੇ ਗਏ ਤੇ ਕਈ ਦਿਨ ਉਥੇ ਰਹੇ। ਮਿੱਲ ਵਿਚ 120 ਹਿੰਦੀ ਕੰਮ ਕਰਦੇ ਸਨ। ਕਈ ਦਿਨਾਂ ਦੇ ਵਿਚਾਰ ਵਟਾਂਦਰੇ ਪਿਛੋਂ ਉਥੇ ਵੀ "ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ" ਦੀ ਸ਼ਾਖ਼ ਕਾਇਮ ਹੋ ਗਈ। ਮੈਂਬਰ ਵੀ ਕਾਫ਼ੀ ਭਰਤੀ ਹੋਏ, ਇਸ ਸ਼ਾਖ ਦੇ ਪ੍ਰਧਾਨ ਭਾਈ ਕੇਸਰ ਸਿੰਘ ਠਠਗੜ੍ਹ, ਮੁੱਖ ਸਕੱਤਰ ਮੁਨਸ਼ੀ ਕਰੀਮ ਬਖ਼ਸ਼ ਤੇ ਖ਼ਜ਼ਾਨਚੀ ਮੁਨਸ਼ੀ ਰਾਮ ਮਿਥੇ ਗਏ। ਉਨ੍ਹੀਂ ਦਿਨੀਂ ਕਰਤਾਰ ਸਿੰਘ ਸਰਾਭਾ ਵੀ ਆਪਣੇ ਪਿੰਡ ਵਾਲੇ ਰੁਲੀਆ ਸਿੰਘ ਕੋਲ ਆਇਆ ਹੋਇਆ ਸੀ ਤੇ ਇਥੇ ਹੀ ਮਿੱਲ ਵਿਚ ਕੰਮ ਕਰਦਾ ਸੀ। (ਨੋਟ: ਰੁਲੀਆ ਸਿੰਘ ਅੰਡੇਮਾਨ ਜੇਲ੍ਹ ਵਿਚ ਸ਼ਹੀਦੀ ਪਾ ਗਏ ਸਨ)

ਪਹਿਲੀ ਨਵੰਬਰ 1913 ਤੱਕ ਨਾ ਹੀ ਦਫ਼ਤਰ ਕਾਇਮ ਹੋਇਆ ਤੇ ਨਾ ਹੀ ਅਖ਼ਬਾਰ ਨਿਕਲਿਆ। ਅਖੀਰ ਸਥਾਨਕ ਕਮੇਟੀਆਂ ਨੇ ਪ੍ਰਧਾਨ ਇੰਤਜਾਮੀਆਂ ਕਮੇਟੀ ਨੂੰ ਲਿਖਣਾ ਸ਼ੁਰੂ ਕਰ ਦਿੱਤਾ ਤੇ ਲਾ-ਪ੍ਰਵਾਹੀ ਦੀ ਵਜ੍ਹਾ ਪੁੱਛੀ। ਪ੍ਰਧਾਨ ਨੇ ਲਾਲਾ ਹਰਦਿਆਲ ਨੂੰ ਸਥਾਨਕ ਕਮੇਟੀਆਂ ਦੀ ਸ਼ਿਕਾਇਤ ਤੋਂ ਜਾਣੂ ਕਰਵਾਇਆ ਤੇ ਜ਼ੋਰ ਦਿੱਤਾ ਕਿ ਹੁਣ ਦੇਰੀ ਕਰਨ ਨਾਲ ਜਨਤਾ ਬਦਜ਼ਨ ਹੋ ਜਾਵੇਗੀ। ਜਲਦੀ ਕੰਮ ਸ਼ੁਰੂ ਹੋਣਾ ਚਾਹੀਦਾ ਹੈ। ਤਦ ਪਹਿਲੀ ਨਵੰਬਰ 1913 ਨੂੰ ਗ਼ਦਰ ਅਖ਼ਬਾਰ ਦਾ ਪਹਿਲਾ ਪਰਚਾ ਹੈਂਡ ਮਸ਼ੀਨ 'ਤੇ ਕਰਤਾਰ ਸਿੰਘ ਸਰਾਭਾ ਤੇ ਰਘਬੀਰ ਦਿਆਲ (ਯੂ.ਪੀ.) ਦੀ ਮਦਦ ਨਾਲ ਕੱਢਿਆ ਗਿਆ। ਇਕ ਮਕਾਨ ਕਿਰਾਏ 'ਤੇ ਲੈ ਕੇ ਦਫ਼ਤਰ ਖੋਲ੍ਹਿਆ ਗਿਆ ਜਿਸ ਦਾ ਨਾਂ "ਯੁਗਾਂਤਰ ਆਸ਼ਰਮ" ਰਖਿਆ ਗਿਆ। ਗ਼ਦਰ ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਲਿਖਿਆ ਹੁੰਦਾ:

ਜੇ ਤਉ ਪ੍ਰੇਮ ਖੇਲਨ ਦਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ।

ਮੁੱਖ ਸੰਪਾਦਕ ਲਾਲਾ ਹਰਦਿਆਲ ਉਰਦੂ ਵਿਚ ਲਿਖਦੇ ਸਨ ਤੇ ਪੰਜਾਬੀ ਵਿਚ ਉਲੱਥਾ ਕਰਤਾਰ ਸਿੰਘ ਸਰਾਭਾ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ

ਕਰਤਾਰ ਸਿੰਘ ਸਰਾਭੇ ਦਾ ਇਕ ਰਘਬੀਰ ਕੌਰ ਨਾਮਕ ਕੁੜੀ ਨਾਲ ਪਿਆਰ ਦੇ ਵਰਨਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਬਾਬਾ ਭਕਨਾ ਨੇ ਕਿਹਾ:

ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦੀ ਰੂਹ ਸੀ। ਉਹ ਪਾਰਟੀ ਦਾ ਸਕੱਤਰ ਤੇ 'ਗ਼ਦਰ ਦੀ ਗੂੰਜ' ਅਖ਼ਬਾਰ ਦਾ ਐਡੀਟਰ ਸੀ। ਉਹ ਬੜਾ ਨਿਧੜਕ ਤੇ ਦਲੇਰ ਨੌਜਵਾਨ ਸੀ। ਉਸ ਅੰਦਰ ਦੇਸ਼ ਭਗਤੀ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹ ਦੇਸ਼ ਦੀ ਖ਼ਾਤਰ ਹੀ ਜੀਉਂਦਾ ਸੀ ਤੇ ਦੇਸ਼ ਦੀ ਖ਼ਾਤਰ ਹੀ ਮਰਿਆ ਸੀ। ਉਸ ਦਾ ਕਿਸੇ ਕੁੜੀ ਨਾਲ ਪਿਆਰ ਵਰਗਾ ਸਬੰਧ ਨਹੀਂ ਸੀ। ਹਾਂ ਉਸ ਨਾਲ ਕਈ ਕੁੜੀਆਂ ਉਸ ਦੇ ਕੰਮ ਵਿਚ ਹੱਥ ਵਟਾਉਂਦੀਆਂ ਸਨ। ਉਸਦਾ ਕੁੜੀਆਂ ਨਾਲ ਵਾਹ ਪੈਂਦਾ ਸੀ ਪਰ ਉਸ ਦਾ ਸਬੰਧ ਕੇਵਲ ਉਹਨਾਂ ਤੋਂ ਦੇਸ਼ ਭਗਤੀ ਦੇ ਕੰਮਾਂ ਲਈ ਮਦਦ ਲੈਣ ਤੱਕ ਹੀ ਸੀਮਤ ਸੀ। ਉਹ ਜੇਲ੍ਹ ਵਿਚ ਮੇਰੇ ਨਾਲ ਹੀ ਸੀ। ਉਥੇ ਉਸਨੂੰ ਨਾਨਕ ਸਿੰਘ ਨਾਵਲਿਸਟ ਦੇ ਵਰਨਣ ਵਾਂਗ ਕੋਈ ਅਜਿਹੀ ਕੁੜੀ ਮਿਲਣ ਨਹੀਂ ਆਈ। ਇਹ ਘਟਨਾ ਨਾਨਕ ਸਿੰਘ ਦੇ ਆਪਣੇ ਦਿਮਾਗ ਦੀ ਕਾਢ ਹੈ। ਨਾਵਲਕਾਰ ਆਮ ਤੌਰ 'ਤੇ ਆਪਣੇ ਨਾਵਲਾਂ ਨੂੰ ਸੁਆਦਲਾ ਬਣਾਉਣ ਲਈ ਵਿਰੋਧੀ ਲਿੰਗਾਂ ਦੇ ਪਿਆਰ ਜਿਹੇ ਪਰਸਪਰ ਸਬੰਧਾਂ ਦੀਆਂ ਕਹਾਣੀਆਂ ਛੇੜ ਲੈਂਦੇ ਹਨ।

ਜੇ ਇਹ ਕਿਹਾ ਜਾਵੇ ਕਿ ਨਾਨਕ ਸਿੰਘ ਨੇ ਸਰਾਭੇ ਦੀ ਪਾਤਰ ਉਸਾਰੀ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਉਹਨਾਂ ਦੇ ਪਿਆਰ ਦਾ ਵਰਨਣ ਕਰਕੇ ਇਹ ਦਸਣ ਦਾ ਯਤਨ ਕੀਤਾ ਹੈ ਕਿ ਸਰਾਭੇ ਨੂੰ ਕਿਸੇ ਕੁੜੀ ਦਾ ਪਿਆਰ ਵੀ ਮੋਹ ਨਹੀਂ ਸੀ ਸਕਦਾ। ਉਹ ਤੇ ਦੇਸ਼ ਪਿਆਰ ਦਾ ਦੀਵਾਨਾ ਸੀ, ਇਸੇ ਕਰਕੇ ਆਪਣੀ ਪ੍ਰੇਮਿਕਾ ਦੀ ਪਰਵਾਹ ਨਹੀਂ ਕੀਤੀ ਤੇ ਦੇਸ਼ ਦੀ ਖ਼ਾਤਰ ਮਰ ਜਾਣਾ ਚੰਗਾ ਸਮਝਿਆ, ਤਾਂ ਇਹ ਵੀ ਇੰਨਾ ਫ਼ਬਦਾ ਨਹੀਂ ਕਿਉਂਕਿ ਸਰਾਭੇ ਦਾ ਪਾਤਰ ਪਹਿਲਾਂ ਹੀ ਲਾਸਾਨੀ ਹੈ, ਜਿਸ ਨੇ ਆਪਣੇ ਦੇਸ਼-ਪਿਆਰ ਦੇ ਆਦਰਸ਼ ਖ਼ਾਤਰ ਉਨੀਂ ਸਾਲਾਂ ਦੀ ਉਮਰ ਵਿਚ ਫਾਂਸੀ ਦੇ ਰੱਸੇ ਨੂੰ ਹੱਸਦੇ ਹੱਸਦੇ ਗੱਲ ਵਿਚ ਪਾ ਲਿਆ। ਉਸਦਾ ਅਸਲ ਪਿਆਰ ਦੇਸ਼ ਨਾਲ ਸੀ। ਉਸੇ ਖ਼ਾਤਰ ਉਸ ਨੇ ਜਾਨ ਲਾ ਦਿੱਤੀ।

(ਦੇਸ਼ ਭਗਤ ਯਾਦਾਂ ਦੇ ਮਈ 1964 ਸਫਾ 52 ਦੇ ਗੋਲਡਨ ਜੁਬਲੀ ਅੰਕ ਵਿੱਚੋਂ)

ਅੱਜ ਮੇਰੀਆਂ ਅੱਖਾਂ ਸਾਹਮਣੇ 16 ਨਵੰਬਰ, 1915 ਦਾ ਉਹ ਦਿਨ ਆ ਰਿਹਾ ਹੈ, ਜਿਸ ਦਿਨ ਮੇਰੇ ਸੱਤ ਸਾਥੀਆਂ (ਸਰਦਾਰ ਕਰਤਾਰ ਸਿੰਘ ਸਰਾਭਾ, ਭਾਈ ਬਖਸ਼ੀਸ਼ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਬੂੜ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ ਸਿੰਘ, ਸ਼੍ਰੀ ਵਿਸ਼ਣੂ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ) ਨੇ ਹੱਸਦਿਆਂ ਹੱਸਦਿਆਂ ਫਾਂਸੀ ਦੇ ਰੱਸੇ ਗਲਾਂ ਵਿਚ ਪਾਏ। ਆਖ਼ਰੀ ਸਮੇਂ ਫਾਂਸੀ ਦੇ ਤਖ਼ਤੇ ਉੱਤੇ ਖੜੇ ਹੋ ਕੇ ਆਪਣੀ ਮਾਤ ਭੂਮੀ ਨੂੰ ਸੁਨੇਹਾ ਦਿੱਤਾ, "ਐ ਭਾਰਤ ਮਾਤਾ ਅਸੀਂ ਤੇਰੀਆਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਨਹੀਂ ਸਕੇ। ਜੇ ਸਾਡੇ ਵਿਚੋਂ ਇਕ ਵੀ

ਸਾਥੀ ਜੀਉਂਦਾ ਰਿਹਾ ਤਾਂ ਆਖ਼ਰੀ ਦਮ ਤੱਕ ਆਪਣੀ ਮਾਤਰ ਭੂਮੀ ਅਤੇ ਜਨਤਾ ਦੀ ਆਜ਼ਾਦੀ ਅਤੇ ਬਰਾਬਰੀ ਲਈ ਲੜਦਾ ਰਹੇਗਾ। ਹਰ ਤਰ੍ਹਾਂ ਦੀ ਗੁਲਾਮੀ, ਕੀ ਆਰਥਿਕ ਕੀ ਰਾਜਨੀਤਿਕ ਅਤੇ ਕੀ ਸਮਾਜਿਕ, ਨੂੰ ਦੇਸ਼ ਅਤੇ ਮਨੁੱਖੀ ਸਮਾਜ ਤੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ।"

ਇਹਨਾਂ ਸ਼ਹੀਦਾਂ ਦਾ ਮੁਕੱਦਮਾ ਸੈਂਟਰਲ ਜੇਲ੍ਹ ਲਾਹੌਰ ਦੇ ਅੰਦਰ 16 ਨੰਬਰ ਪਾਰਕ ਵਿਚ ਸ਼ੁਰੂ ਹੋਇਆ। ਇਹ ਮੁਕੱਦਮਾ ਸਪੈਸ਼ਲ ਕੋਰਟ ਦੇ ਸਾਹਮਣੇ ਪੇਸ਼ ਹੋਇਆ। ਇਸ ਦਾ ਫੈਸਲਾ ਆਖਰੀ ਸੀ। ਇਸ ਦੇ ਵਿਰੁੱਧ ਨਾ ਕੋਈ ਅਪੀਲ ਅਤੇ ਨਾ ਕੋਈ ਦਲੀਲ ਸੀ।

ਪਹਿਲੇ ਮੁਕੱਦਮੇ-1915 ਵਿਚ 24 ਦੇਸ਼ ਭਗਤਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਇਸ ਹੁਕਮ ਨੂੰ ਉਹਨਾਂ ਖਿੜੇ ਮੱਥੇ ਸੁਣਿਆ। ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀਆਂ ਨੇ ਉੱਚੀ ਆਵਾਜ਼ ਨਾਲ "Thank you" (ਧੰਨਵਾਦ) ਕਿਹਾ। ਜਦ ਕੈਦੀਆਂ ਵਾਲੇ ਕੱਪੜੇ ਪਹਿਨਾ ਕੇ ਫਾਂਸੀ ਦੀਆਂ ਕੋਠੜੀਆਂ ਵਿਚ ਸਾਰਿਆਂ ਨੂੰ ਬੰਦ ਕਰ ਦਿੱਤਾ ਗਿਆ ਤਾਂ ਜੇਲ੍ਹ ਨਿਯਮਾਂ ਅਨੁਸਾਰ, ਜੇਲ੍ਹ ਸੁਪਰੀਟੈਂਡੈਂਟ ਹਰ ਇਕ ਕੋਲ ਆਇਆ ਅਤੇ ਕਿਹਾ "ਤੁਸੀਂ ਜਾਣਦੇ ਹੋ ਕਿ ਸਪੈਸ਼ਲ ਕੋਰਟ ਦਾ ਫੈਸਲਾ ਆਖ਼ਰੀ ਫ਼ੈਸਲਾ ਹੁੰਦਾ ਹੈ। ਹਾਂ ਤੁਸੀਂ ਬਾਦਸ਼ਾਹ ਅੱਗੇ ਰਹਿਮ ਦੀ ਦਰਖ਼ਾਸਤ ਕਰ ਸਕਦੇ ਹੋ।" ਸਿਵਾਏ ਭਾਈ ਪਰਮਾਨੰਦ ਲਾਹੌਰ ਅਤੇ ਇਕ ਹੋਰ ਆਦਮੀ, ਜਿਸ ਨੇ ਪਿੰਡ ਚੱਬਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਦੇਸ਼ਭਗਤਾਂ ਨੂੰ ਪਰੇਰ ਕੇ ਇਕ ਸ਼ਾਹੂਕਾਰ ਦੇ ਘਰ ਡਾਕਾ ਮਰਵਾਇਆ ਸੀ, ਜਿਸ ਦਾ ਕਿ ਉਸ ਨੇ ਕਰਜਾ ਦੇਣਾ ਸੀ, ਹੋਰ ਕਿਸੇ ਨੇ ਰਹਿਮ ਦੀ ਅਪੀਲ ਨਾ ਕੀਤੀ। ਸਗੋਂ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਕਰਤਾਰ ਸਿੰਘ ਨੇ ਇਸ ਪੇਸ਼ਕਸ਼ ਦਾ ਮਖੌਲ ਉਡਾਇਆ ਅਤੇ ਕਿਹਾ ਕਿ "ਮੈਂ ਅਪੀਲ ਕਰਦਾ ਹਾਂ ਕਿ ਸਾਨੂੰ ਜਲਦੀ ਤੋਂ ਜਲਦੀ ਫਾਂਸੀ ਦਿੱਤੀ ਜਾਵੇ।"

ਅਸੀਂ 24 ਫਾਂਸੀ ਲੱਗਣ ਵਾਲੇ ਪਾਰਕ ਨੰਬਰ 121 ਵਿਚ 24 ਕੋਠੀਆਂ ਦੀ ਕਤਾਰ ਵਿਚ ਨਾਲ-ਨਾਲ ਬੰਦ ਕੀਤੇ ਹੋਏ ਸੀ। ਸਾਨੂੰ ਸ਼ਾਮ ਨੂੰ ਅੱਧਾ ਘੰਟਾ ਟਹਿਲਣ ਲਈ ਵਿਹੜੇ ਵਿਚ ਕੱਢਿਆ ਜਾਂਦਾ ਸੀ। ਇਕ ਦਿਨ ਜਦ ਮੈਨੂੰ ਮੌਕਾ ਮਿਲਿਆ ਤਾਂ ਮੈਂ ਟਹਿਲਦਿਆਂ-ਟਹਿਲਦਿਆਂ ਕਰਤਾਰ ਦੀ ਕੋਠੀ ਵਿਚ ਝਾਤੀ ਮਾਰੀ। ਅੰਦਰ ਸਾਹਮਣੇ ਕੰਧ ਉੱਤੇ ਕੋਲੇ ਨਾਲ ਮੋਟੇ ਅੱਖਰਾਂ ਵਿਚ ਲਿਖਿਆ ਸੀ, "ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।" ਪੜ੍ਹ ਕੇ ਮੈਂ ਆਖਿਆ, "ਕਰਤਾਰ! ਏਥੇ ਤਾਂ ਹੱਡੀਆਂ ਵੀ ਜੇਲ੍ਹ ਦੇ ਵਿਚ ਹੀ ਸਾੜ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਨੂੰ ਬਾਹਰ ਪਤਾ ਨਾ ਲੱਗੇ। ਤੂੰ ਲਿਖਿਆ ਹੈ ਕਿ "ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।" ਕਰਤਾਰ ਨੇ ਹੱਸ ਕੇ ਜੁਆਬ ਦਿੱਤਾ, "ਹਾਂ ਜੀ, ਠੀਕ ਹੀ ਤਾਂ ਲਿਖਿਆ ਹੈ।" ਅੱਜ ਕਰਤਾਰ ਦੀ ਭਵਿੱਖ ਬਾਣੀ ਮੈਨੂੰ ਚੇਤੇ ਆਉਂਦੀ ਹੈ ਕਿ ਉਹ ਕਿੰਨਾ ਸੂਝਵਾਨ, ਨਿਡਰ ਅਤੇ ਬਹਾਦਰ ਸੀ।

ਸੱਚ ਤਾਂ ਇਹ ਹੈ ਕਿ ਲਾਲਾ ਹਰਦਿਆਲ ਨੂੰ ਇਨਕਲਾਬ ਦੇ ਰਸਤੇ ਲਾਉਣ

ਵਾਲਾ ਕਰਤਾਰ ਸਿੰਘ ਹੀ ਸੀ। ਉਹ ਹੀ ਹਰਦਿਆਲ ਨੂੰ ਇਸ ਕੰਮ ਵੱਲ ਲਿਆਇਆ ਸੀ ਅਤੇ ਆਪਣੇ ਨਾਲ ਲਾਇਆ ਸੀ। ਜਦ ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾਂ ਪਰਚਾ ਨਿਕਲਿਆ ਤਾਂ ਹਰਦਿਆਲ ਦੇ ਉਰਦੂ ਵਿਚ ਲਿਖੇ ਹੋਏ ਮਜ਼ਮੂਨਾਂ ਦਾ ਤਰਜਮਾ ਕਰਤਾਰ ਸਿੰਘ ਹੀ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀ ਚਲਾਉਂਦਾ ਸੀ। ਸ਼ੁਰੂ-ਸ਼ੁਰੂ ਵਿਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਦੇ ਸਿਰ ਤੇ ਹੀ ਰਿਹਾ। ਕਈ ਹਫਤੇ ਪਿੱਛੋਂ ਦੂਸਰੇ ਸਾਥੀ ਸਹਾਇਤਾ ਲਈ ਭੇਜੇ ਗਏ। ਉਸ ਨੂੰ ਰਾਤ ਦਿਨ ਆਰਾਮ ਦੀ ਕਦੀ ਨਾ ਸੁਝੀ। ਬਲਕਿ ਜਦ ਸੁੱਝਦਾ ਸੀ ਤਾਂ ਕੰਮ। ਜਿੰਨਾਂ ਉਹ ਅਣਥੱਕ ਮਿਹਨਤੀ ਸੀ ਉਨਾ ਹੀ ਫੁਰਤੀਲਾ ਵੀ। ਹਵਾਈ ਜਹਾਜ਼ ਚਲਾਉਣ ਅਤੇ ਥੋੜ੍ਹੀ ਬਹੁਤ ਮੁਰੰਮਤ ਦਾ ਕੰਮ ਛੇ ਮਹੀਨੇ ਦੇ ਅੰਦਰ ਹੀ ਸਿੱਖ ਲਿਆ। ਦੂਸਰੇ ਨੌਜਵਾਨਾਂ ਨੂੰ ਕੰਮ ਸਿਖਾਉਣ ਲਈ ਇਕ ਜੱਥਾ ਵੀ ਤਿਆਰ ਕਰ ਲਿਆ।

ਉਹ ਇਕ ਬੇਮਿਸਾਲ ਦੇਸ਼ ਭਗਤ ਹੀ ਨਹੀਂ ਸੀ ਬਲਕਿ ਉਸਦੇ ਮਨ ਵਿਚੋਂ ਭੈ ਅਤੇ ਮੌਤ ਦਾ ਡਰ ਵੀ ਦੂਰ ਹੋ ਚੁਕਿਆ ਸੀ। ਬੇਮਿਸਾਲ, ਤਿਆਗੀ ਅਤੇ ਕ੍ਰਾਂਤੀਕਾਰੀ ਜਰਨੈਲ ਹੁੰਦਿਆਂ ਹੋਇਆਂ ਉਹ ਦੋਸਤਾਂ ਦਾ ਦੋਸਤ ਸੀ। ਉਹ ਖਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਫ਼ੌਜੀ ਪਲਟਣਾ ਵਿਚ ਨਿਧੜਕ ਹੋ ਕੇ ਜਾਂਦਾ ਅਤੇ ਬਗ਼ੈਰ ਕਿਸੇ ਡਰ ਦੇ ਫ਼ੌਜੀਆਂ ਨੂੰ ਪਰੇਰਦਾ। ਉਸ ਦੀ ਇਸ ਨਿਡਰਤਾ ਦਾ ਫੌਜੀਆਂ ਉੱਤੇ ਅਜਿਹਾ ਅਸਰ ਹੁੰਦਾ ਕਿ ਉਹ ਆਜ਼ਾਦੀ ਦੀ ਜੰਗ ਵਿਚ ਸ਼ਾਮਲ ਹੋਣ ਲਈ ਫੌਰਨ ਤਿਆਰ ਹੋ ਜਾਂਦੇ।

ਉਸ ਵਿਚ ਪੂਰਨ ਇਨਸਾਨੀ ਸਿਫ਼ਤਾਂ ਸਨ। ਮੈਂ ਖ਼ਿਆਲ ਕਰਦਾ ਹਾਂ ਕਿ ਦੁਨੀਆਂ ਦੇ ਇਤਿਹਾਸ ਵਿਚ ਏਨੀਂ ਛੋਟੀ ਉਮਰ (19 ਸਾਲ) ਵਿਚ ਸ਼ਾਇਦ ਹੀ ਕੋਈ ਜਰਨੈਲ ਮਿਲੇ ਜੋ ਕਰਤਾਰ ਸਿੰਘ ਦਾ ਸਾਨੀ ਹੋਵੇ। ਉਸਦੀ ਵਿੱਦਿਆ ਐੱਫ. ਏ. ਦੇ ਬਰਾਬਰ ਸੀ। ਉਰਦੂ, ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਚੰਗੀ ਤਰ੍ਹਾਂ ਲਿਖ ਪੜ੍ਹ ਲੈਂਦਾ ਸੀ। ਸੱਚੀ ਗੱਲ ਤਾਂ ਇਹ ਹੈ ਕਿ ਜੋ ਉਹ ਸੀ, ਉਸ ਦੀ ਜ਼ਿੰਦਗੀ ਦਾ ਚਿੱਤਰ ਖਿੱਚਣਾ ਮੇਰੀ ਕਲਮ ਦੀ ਤਾਕਤ ਤੋਂ ਬਾਹਰ ਹੈ।

1929-30 ਦੇ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦਾ ਮੁਕੱਦਮਾ ਵੀ ਏਸੇ 16 ਨੰਬਰ ਪਾਰਕ ਸੈਂਟਰਲ ਜੇਲ੍ਹ ਵਿਚ ਹੋਇਆ। ਅਦਾਲਤ ਵੀ 1915 ਦੀ ਤਰ੍ਹਾਂ ਸਪੈਸ਼ਲ ਬਣਾਈ। ਉਸ ਫੈਸਲੇ ਦੀ 1915 ਦੇ ਦੇਸ਼ ਭਗਤਾਂ ਦੀ ਤਰ੍ਹਾਂ ਕੋਈ ਅਪੀਲ ਨਹੀਂ ਹੋ ਸਕਦੀ ਸੀ। ਜਦ ਭਗਤ ਸਿੰਘ ਤੇ ਉਸਦੇ ਸਾਥੀਆਂ 'ਤੇ ਮੁਕੱਦਮਾ ਚਲਾਉਣ ਲਈ ਬੌਸਟਲ ਜੇਲ੍ਹ ਤੋਂ ਲਾਹੌਰ ਸੈਂਟਰਲ ਜੇਲ੍ਹ ਲਿਆਂਦਾ ਗਿਆ ਤਾਂ ਮੈਂ ਤੇ ਭਾਈ ਕੇਸਰ ਸਿੰਘ ਠੱਠਗੜ੍ਹ, ਪਹਿਲਾਂ ਹੀ ਉਸ ਜੇਲ੍ਹ ਵਿਚ ਆ ਚੁੱਕੇ ਸਾਂ। ਕਿਸੇ ਨਾ ਕਿਸੇ ਤਰੀਕੇ ਨਾਲ ਤਿੰਨੀ ਕੁ ਦਿਨੀਂ ਮੈਂ ਤੇ ਭਗਤ ਸਿੰਘ ਜ਼ਰੂਰ ਮਿਲਦੇ ਸਾਂ ਤੇ ਵਿਚਾਰ ਚਰਚਾ ਕਰਦੇ ਸਾਂ। ਇਕ ਦਿਨ ਮੈਂ ਮਖੌਲ ਨਾਲ ਭਗਤ ਸਿੰਘ ਨੂੰ ਦੇਸ਼ ਭਗਤੀ ਵੱਲ ਆਉਣ ਬਾਰੇ ਪੁੱਛਿਆ ਤਾਂ ਉਸਨੇ ਹੱਸ ਕੇ ਜਵਾਬ ਦਿੱਤਾ,"ਇਹ ਮੇਰਾ ਕਸੂਰ ਨਹੀਂ, ਤੁਹਾਡਾ

ਤੇ ਤੁਹਾਡੇ ਸਾਥੀਆਂ ਦਾ ਹੈ, ਜੇ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਦੂਸਰੇ ਸਾਥੀ ਹੱਸ ਹੱਸ ਕੇ ਫਾਂਸੀਆਂ 'ਤੇ ਨਾ ਲਟਕਦੇ ਤੇ ਤੁਸੀਂ ਸਾਰੇ ਅੰਡੇਮਾਨ ਜਹੇ ਕੁੰਭੀ ਨਰਕ ਵਿਚ ਪੈ ਕੇ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਵੀ ਇਧਰ ਨਾ ਆਉਂਦਾ।"

ਮੈਂ ਭਗਤ ਸਿੰਘ ਨੂੰ ਮਿਲਦਾ ਤਾਂ ਲਗਦਾ ਕਿ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਦੀਆਂ ਕੇਵਲ ਮੂਰਤੀਆਂ ਹੀ ਦੋ ਹਨ, ਪਰ ਉਨ੍ਹਾਂ ਦੇ ਗੁਣ ਅਤੇ ਕਰਮ ਇਕੋ ਹੀ ਸਨ।

"ਏਕ ਜੋਤ ਦੋਏ ਮੂਰਤਿ"

ਭਾਰਤੀ ਨੌਜਵਾਨੋ। ਅੰਤ ਵਿਚ ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਇਹਨਾਂ 19-20 ਸਾਲਾਂ ਦੇ ਨੌਜਵਾਨਾਂ ਦੀਆਂ ਕੁਰਬਾਨੀਆਂ ਨੂੰ ਨਾ ਭੁੱਲੋ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਅਤੇ ਨੌਜਵਾਨਾਂ ਨੂੰ ਪੂਰਨ ਆਜ਼ਾਦੀ ਅਤੇ ਬਰਾਬਰੀ ਦਾ ਰਾਹ ਵਿਖਾਉਣ ਲਈ ਬੇਗਰਜ਼ ਹੋ ਕੇ ਆਪਣੀਆਂ ਜਾਨਾਂ ਵਾਰੀਆਂ ਅਤੇ ਕੌਮੀ ਅਣਖ ਤੇ ਮਰ ਮਿਟੇ। ਦੇਸ਼ ਅੰਦਰ ਨਹੀਂ ਬਲਕਿ ਵੈਰੀ ਦੇ ਘਰ ਜਾ ਕੇ ਉਸਦੇ ਅਪਰਾਧਾਂ ਦੀ ਸਜ਼ਾ ਦਿੱਤੀ।

ਖੁਦੀ ਰਾਮ ਬੋਸ (ਬੰਗਾਲ), ਮਦਨ ਲਾਲ ਢੀਂਗਰਾ (ਅੰਮ੍ਰਿਤਸਰ), ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ ਸੁਨਾਮ ਅਤੇ ਦੂਸਰੇ ਇਨਕਲਾਬੀ ਦੇਸ਼ ਭਗਤ, ਮਨੁੱਖੀ ਸਮਾਜ ਵਿਚ ਪੂਰਨ ਆਜ਼ਾਦੀ ਅਤੇ ਬਰਾਬਰੀ ਦੇ ਉਦੇਸ਼ ਨੂੰ ਪਹੁੰਚਾਉਣ ਵਾਲੇ ਸਾਰੇ ਸ਼ਹੀਦਾਂ ਨੂੰ ਸਾਹਮਣੇ ਰੱਖੋ। ਉਹਨਾਂ ਦੇ ਵਿਖਾਏ ਹੋਏ ਰਸਤੇ ਉੱਤੇ ਚਲੋ। ਅਮਲੋਂ ਸੱਖਣੇ ਅਤੇ ਗੱਲਾਂ ਨਾਲ ਜਨਤਾ ਨੂੰ ਧੋਖਾ ਦੇਣ ਵਾਲਿਆਂ ਤੋਂ ਸਾਵਧਾਨ ਰਹੋ!

(ਜੀਵਨ ਸੰਗਰਾਮ ਵਿੱਚੋਂ)

ਸ਼ਹੀਦ-ਏ-ਆਜ਼ਮ ਕਰਤਾਰ ਸਿੰਘ ਸਰਾਭਾ

-ਸੋਹਣ ਸਿੰਘ ਭਕਨਾ

ਕਰਤਾਰ ਸਿੰਘ ਸਰਾਭਾ ਅਜੇ ਮਸਾਂ ਉੱਨੀ ਸਾਲ ਦਾ ਹੀ ਸੀ ਜਦ ਕਿ ਅਮਰੀਕਾ ਵਿਚ ਰਹਿਣ ਵਾਲੇ ਭਾਰਤੀਆਂ ਵਿਚ ਅੰਗਰੇਜ਼ ਦੀ ਗੁਲਾਮੀ ਵਿਰੁੱਧ ਸ਼ਕਤੀਸ਼ਾਲੀ ਚੇਤਨਾ ਵਿਕਸਤ ਹੋਈ। ਆਜ਼ਾਦੀ ਦੀ ਭਾਵਨਾ ਨੂੰ ਜੱਥੇਬੰਦ ਕਰਕੇ ਗ਼ਦਰ ਪਾਰਟੀ ਨੇ ਅੰਗਰੇਜ਼ਾਂ ਵਿਰੁੱਧ ਨਾ ਮੁੱਕਣ ਵਾਲੀ ਲੜਾਈ ਦਾ ਮੁੱਢ ਬੰਨ੍ਹਿਆ।

ਦੇਸ਼ ਛੱਡਣ ਤੋਂ ਪਹਿਲਾਂ ਕਰਤਾਰ ਸਿੰਘ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕਰ ਚੁੱਕਾ ਸੀ। ਬਚਪਨ ਤੋਂ ਉਸ ਦਾ ਸੁਭਾਅ ਕ੍ਰਾਂਤੀਕਾਰੀਆਂ ਵਰਗਾ ਸੀ। ਉਸ ਦੇ ਸਕੂਲ ਸਮੇਂ ਦਾ ਅਧਿਐਨ ਦਰਸਾਉਂਦਾ ਹੈ ਕਿ ਉਹ ਆਪਣੇ ਸਕੂਲ-ਸਾਥੀਆਂ ਨਾਲੋਂ ਵੱਖਰੀ ਕਿਸਮ ਦੀ ਸੋਚ ਵਾਲਾ ਵਿਦਿਆਰਥੀ ਸੀ। ਖੇਡਾਂ ਵਿਚ ਉਹ ਬਾਕੀ ਵਿਦਿਆਰਥੀਆਂ ਦੀ ਅਗਵਾਈ ਕਰਦਾ ਸੀ। ਅਧਿਆਪਕਾਂ ਦੇ ਗਲਤ ਕੰਮਾਂ ਵਿਰੁੱਧ ਉਹ ਵਿਦਿਆਰਥੀਆਂ ਨੂੰ ਜਥੇਬੰਦ ਕਰਦਾ ਸੀ। 1912 ਵਿਚ ਉਹ ਕੈਲੇਫੋਰਨੀਆ ਦੀ ਸਾਨਫਰਾਂਸਿਸਕੋ ਬੰਦਰਗਾਹ 'ਤੇ ਉਤਰਿਆ ਅਤੇ ਬਹੁਤ ਸਾਰੇ ਭਾਰਤੀਆਂ ਵਾਂਗ ਕੈਲੇਫੋਰਨੀਆ ਦੇ ਖੇਤਾਂ ਵਿਚ ਮਜ਼ਦੂਰੀ ਕਰਨ ਲੱਗ ਪਿਆ। ਉੱਥੇ ਉਸ ਨੂੰ ਅਮਰੀਕਨ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਅਤੇ ਭਾਰਤੀ ਕਾਮਿਆਂ ਲਈ ਨਫ਼ਰਤ ਭਰੇ ਵਤੀਰੇ ਦਾ ਸਾਹਮਣਾ ਕਰਨਾ ਪਿਆ। ਉਸ ਨੇ ਆਪਣੇ ਦੇਸ਼ ਦੇ ਲੋਕਾਂ ਨਾਲ ਇਸ ਸੰਬੰਧੀ ਵਿਚਾਰ-ਵਟਾਂਦਰਾ ਕੀਤਾ। ਅਮਰੀਕਨਾਂ ਦੇ ਨਫ਼ਰਤ ਭਰੇ ਵਤੀਰੇ ਤੋਂ ਸਾਰੇ ਭਾਰਤੀ ਕਾਮੇ ਦੁਖੀ ਸਨ ਅਤੇ ਹੁਣ ਉਹ ਉਨ੍ਹਾਂ ਦੇ ਤ੍ਰਿਸਕਾਰ ਭਰੇ ਵਿਅੰਗਮਈ ਵਿਸ਼ੇਸ਼ਣ ਬਹੁਤਾ ਚਿਰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਕਰਤਾਰ ਸਿੰਘ ਹੋਰ ਬਹੁਤ ਸਾਰੇ ਭਾਰਤੀਆਂ ਨੂੰ ਮਿਲਿਆ ਜਿਨ੍ਹਾਂ ਦੇ ਵਿਚਾਰ ਉਸ ਨਾਲ ਮਿਲਦੇ ਸਨ। ਉਸ ਨੇ ਉਨ੍ਹਾਂ ਸਾਰਿਆਂ ਨੂੰ ਇਕੱਠੇ ਕਰਕੇ ਇਕ ਮੀਟਿੰਗ ਬੁਲਾਈ, ਜਿਸ ਵਿਚ ਲਾਲਾ ਹਰਦਿਆਲ, ਪੰਡਤ ਜਗਤ ਰਾਮ ਰਿਹਾਣਾ, ਭਾਈ ਜਵਾਲਾ ਸਿੰਘ ਤੋਂ ਇਲਾਵਾ ਬਹੁਤ ਸਾਰੇ ਭਾਰਤੀ ਕਾਮਿਆਂ ਨੇ ਹਿੱਸਾ ਲਿਆ। ਉਨ੍ਹਾਂ ਨੇ ਭਾਰਤ ਦੀ ਲੰਬੀ ਗੁਲਾਮੀ ਦੇ ਕਾਰਨਾਂ ਉਪਰ ਸੋਚ ਵਿਚਾਰ ਕੀਤੀ ਅਤੇ ਮਹਿਸੂਸ ਕੀਤਾ ਕਿ ਆਜ਼ਾਦੀ ਦੀ ਲੜਾਈ ਨੂੰ ਜਾਰੀ ਰੱਖਣ ਵਾਸਤੇ ਇਸ ਦੀ ਅਗਵਾਈ ਲਈ ਇਕ ਸ਼ਕਤੀਸ਼ਾਲੀ ਜੱਥੇਬੰਦੀ ਦੀ ਲੋੜ ਹੈ। ਇਸ ਮੀਟਿੰਗ ਵਿਚ ਇਕ ਜੱਥੇਬੰਦੀ (ਪਾਰਟੀ) ਬਣਾਉਣ ਦਾ ਮੁੱਢ ਬੰਨ੍ਹਿਆ

ਗਿਆ, ਪਰ ਆਪਣੇ ਆਪ ਇਹ ਕਿਸੇ ਏਜੰਡੇ ਉੱਪਰ ਵਿਚਾਰ ਨਾ ਕਰ ਸਕੀ

ਇਸੇ ਸਮੇਂ ਦੌਰਾਨ ਓਰੀਗੋਨ ਅਤੇ ਵਾਸ਼ਿੰਗਟਨ ਦੀਆਂ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਭਾਰਤੀ ਕਾਮਿਆਂ ਵਿਚ ਏਨੀ ਚੇਤਨਾ ਪੈਦਾ ਹੋ ਗਈ ਜਿਸ ਨੇ ਇਕ ਜੱਥੇਬੰਦੀ ਦੀਆਂ ਨੀਂਹਾ ਰੱਖ ਦਿੱਤੀਆਂ, ਜਿਸ ਦੇ ਫਲਸਰੂਪ ਵਾਸ਼ਿੰਗਟਨ ਸਟੇਟ ਦੇ ਸ਼ਹਿਰ ਆਸਟਰੀਆ ਵਿਖੇ ਮਾਰਚ 1913 ਵਿਚ ਗ਼ਦਰ ਪਾਰਟੀ ਹੋਂਦ ਵਿਚ ਆਈ। ਪਾਰਟੀ ਬਣਨ ਦੀ ਖ਼ਬਰ ਸੁਣ ਕੇ ਕਰਤਾਰ ਸਿੰਘ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਅਤੇ ਉਹ ਫੌਰਨ ਪਾਰਟੀ ਦਾ ਮੈਂਬਰ ਬਣ ਗਿਆ।

1 ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦੀ ਪ੍ਰਕਾਸ਼ਨਾ ਕਰਤਾਰ ਸਿੰਘ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਸੀ। ਇਹ ਅਖ਼ਬਾਰ ਹੱਥ ਨਾਲ ਚੱਲਣ ਵਾਲੀ ਮਸ਼ੀਨ ਉੱਪਰ ਛਾਪਿਆ ਜਾਂਦਾ ਸੀ ਅਤੇ ਮਸ਼ੀਨ ਨੂੰ ਚਲਾਉਣ ਦੇ ਨਾਲ-ਨਾਲ ਕਰਤਾਰ ਸਿੰਘ ਇਸ ਅਖ਼ਬਾਰ ਦੇ ਪੰਜਾਬੀ ਭਾਗ ਲਈ ਲੇਖ ਅਤੇ ਕਵਿਤਾਵਾਂ ਵੀ ਲਿਖਿਆ ਕਰਦਾ ਸੀ। ਅਖ਼ਬਾਰ ਦਾ ਕੰਮ ਵਧਣ ਨਾਲ ਹੋਰ ਕਈ ਸਾਥੀ ਉਸ ਕੋਲ ਆ ਗਏ ਅਤੇ ਕਰਤਾਰ ਸਿੰਘ ਕੰਮ ਵਿਚ ਉਨ੍ਹਾਂ ਸਾਰਿਆਂ ਦੀ ਸਹਾਇਤਾ ਕਰਦਾ ਸੀ। ਉਹ ਸਾਰਿਆਂ ਨੂੰ ਖੁਸ਼ ਰੱਖਦਾ ਸੀ। ਇਕ ਸੱਚੇ ਕ੍ਰਾਂਤੀਕਾਰੀ ਵਾਂਗ ਉਸ ਨੇ ਆਪਣੀ ਹਉਮੈਂ ਉਪਰ ਕਾਬੂ ਪਾ ਕੇ ਆਪਣੀ ਜ਼ਿੰਦਗੀ ਦੇਸ਼ ਦੀ ਸੇਵਾ ਲਈ ਅਰਪਨ ਕਰ ਦਿੱਤੀ ਸੀ।

ਸ਼ੁਰੂ-ਸ਼ੁਰੂ ਵਿਚ ਗ਼ਦਰ ਪਾਰਟੀ ਦੀ ਸਥਾਪਨਾ ਓਰੀਗੋਨ ਅਤੇ ਵਾਸ਼ਿੰਗਟਨ ਦੇ ਕਾਮਿਆਂ ਨੇ ਹੀ ਕੀਤੀ ਸੀ। ਕੈਲੇਫੋਰਨੀਆ ਵਾਲੇ ਸਾਥੀ ਪਿੱਛੋਂ ਇਸ ਦੇ ਮੈਂਬਰ ਬਣੇ ਸਨ। ਕੈਲੇਫੋਰਨੀਆ ਵਾਲੇ ਸਾਥੀਆਂ ਨੂੰ ਪਾਰਟੀ ਵਿਚ ਲਿਆਉਣ ਲਈ ਕਰਤਾਰ ਸਿੰਘ ਸਰਾਭਾ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ। ਫਰਵਰੀ, 1914 ਵਿਚ ਕੈਲੇਫੋਰਨੀਆ ਦੇ ਸ਼ਹਿਰ ਸਟਾਕਨਟਨ ਵਿਖੇ ਓਰੀਗੋਨ, ਵਾਸ਼ਿੰਗਟਨ ਅਤੇ ਕੈਲੇਫੋਰਨੀਆ ਦੇ ਪ੍ਰਤੀਨਿਧਾਂ ਦੀ ਇਕ ਕਾਨਫਰੰਸ ਰੱਖੀ ਗਈ, ਜਿਸ ਵਿਚ ਕੈਲੇਫੋਰਨੀਆ ਦੇ ਪ੍ਰਤੀਨਿਧਾਂ ਨੂੰ ਰਸਮੀ ਤੌਰ 'ਤੇ ਗ਼ਦਰ ਪਾਰਟੀ ਵਿਚ ਸ਼ਾਮਲ ਕੀਤਾ ਗਿਆ। ਇਸ ਨਾਲ ਗ਼ਦਰ ਲਹਿਰ ਇਕ ਨਵੀਂ ਸ਼ਕਤੀਸ਼ਾਲੀ ਪਾਰਟੀ, ਤੇ ਇਕ ਸ਼ਕਤੀਸ਼ਾਲੀ ਜਥੇਬੰਦੀ ਬਣ ਗਈ।

ਜਿਉਂ ਹੀ ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਭਾਰਤੀਆਂ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਝੰਡਾ ਚੁੱਕਣ ਲਈ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਜੰਗੀ ਸਲਾਹਕਾਰ ਕਮੇਟੀ ਦਾ ਗਠਨ ਕੀਤਾ। ਇਸ ਵਿਚ ਕਰਤਾਰ ਸਿੰਘ ਨੇ ਪ੍ਰਮੁੱਖ ਭੂਮਿਕਾ ਨਿਭਾਈ ਅਤੇ ਜਦੋਂ ਪਾਰਟੀ ਨੇ ਹਵਾਈ ਜਹਾਜ਼ ਉਡਾਉਣ ਲਈ ਸਿਖਲਾਈ ਪ੍ਰਾਪਤ ਕਰਨ ਵਾਲੇ ਵਲੰਟੀਅਰਾਂ ਦੇ ਨਾਂ ਮੰਗੇ ਤਾਂ ਕਰਤਾਰ ਸਿੰਘ ਇਸ ਕੰਮ ਲਈ ਆਪਣਾ ਨਾਂ ਲਿਖਵਾਉਣ ਵਾਲਾ ਸਭ ਤੋਂ ਪਹਿਲਾ ਵਲੰਟੀਅਰ ਸੀ ਅਤੇ ਉਸ ਨੂੰ ਇਸ ਕੰਮ ਲਈ ਚੁਣ ਵੀ ਲਿਆ ਗਿਆ ਸੀ।

ਜਦ ਪਾਰਟੀ ਨੇ ਕ੍ਰਾਂਤੀ ਲਈ ਕੰਮ ਕਰਨ ਵਾਸਤੇ ਮੈਂਬਰਾਂ ਨੂੰ ਭਾਰਤ ਭੇਜਣ ਦਾ ਫੈਸਲਾ ਕੀਤਾ ਤਾਂ ਕਰਤਾਰ ਸਿੰਘ ਪਹਿਲੇ ਬੈਚ ਵਿਚ ਹੀ ਭਾਰਤ ਜਾਣ ਵਾਲੇ ਲੋਕਾਂ

ਵਿਚ ਸਭ ਤੋਂ ਪਹਿਲਾ ਵਿਅਕਤੀ ਸੀ। ਉਹ ਭਾਰਤ ਇਕੱਲਾ ਨਹੀਂ ਆਇਆ ਸਗੋਂ ਆਪਣੇ ਨਾਲ ਤਿੰਨ ਅਮਰੀਕਨ ਕ੍ਰਾਂਤੀਕਾਰੀਆਂ ਨੂੰ ਵੀ ਲੈ ਕੇ ਆਇਆ ਜਿਨ੍ਹਾਂ ਵਿਚ ਦੋ ਪੁਰਸ਼ ਅਤੇ ਇਕ ਇਸਤਰੀ ਸੀ।

ਉਹ ਭੇਸ ਬਦਲਣ ਵਿਚ ਮਾਹਰ ਸੀ ਤੇ ਉਹ ਭੇਸ ਬਦਲ ਕੇ ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਭਾਰਤ ਵਿਚ ਦਾਖ਼ਲ ਹੋਇਆ ਅਤੇ ਇੱਥੇ ਆਉਣ ਸਾਰ ਕ੍ਰਾਂਤੀਕਾਰੀ ਕੰਮਾਂ ਵਿਚ ਵਿਅਸਥ (ਰੁੱਝ ਗਿਆ) ਹੋ ਗਿਆ।

ਉਹ ਵਿਸ਼ਨੂੰ ਗਣੇਸ਼ ਪਿੰਗਲੇ ਰਾਹੀਂ ਸਚਿੰਦਰ ਨਾਥ ਸਾਨਿਆਲ ਅਤੇ ਰਾਜ ਬਿਹਾਰੀ ਬੋਸ ਨੂੰ ਮਿਲਿਆ। ਉਹ ਪਿੰਗਲੇ ਅਤੇ ਸਾਨਿਆਲ ਨਾਲ ਪੰਜਾਬ ਤੋਂ ਬਾਹਰ ਬੜੀ ਆਜ਼ਾਦੀ ਨਾਲ ਆਉਂਦਾ ਜਾਂਦਾ ਸੀ। ਉਹ ਕਦੇ ਬਗਾਵਤ ਦਾ ਪ੍ਰਚਾਰ ਕਰਨ ਲਈ ਫੌਜੀ ਛਾਉਣੀਆਂ ਅਤੇ ਹੋਰ ਫੌਜੀ ਸੰਸਥਾਵਾਂ ਵਿਚ ਵੀ ਜਾਂਦਾ ਸੀ। ਉਹ ਕਿਲ੍ਹਾ ਫਿਰੋਜ਼ਪੁਰ ਦੇ ਸਿਪਾਹੀਆਂ ਨੂੰ ਅਸਲਾਖਾਨਾ ਲੁੱਟਣ ਲਈ ਤਿਆਰ ਕਰਨ ਵਿਚ ਸਫਲ ਹੋ ਗਿਆ।

ਉਹ ਰਾਸ ਬਿਹਾਰੀ ਬੋਸ ਦੀ ਸਲਾਹ ਮੰਨ ਕੇ ਅਤੇ ਨਵਾਬ ਖਾਨ ਦੀ ਹੱਲਾਸ਼ੇਰੀ ਕਾਰਨ ਡਕੈਤੀਆਂ ਕਰਨ ਲਈ ਤਿਆਰ ਹੋ ਗਿਆ। ਇਸ ਪਿੱਛੋਂ ਅਜਿਹੀ ਕੋਈ ਡਕੈਤੀ ਨਹੀਂ ਸੀ ਜਿਸ ਵਿਚ ਉਸ ਨੇ ਭਾਗ ਨਾ ਲਿਆ ਹੋਵੇ। ਡਕੈਤੀਆਂ ਮਾਰਨ ਸਮੇਂ ਵੀ ਆਪਣੇ ਮਿਸ਼ਨ ਬਾਰੇ ਲੋਕਾਂ ਨੂੰ ਦੱਸਣਾ ਨਹੀਂ ਭੁੱਲਦਾ। ਡਾਕਾ ਪੈਣ ਵਾਲੇ ਘਰ ਦੇ ਬੰਦਿਆਂ ਨੂੰ ਦੱਸਦਾ ਸੀ ਕਿ ਕਿਉਂਕਿ ਅੰਗਰੇਜ਼ਾਂ ਨੂੰ ਕੱਢਣ ਲਈ ਪੈਸੇ ਦੀ ਸਖ਼ਤ ਲੋੜ ਸੀ, ਇਸ ਲਈ ਡਾਕੇ ਮਾਰਨ ਤੋਂ ਬਿਨਾਂ ਉਨ੍ਹਾਂ ਕੋਲ ਆਮਦਨ ਦਾ ਹੋਰ ਕੋਈ ਸਾਧਨ ਨਹੀਂ ਸੀ ਅਤੇ ਲੋਕਾਂ ਨਾਲ ਵਾਅਦਾ ਕਰਦਾ ਸੀ ਕਿ ਆਜ਼ਾਦੀ ਪ੍ਰਾਪਤ ਕਰਨ ਪਿੱਛੋਂ ਉਨ੍ਹਾਂ ਸਾਰਿਆਂ ਦਾ ਪੈਸਾ ਸਣੇ ਵਿਆਜ ਵਾਪਸ ਮੋੜ ਦੇਵਾਂਗਾ। ਉਹ ਬੜੇ ਉੱਚੇ ਸਦਾਚਾਰਕ ਚਾਲ-ਚਲਨ ਦਾ ਮਾਲਕ ਸੀ। ਸਾਹਨੇਵਾਲ ਦੀ ਡਕੈਤੀ ਸਮੇਂ ਉਸ ਘਰ ਦੀ ਸੁੰਦਰ ਕੁੜੀ ਉਪਰ ਉਸ ਦੇ ਇਕ ਸਾਥੀ ਦੀ ਨੀਅਤ ਖ਼ਰਾਬ ਹੋ ਗਈ ਅਤੇ ਉਸ ਨੇ ਕੁੜੀ ਦੀ ਬਾਂਹ ਫੜ ਲਈ। ਸਰਾਭੇ ਨੇ ਫੌਰਨ ਸਾਥੀ ਦੀ ਛਾਤੀ ਉਪਰ ਪਿਸਤੌਲ ਰੱਖਿਆ ਅਤੇ ਉਸ ਨੂੰ ਆਪਣੇ ਗੰਦੇ ਵਿਵਹਾਰ ਲਈ ਕੁੜੀ ਤੋਂ ਮੁਆਫ਼ੀ ਮੰਗਣ ਲਈ ਮਜਬੂਰ ਕਰ ਦਿੱਤਾ। ਕਈ ਵਾਰ ਉਹ ਪੁਲਿਸ ਦੇ ਘੇਰੇ ਵਿਚੋਂ ਬਚ ਕੇ ਨਿਕਲਿਆ ਸੀ। ਇਕ ਵਾਰ ਸਾਈਕਲ ਉੱਤੇ ਚੜ੍ਹ ਕੇ ਆਪਣੇ ਕਿਸੇ ਦੋਸਤ ਨੂੰ ਮਿਲਣ ਗਿਆ। ਉਸ ਨੇ ਦੇਖਿਆ ਕਿ ਪੁਲਿਸ ਦੋਸਤ ਦੇ ਘਰ ਦੀ ਤਲਾਸ਼ੀ ਲੈ ਰਹੀ ਸੀ। ਕਰਤਾਰ ਸਿੰਘ ਨੇ ਜੈਂਟਲਮੈਨਾਂ ਵਾਂਗ ਕੋਟ ਪੈਂਟ ਪਾਈ ਸੀ। ਉਸ ਨੇ ਪੁਲਿਸ ਨੂੰ ਆਖਿਆ ਕਿ ਉਨ੍ਹਾਂ ਨੂੰ ਬੜੀ ਇਮਾਨਦਾਰੀ ਨਾਲ ਆਪਣਾ ਫਰਜ਼ ਨਿਭਾਉਣਾ ਚਾਹੀਦੈ ਅਤੇ ਸਰਕਾਰ-ਵਿਰੋਧੀ ਅਨਸਰਾਂ ਨਾਲ ਸਖ਼ਤੀ ਨਾਲ ਨਿਪਟਣਾ ਚਾਹੀਦੈ। ਪੁਲਿਸ ਵਾਲਿਆਂ ਨੇ ਉਸ ਨੂੰ ਕੋਈ ਸਰਕਾਰੀ ਮੁਲਾਜ਼ਮ ਸਮਝਿਆ। ਉਸ ਨੇ ਉਨ੍ਹਾਂ ਨਾਲ ਦਸ-ਪੰਦਰਾਂ ਮਿੰਟ ਗੱਲਾਂ ਕੀਤੀਆਂ ਅਤੇ ਉੱਥੋਂ ਚਲਾ ਗਿਆ। ਜਦ ਪੁਲਿਸ ਵਾਲਿਆਂ ਨੇ ਉਸ ਨੂੰ ਕਚਹਿਰੀ

ਵਿਚ ਦੇਖਿਆ ਤਾਂ ਉਨ੍ਹਾਂ ਨੂੰ ਬੜੀ ਸ਼ਰਮ ਆਈ। ਜਦ ਉੱਥੇ ਮੌਜੂਦ ਲੋਕਾਂ ਅਤੇ ਜੱਜ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਸੁਣ ਕੇ ਉਹ ਖੂਬ ਹੱਸੇ।

ਕ੍ਰਾਂਤੀਕਾਰੀ ਲਹਿਰ ਦੇ ਅਸਫ਼ਲ ਹੋ ਜਾਣ ਪਿੱਛੋਂ, ਪਾਰਟੀ ਦੇ ਕੁਝ ਮੈਂਬਰਾਂ ਨੇ ਭਾਰਤ ਵਿਚੋਂ ਬਚ ਕੇ ਨਿਕਲ ਜਾਣ ਦਾ ਫੈਸਲਾ ਕੀਤਾ। ਕਰਤਾਰ ਸਿੰਘ, ਹਰਨਾਮ ਸਿੰਘ ਟੁੰਡੀਲਾਟ ਅਤ ਜਗਤ ਸਿੰਘ ਆਦਿ ਨੂੰ ਅਫ਼ਗਾਨਿਸਤਾਨ ਜਾਣ ਲਈ ਆਖਿਆ ਗਿਆ ਅਤੇ ਉਹ ਉੱਥੇ ਪਹੁੰਚ ਵੀ ਗਏ। ਜਿਸ ਸਮੇਂ ਕਰਤਾਰ ਸਿੰਘ ਦੇ ਸਾਥੀ ਭਾਰਤ ਵਿਚ ਗ੍ਰਿਫਤਾਰ ਕੀਤੇ ਜਾ ਚੁੱਕੇ ਸਨ ਤਾਂ ਉਸ ਦੀ ਜ਼ਮੀਰ ਨੇ ਉਸ ਨੂੰ ਇਸ ਤਰ੍ਹਾਂ ਭੱਜ ਜਾਣ ਦੀ ਆਗਿਆ ਨਹੀਂ ਦਿੱਤੀ। ਉਹ ਆਪਣੇ ਦੋ ਮਿੱਤਰਾਂ ਨਾਲ ਵਾਪਸ ਆ ਕੇ ਸਰਗੋਧਾ ਦੇ ਚੱਕ ਨੰਬਰ 5 ਵਿਚ ਪਹੁੰਚ ਗਿਆ, ਜਿੱਥੇ ਫੌਜੀਆਂ ਦਾ ਘੋੜਿਆਂ ਦਾ ਫਾਰਮ ਸੀ ਅਤੇ ਉਸ ਨੇ ਫੌਜੀਆਂ ਵਿਚ ਬਗਾਵਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਕ ਰਸਾਲਦਾਰ ਨੇ ਉਸ ਨੂੰ ਪਛਾਣ ਲਿਆ ਅਤੇ ਉਸ ਦੇ ਮਿੱਤਰਾਂ ਸਮੇਤ ਉਸ ਨੂੰ ਗ੍ਰਿਫਤਾਰ ਕਰਵਾ ਦਿੱਤਾ।

ਮਿਸਟਰ ਟੋਮਕਿਨ ਵਰਗੇ ਸੀ.ਆਈ.ਡੀ. ਅਫ਼ਸਰ ਉਸ ਦੀ ਪੁੱਛਗਿੱਛ ਕਰਨ ਤੋਂ ਡਰਦੇ ਸਨ ਕਿਉਂਕਿ ਉਹ ਹਾਰ ਨਾ ਮੰਨਣ ਵਾਲਾ, ਆਜ਼ਾਦੀ ਦੇ ਕਾਜ ਨੂੰ ਅਰਪਣ, ਗੁਲਾਮੀ ਦਾ ਕੱਟੜ ਦੁਸ਼ਮਣ, ਨਿਧੜਕ ਨੌਜਵਾਨ ਸੀ।

ਜਦ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਉਹ ਨਜ਼ਰਬੰਦ ਸੀ ਤਾਂ ਉਸ ਨੇ ਜੇਲ੍ਹ ਤੋੜ ਕੇ ਭੱਜਣ ਦੀ ਅਸਫਲ ਕੋਸ਼ਿਸ਼ ਕੀਤੀ। ਉਹ ਆਰੀ ਅਤੇ ਕੱਟਣ ਵਾਲੇ ਹੋਰ ਸੰਦਾਂ ਅਤੇ ਬੰਬ ਬਣਾਉਣ ਵਾਲੀ ਸਮੱਗਰੀ ਸਮੇਤ ਫੜਿਆ ਗਿਆ। ਪਰ ਉਸ ਦੇ ਅੰਦਰ ਪਹਿਲਾਂ ਵਰਗਾ ਹੀ ਆਤਮ-ਵਿਸ਼ਵਾਸ ਕਾਇਮ ਸੀ। ਉਹ ਪਹਿਲਾਂ ਦੀ ਤਰ੍ਹਾਂ ਹੀ ਹੱਸਦਾ ਰਿਹਾ ਅਤੇ ਆਪਣੇ ਸਾਥੀਆਂ ਨੂੰ ਹਸਾਉਂਦਾ ਰਿਹਾ। ਉਹ ਆਪਣੀਆਂ ਹੱਥਕੜੀਆਂ ਨੂੰ ਸਾਜ਼ਾਂ ਵਜੋਂ ਵਰਤ ਕੇ ਦੇਸ਼ਭਗਤੀ ਦੇ ਗੀਤ ਗਾਇਆ ਕਰਦਾ ਸੀ।

ਜਦ ਉਸ ਦੇ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਤਾਂ ਆਪਣੇ ਜਾਣੇ ਇਕੋ ਸਮੇਂ ਦੋ ਕਚਹਿਰੀਆਂ ਵਿਚ ਪੇਸ਼ ਹੋਇਆ ਮਹਿਸੂਸ ਕਰਦਾ ਸੀ। ਜੱਜ ਆਪਣੀ ਕਚਹਿਰੀ ਲਗਾਉਂਦੇ ਸਨ ਅਤੇ ਸਰਾਭਾ ਆਪਣੇ ਮਿੱਤਰਾਂ ਨਾਲ ਲਤੀਫ਼ਿਆਂ ਅਤੇ ਹਾਸੇ-ਮਖੌਲ ਦੀ ਕਚਹਿਰੀ ਲਗਾਉਂਦਾ ਸੀ। ਜੇਲ੍ਹ ਕੋਠੜੀਆਂ ਦੀਆਂ ਛਛੂੰਦਰਾਂ ਅਤੇ ਕ੍ਰਾਂਤੀਕਾਰੀਆਂ ਦੇ ਵਿਰੁੱਧ ਭੁਗਤਣ ਵਾਲੇ ਗਵਾਹ ਉਸ ਦੇ ਵਿਅੰਗ ਦਾ ਨਿਸ਼ਾਨਾ ਹੁੰਦੇ ਸਨ। ਜੱਜ ਵਾਰ-ਵਾਰ ਘੰਟੀਆਂ ਵਜਾਉਂਦੇ ਸਨ ਪਰ ਉਹ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਸੀ ਕਰਦਾ।

ਗਵਾਹਾਂ ਦੀਆਂ ਗਵਾਹੀਆਂ ਸੁਣਨ ਤੋਂ ਪਿੱਛੋਂ ਜੱਜ ਨੇ ਕਰਤਾਰ ਸਿੰਘ ਨੂੰ ਆਪਣੀ ਸਫ਼ਾਈ ਪੇਸ਼ ਕਰਨ ਲਈ ਆਖਿਆ। ਉਸ ਨੇ ਕ੍ਰਾਂਤੀਕਾਰੀ ਲਹਿਰ ਵਿਚ ਆਪਣੇ ਵੱਲੋਂ ਪਾਇਆ ਗਿਆ ਯੋਗਦਾਨ ਸਵੀਕਾਰ ਕੀਤਾ ਅਤੇ ਬੜੇ ਫ਼ਖ਼ਰ ਨਾਲ ਐਲਾਨ ਕੀਤਾ ਕਿ ਜੋ ਕੁਝ ਉਸ ਨੇ ਕੀਤਾ ਸੀ ਆਪਣੀ ਜ਼ਿੰਮੇਵਾਰੀ ਦੇ ਅਹਿਸਾਸ

ਨਾਲ ਕੀਤਾ ਸੀ। ਅੰਗਰੇਜ਼ਾਂ ਦੀ ਗੁਲਾਮੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ ਉਹ ਆਪਣਾ ਫਰਜ਼ ਸਮਝਦਾ ਸੀ। ਉਸ ਦਾ ਫੌਜ ਨੂੰ ਬਗਾਵਤ ਕਰਨ ਲਈ ਤਿਆਰ ਕਰਨਾ, ਕੌਮੀ ਝੰਡੇ ਤਿਆਰ ਕਰਨਾ ਅਤੇ ਹੋਰ ਕ੍ਰਾਂਤੀਕਾਰੀ ਕਾਰਜ ਕਰਨਾ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਉਸ ਦੇ ਅਬਦਲ ਪੈਦਾਇਸ਼ੀ ਅਧਿਕਾਰ ਦੀ ਪੂਰਤੀ ਸੀ। ਉਸ ਦਾ ਬਿਆਨ ਲਿਖਣ ਪਿੱਛੋਂ ਜੱਜਾਂ ਨੇ ਉਸ ਨੂੰ ਪੁੱਛਿਆ, "ਕਰਤਾਰ ਸਿੰਘ, ਤੈਨੂੰ ਪਤਾ ਹੈ ਤੇਰਾ ਇਹ ਬਿਆਨ ਤੈਨੂੰ ਕਿੱਥੇ ਪਹੁੰਚਾ ਦੇਵੇਗਾ?" ਕਰਤਾਰ ਸਿੰਘ ਨੇ ਜਵਾਬ ਦਿੱਤਾ ਕਿ, "ਮੈਨੂੰ ਆਪਣੀ ਹੋਣੀ ਦਾ ਪਤਾ ਹੈ। ਮੈਨੂੰ ਜਾਂ ਤਾਂ ਦੇਸ ਨਿਕਾਲਾ ਮਿਲੇਗਾ ਜਾਂ ਫਾਂਸੀ ਉੱਤੇ ਲਟਕਾ ਦਿੱਤਾ ਜਾਵੇਗਾ।" ਜੱਜ ਨੇ ਆਖਿਆ, "ਮੈਂ ਤੈਨੂੰ ਇਕ ਰਾਤ ਹੋਰ ਸੋਚਣ ਲਈ ਦਿੰਦਾ ਹਾਂ।" ਪਰ ਅਗਲੇ ਦਿਨ ਵੀ ਕਰਤਾਰ ਸਿੰਘ ਆਪਣੇ ਪਹਿਲੇ ਬਿਆਨ 'ਤੇ ਕਾਇਮ ਰਿਹਾ ਅਤੇ ਜੱਜ ਨੂੰ ਕਿਹਾ ਕਿ "ਜਿਹੜਾ ਬਿਆਨ ਉਸ ਨੇ ਪਹਿਲਾਂ ਦਿੱਤਾ ਸੀ, ਉਸ ਦਾ ਇਕ-ਇਕ ਸ਼ਬਦ ਉਸ ਨੇ ਪੂਰੀ ਜ਼ਿੰਮੇਵਾਰੀ ਨਾਲ ਆਖਿਆ ਸੀ ਅਤੇ ਉਹ ਕਿਸੇ ਵੀ ਸ਼ਬਦ ਤੋਂ ਮੁਕਰਨ ਲਈ ਤਿਆਰ ਨਹੀਂ।"

ਜਦ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤਾਂ ਉਹ ਬੜੇ ਜੋਸ਼ ਨਾਲ ਉੱਚੀ-ਉੱਚੀ ਹੱਸਿਆ ਅਤੇ ਜੱਜ ਦਾ ਧੰਨਵਾਦ ਕੀਤਾ। ਮੌਤ ਦੀ ਸਜ਼ਾ ਸੁਣਾਏ ਜਾਣ ਪਿੱਛੋਂ ਕਰਤਾਰ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਵਾਲੇ ਮੁਜ਼ਰਮਾਂ ਵਾਲੇ ਕੱਪੜੇ ਪੁਆ ਕੇ ਅਜਿਹੇ ਮੁਜ਼ਰਮਾਂ ਲਈ ਬਣੀਆਂ ਖਾਸ ਕੋਠੜੀਆਂ ਵਿਚ ਬੰਦ ਕਰ ਦਿੱਤਾ ਗਿਆ। ਜੇਲ੍ਹ ਸੁਪਰਡੈਂਟ ਕਾਨੂੰਨੀ ਕਾਰਵਾਈ ਪੂਰੀ ਕਰਨਾ ਚਾਹੁੰਦਾ ਸੀ। ਕਰਤਾਰ ਸਿੰਘ ਨੇ ਜਵਾਬ ਦਿੱਤਾ, "ਮੈਨੂੰ ਰਹਿਮ ਦੀ ਅਪੀਲ ਵਿਚ ਕੋਈ ਦਿਲਚਸਪੀ ਨਹੀਂ। ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਛੇਤੀਂ ਤੋਂ ਛੇਤੀਂ ਫਾਂਸੀ ਦਿੱਤੀ ਜਾਵੇ ਤਾਂ ਕਿ ਮੈਂ ਦੁਬਾਰਾ ਜਨਮ ਲੈ ਕੇ ਮੁੜ ਗੁਲਾਮੀ ਵਿਰੁੱਧ ਲੜ ਸਕਾਂ।"

16 ਨਵੰਬਰ, 1915 ਨੂੰ ਸਰਕਾਰ ਨੇ ਇਕ ਫੈਸਲੇ ਰਾਹੀਂ 17 ਗ਼ਦਰੀ ਕ੍ਰਾਂਤੀਕਾਰੀਆਂ ਦੀ ਮੌਤ ਦੀ ਸ਼ਜ਼ਾ ਘਟਾ ਕੇ ਉਸ ਨੂੰ ਦੇਸ ਨਿਕਾਲੇ ਵਿਚ ਬਦਲ ਦਿੱਤਾ, ਪਰ ਕਰਤਾਰ ਸਿੰਘ ਅਤੇ ਉਸਦੇ ਛੇ ਸਾਥੀਆਂ ਦੀ ਮੌਤ ਦੀ ਸਜ਼ਾ ਬਰਕਰਾਰ ਰੱਖੀ। ਉਸ ਨੂੰ ਇਕ ਵਾਰ ਫੇਰ ਰਹਿਮ ਦੀ ਅਪੀਲ ਕਰਨ ਬਾਰੇ ਪੁੱਛਿਆ ਗਿਆ ਤਾਂ ਉਸ ਦਾ ਉਹੀ ਜਵਾਬ ਸੀ, "ਮੈਨੂੰ ਛੇਤੀਂ ਤੋਂ ਛੇਤੀਂ ਫਾਂਸੀ ਦਿਓ।"

ਕਰਤਾਰ ਸਿੰਘ ਦੇ ਮਾਤਾ-ਪਿਤਾ ਉਸ ਦੇ ਬਚਪਨ ਸਮੇਂ ਹੀ ਸੁਰਗਵਾਸ ਹੋ ਗਏ ਸਨ। ਉਸ ਦੇ ਬਿਰਧ ਦਾਦੇ ਨੇ ਉਸ ਨੂੰ ਪਾਲਿਆ ਸੀ। ਜਦ ਉਹ ਪਹਿਲੀ ਵਾਰ ਕਰਤਾਰ ਸਿੰਘ ਨਾਲ ਮੁਲਾਕਾਤ ਕਰਨ ਲਈ ਜੇਲ੍ਹ ਵਿਚ ਆਇਆ ਤਾਂ ਉਹ ਰੋਣ ਲੱਗ ਪਿਆ। ਕਰਤਾਰ ਸਿੰਘ ਨੇ ਉਸ ਨੂੰ ਆਖਿਆ, "ਦਾਦਾ ਜੀ, ਤੁਸੀਂ ਕਿਉਂ ਰੋਂਦੇ ਹੋ, ਮੈਂ ਪਰਿਵਾਰ ਲਈ ਕੋਈ ਬਦਨਾਮੀ ਖੱਟ ਕੇ ਨਹੀਂ ਜਾ ਰਿਹਾ। ਮੈਨੂੰ ਤੀਹ ਕਰੋੜ ਗੁਲਾਮ, ਦੱਬੇ ਕੁਚਲੇ ਲੋਕਾਂ ਵਾਸਤੇ ਆਜ਼ਾਦੀ ਖਾਤਰ ਕੰਮ ਕਰਨ ਦੇ ਜ਼ੁਰਮ ਵਿਚ ਫਾਂਸੀ ਦਿੱਤੀ ਜਾ ਰਹੀ ਹੈ। ਤੁਹਾਨੂੰ ਅਜਿਹੀ ਸ਼ਾਨਦਾਰ ਮੌਤ ਉਪਰ ਰੋਣ ਦੀ ਬਜਾਇ ਖੁਸ਼ ਹੋਣਾ

ਚਾਹੀਦੈ।" ਕਰਤਾਰ ਸਿੰਘ ਦੇ ਮੂੰਹੋਂ ਅਜਿਹੇ ਦਲੇਰੀ ਭਰੇ ਸ਼ਬਦ ਸੁਣ ਕੇ ਦਾਦਾ ਜੀ ਖ਼ੁਸ਼ ਹੋ ਗਏ ਅਤੇ ਉਸ ਨੇ ਕਰਤਾਰ ਸਿੰਘ ਨੂੰ ਅੰਤਿਮ ਅਸ਼ੀਰਵਾਦ ਦਿੱਤੀ।

17 ਨਵੰਬਰ, 1915 ਵਾਲੇ ਦਿਨ ਕਰਤਾਰ ਸਿੰਘ ਅਤੇ ਉਸ ਦੇ ਛੇ ਸਾਥੀਆਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਉਸ ਦੀ ਸ਼ਹਾਦਤ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਕਰਤਾਰ ਸਿੰਘ ਨੇ ਖ਼ੁਦ ਆਪਣੇ ਗਲ ਵਿਚ ਫਾਂਸੀ ਵਾਲਾ ਫੰਧਾ ਪਾਇਆ। ਮੌਤ ਦਾ ਮਖੌਲ ਉਡਾਉਂਦਾ ਹੋਇਆ ਅਮਰ ਹੋ ਗਿਆ। ਆਪਣੀ ਜ਼ਿੰਦਗੀ ਦੇ ਬਹੁਤ ਥੋੜ੍ਹੇ ਸਮੇਂ ਵਿਚ ਆਪਣੀ ਜਵਾਨੀ ਅਤੇ ਨਾ-ਤਜ਼ਰਬਾਕਾਰੀ ਦੇ ਬਾਵਜੂਦ ਉਹ ਸਮੁੱਚੀ ਮਨੁੱਖਤਾ ਅਤੇ ਖਾਸ ਕਰ ਆਪਣੇ ਦੇਸ਼ਵਾਸੀਆਂ ਦੀ ਸੁਤੰਤਰਤਾ ਦੇ ਕਾਰਜ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਗਿਆ। ਦੁਨੀਆ ਦੇ ਇਤਿਹਾਸ ਵਿਚ ਬਹੁਤ ਘੱਟ ਲੋਕ ਉਸ ਦੇ ਸਾਨੀ ਸਨ।

(ਅੰਗਰੇਜ਼ੀ ਵਿਚੋਂ ਪੰਜਾਬੀ ਅਨੁਵਾਦ : ਇੰਦਰ ਸਿੰਘ ਖ਼ਾਮੋਸ਼)

ਜੇ ਸਰਾਭਾ ਜਿਊਂਦਾ ਰਹਿੰਦਾ ਤਾਂ....

-ਹਰਨਾਮ ਸਿੰਘ ਟੁੰਡੀਲਾਟ

'ਕਈ ਮਹੀਨੇ ਹੁਏ ਮੈਨੇ ਆਪਕੋ ਏਕ ਖ਼ਤ ਕੇ ਜਵਾਬ ਮੇਂ ਲਿਖਾ ਥਾ ਕਿ ਅਖ਼ਬਾਰ 'ਗ਼ਦਰ' ਕਾ ਪਹਿਲਾ ਪਰਚਾ ਛਾਇਆ ਹੋਨੇ ਕੀ ਤਾਰੀਖ ਕਾ ਅਸਲੀ ਪਤਾ, ਕੁਝ ਔਰ ਸਬੂਤ ਦਰਆਫ਼ਤ ਕਰਕੇ ਬਤਲਾਊਂਗਾ। ਮਗਰ ਮਾਹ ਅਪ੍ਰੈਲ ਸੇ ਹੀ ਰੋਟੀ ਵਗੈਰਾ ਕੇ ਖ਼ਰਚ ਕੀ ਤੰਗੀ ਹੋਨੇ ਸੇ ਮੇਰੀ ਜਸਮਾਨੀ ਸਿਹਤ ਪਰ ਭੀ ਇਸ ਕਾ ਅਸਰ ਹੂਆ ਹੈ! ਇਸਕੇ ਸਾਥ ਦਿਮਾਗੀ ਪ੍ਰੇਸ਼ਾਨੀ ਜਾਂ ਚਿੰਤਾ ਫ਼ਿਕਰ ਕਾ ਦਬਾਉ ਭੀ ਹੋਨਾ ਜ਼ਰੂਰੀ ਥਾ! ਇਨ ਹਾਲਾਤ ਮੇਂ, ਮੈਂ ਉਪਰ ਵਾਲੀ ਬਾਤ ਕਾ ਜਵਾਬ ਦੇਨੇ ਕੇ ਕਾਬਲ ਨਹੀਂ ਹੋ ਸਕਾ। ਪਿਛਲੇ ਏਕ ਮਹੀਨੇ ਸੇ ਕਹੀਂ ਸੇ ਕੁਝ ਮਾਲੀ ਇਮਦਾਦ ਮਿਲਨੇ ਪਰ ਮੈਨੇ ਆਪਨੀ ਸਿਹਤ ਕੋ ਸੰਭਾਲਨਾ ਸ਼ੁਰੂ ਕੀਆ ਹੈ, ਔਰ ਮੇਰੀ ਸਿਹਤ ਮੇਂ ਕੁਝ ਬੇਹਤਰ ਤਬਦੀਲੀ ਵੀ ਆਈ ਹੈ।

ਮੁਝੇ ਕਿਸੇ ਭੀ ਨਏ ਪੁਰਾਣੇ ਸਾਥੀ ਕੀ ਇਮਦਾਦ ਸੇ ਅਖ਼ਬਾਰ 'ਗ਼ਦਰ' ਕੇ ਯਾਰੀ ਹੋਨੇ ਕੀ ਤਾਰੀਖ ਕੇ ਬਾਰੇ ਕੋਈ ਸਹਾਇਤਾ ਨਹੀਂ ਮਿਲ ਸਕੀ। ਦੋ ਤੀਨ ਪੁਰਾਣੇ ਸਾਥੀਉਂ ਸੇ ਪੂਛਾ ਗਿਆ। ਉਨਕੀ ਯਾਦਾਸ਼ਤ ਸਿਫ਼ਰ ਸੇ ਭੀ ਨੀਚੇ ਚਲੀ ਗਈ ਹੈ! ਅਪਨੀ ਏਕ ਲਿਖੀ ਹੁਈ ਕਾਪੀ ਕਾਗ਼ਜ਼ਾਤ ਮੇਂ ਦੱਬੀ ਪੜ੍ਹੀ ਦੇਖਨੇ ਕੋ ਮਿਲ ਗਈ। ਇਸ ਸੇ ਇਸ ਬਾਤ ਕੀ ਸਹੀ ਰੌਸ਼ਨੀ ਪੜੀ। ਅਖ਼ਬਾਰ 'ਗ਼ਦਰ' ਕਾ ਪਹਿਲਾ ਪਰਚਾ ਉਰਦੂ ਮੇਂ ਚਾਰ ਅਕਤੂਬਰ 1913 ਕੋ ਜਾਰੀ ਹੂਆ। ਉਰਦੂ ਕੇ ਚਾਰ ਪਰਚੇ ਨਿਕਲਨੇ ਕੇ ਬਾਦ ਗੁਰਮੁਖੀ ਕਾ ਪਰਚਾ ਸ਼ੁਰੂ ਹੂਆ। ਮੁਜ਼ੇ ਯਹ ਬਾਤ ਅੱਛੀ ਤਰ੍ਹਾਂ ਯਾਦ ਹੈ ਕਿ ਬਰਾਂਚੋਂ ਮੇਂ ਪਹਿਲਾ ਔਰ ਦੂਸਰਾ ਉਰਦੂ ਪਰਚਾ ਪਹੁੰਚਨੇ ਪਰ ਕਮ ਤਾਦਾਦ ਪਰ ਮਿਲਨੇ ਪਹਿਚਾਤ, ਉਸ ਕੀ ਤਾਦਾਦ ਮੇਂ ਅਜ਼ਾਫ਼ਾ ਕੀ ਮਾਂਗ ਕੀ ਬਾਬਤ ਦਫ਼ਤਰ ਕੋ ਬਰਾਂਚੋਂ ਕੀ ਤਰਫ਼ ਸੇ ਚਿੱਠੀਆਂ ਭੇਜੀ ਗਈਂ। ਬਰੈਡਵਿਲ ਮੇਂ ਮੈਂ ਬਰਾਂਚ ਸੈਕਟਰੀ ਥਾ, ਇਸ ਲੀਏ ਮੁਜੇ ਅੱਛੀ ਤਰ੍ਹਾਂ ਯਾਦ ਹੈ ਕਿ ਦਫ਼ਤਰ ਸੇ ਲਾਲਾ ਹਰਦਿਆਲ ਨੇ ਲਿਖਾ ਥਾ ਕਿ ਹੈਂਡ ਪ੍ਰੈਸ ਮੇਂ ਅਖ਼ਬਾਰ ਇਤਨੀ ਤਾਦਾਦ ਮੇਂ ਹੀ ਮੁਸ਼ਕਲ ਸੇ ਛਪ ਸਕਤਾ ਹੈ। ਔਰ ਉਸ ਵਕਤ ਪਰ ਦਫ਼ਤਰ ਔਰ ਪ੍ਰੈਸ ਮੇਂ ਤੀਨੋ ਆਦਮੀ ਕਰਤਾਰ ਸਿੰਘ, ਰਘਵੀਰ ਦਿਆਲ ਗੁਪਤਾ ਦੋਨੋ 18 ਸਾਲ ਕੀ ਉਮਰ ਕੇ (ਸਕੂਲੀ ਲੜਕੇ) ਔਰ ਤੀਸਰੇ ਲਾਲਾ ਜੀ। ਇਨ ਤੀਨੋ ਨੇ ਹੀ ਮਿਹਨਤ ਮੁਸ਼ਕਤ ਕਾ ਕਾਮ ਕਭੀ ਨਹੀਂ ਕੀਆ ਹੂਆ ਥਾ। ਹਾਂ ਕਰਤਾਰ ਸਿੰਘ ਪੰਜਾਬੀ

ਜੱਟ ਸਪੁੱਤਰ ਜੋ 19ਵੀਂ ਸਦੀ ਕੇ ਕੁਝ ਸਾਲ ਬਾਕੀ ਰਹਿਤੇ ਪੈਦਾ ਹੂਆ ਹੋਨੇ ਕੀ ਵਜਾਹ ਸੇ ਕੁਝ ਨਾ ਕੁਝ ਮੁਸ਼ਕਤ ਕਾ ਕਾਮ ਕਰ ਸਕਤਾ ਥਾ।

ਅਮਰੀਕੀ ਪ੍ਰੈਸ ਮੈਨ ਗੋਰਾ ਅਕੇਲਾ ਹੀ ਥਾ, ਜੋ ਅਪਨੇ ਸਾਥੀਓਂ ਕੋ ਕਾਮ ਸਿਖਾਤਾ ਵੀ ਥਾ ਔਰ ਹੈਂਡ ਪ੍ਰੈਸ ਕੋ ਘੁਮਾਤਾ ਭੀ ਥਾ। ਇਸ ਹਾਲਤ ਮੇਂ ਪਰਚੇ ਮਾਂਗ ਸੇ ਕਮ ਛਪਤੇ ਥੇ, ਤਕਰੀਬਨ ਤੀਨ ਉਰਦੂ ਪਰਚੇ ਬਰਾਚੋਂ ਮੇਂ ਪਹੁੰਚਨੇ ਕੇ ਬਾਅਦ ਪਰਚੋਂ ਕੀ ਜਿਆਦਾ ਮਾਂਗ ਥੀ। ਚਿੱਠੀਉਂ ਕੇ ਜਵਾਬ ਮੇਂ ਲਾਲਾ ਹਰਦਿਆਲ ਨੇ ਲਿਖਾ ਥਾ ਕੇ ਹੈਂਡ ਪ੍ਰੈਸ ਮੇਂ ਇਤਨੇ ਹੀ ਪਰਚੇ ਮੁਸ਼ਕਲ ਸੇ ਛਪ ਸਕਤੇ ਹੈਂ। ਏਕ ਸੈਕੰਡ ਹੈਂਡ ਪ੍ਰੈਸ ਮਸ਼ੀਨ ਬਿਜਲੀ ਸੇ ਚਲਨੇ ਵਾਲੀ ਬਾਈ ਸੌ ਡਾਲਰ ਮੇਂ ਮਿਲਤੀ ਹੈ, ਇਸ ਲੀਏ ਡਾਲਰ ਭੇਜੀਏ। ਹਰਦਿਆਲ ਕੀ ਇਸ ਚਿੱਠੀ ਪਰ ਬ੍ਰੈਡਵਿਲ, ਸੈਂਟਜਾਨ, ਪੋਰਟਲੈਂਡ, ਲਿੰਟਨ ਕੇ ਮੁਖੀ ਮਿਲੇ ਔਰ ਫੈਸਲਾ ਹੂਆ ਕਿ 2200 ਡਾਲਰ ਭੇਜ ਦੀਆ ਜਾਏ। ਔਰ ਭੇਜ ਦੀਆ ਗਆ। ਅਬ ਤੱਕ ਮੈਂ ਬ੍ਰਾਈਡਲਵਿਲ ਮੇਂ ਹੀ ਥਾ। ਉਰਦੂ ਕਾ ਚੌਥਾ ਪਰਚਾ ਮੁਝੇ ਬ੍ਰਾਈਡਲਵਿਲ ਮੇਂ ਹੀ ਮਿਲਾ ਥਾ। ਅਬ ਤੱਕ ਨਾ ਮਸ਼ੀਨ ਪ੍ਰੈਸ ਲਗਾ ਥਾ ਨਾ ਗੁਰਮੁਖੀ ਕਾ ਪਰਚਾ ਛਪਾ ਥਾ। ਮੁਝੇ ਪ੍ਰੈਜੀਡੈਂਟ ਪਾਰਟੀ ਕਾ ਖ਼ਤ ਅਕਤੂਬਰ ਕੇ ਆਖਰੀ ਹਫਤਾ ਮੇਂ ਮਿਲਾ ਥਾ, ਜਿਸ ਮੇਂ ਮੇਰੇ ਲੀਏ ਹੁਕਮ ਥਾ ਕਿ ਮੈਂ ਆਪਨਾ ਕਾਮ ਫੌਰਨ ਛੋੜ ਕੇ ਸਾਨਫ੍ਰਾਂਸਿਸਕੋ ਚਲਾ ਜਾਊਂ। ਮੁਝੇ ਅਪਨੇ ਖੁਦ ਕੀਏ ਹੂਏ ਇਕਰਾਰ ਕੇ ਮੁਤਾਬਕ ਜੇਹ ਬਾਤ ਮਾਨਨੀ ਥੀ। ਇਸ ਲੀਏ 1 ਨਵੰਬਰ 1913 ਕੋ ਅਪਨਾ ਕਾਮ ਛੋਡ ਕਰ ਬ੍ਰਾਈਡਲਵੈਲ ਸੇ ਚਲਾ ਗਆ। ਮੇਰੇ ਬਹਾਂ ਪਹੁੰਚਨੇ ਪਰ ਪ੍ਰੈਸ ਮਸ਼ੀਨ ਫਿਟ ਹੋ ਚੁੱਕੀ ਥੀ। ਗੁਰਮੁਖੀ ਕਾ ਪਹਿਲਾ ਪਰਚਾ ਮੇਰੇ ਬਹਾਂ ਪਹੁੰਚਨੇ ਪਰ ਛਾਆ ਹੂਆ ਥਾ। ਉਸ ਪਹਿਲੇ ਪਰਚੇ ਮੇਂ ਕਰਤਾਰ ਸਿੰਘ ਨੇ ਪੁਰਾਣੀ ਮਸ਼ਹੂਰ ਪੰਜਾਬੀ ਨਜ਼ਮ "ਪਗੜੀ ਸੰਭਾਲ ਜੱਟਾ" ਲਿਖੀ ਥੀ। ਪਹਿਲੇ ਛਪਨੇ ਵਾਲੇ ਉਰਦੂ ਪਰਚੋਂ ਮੇਂ ਲਾਲਾ ਹਰਦਿਆਲ ਕੇ ਇੰਤਜ਼ਾਮ ਸੇ ਦੇਸ਼ ਭਗਤੀ ਕੀ ਨਜ਼ਮ ਛਪ ਜਾਤੀ ਰਹੀ ਥੀ। ਕਰਤਾਰ ਸਿੰਘ ਕੋ ਯਹ ਖਿਆਲ ਪੈਦਾ ਹੂਆ ਥਾ ਕਿ ਪੰਜਾਬੀ ਪਰਚੇ ਮੇਂ ਪੰਜਾਬੀ ਨਜ਼ਮ ਭੀ ਹੋਨੀ ਚਾਹੀਏ। ਯਹ ਨਜ਼ਮ ਉਸੇ ਜਬਾਨੀ ਯਾਦ ਥੀ ਔਰ ਯਹ ਪਹਿਲੇ ਪਰਚੇ ਮੇਂ ਛਪੀ ਥੀ ਔਰ ਗੁਰਮੁਖੀ ਕਾ ਪਹਿਲਾ ਪਰਚਾ ਮੇਰੇ ਸਾਨਫ੍ਰਾਂਸਿਸਕੋ ਪਹੁੰਚਨੇ ਪਰ ਮੇਰੀ ਮੌਜੂਦਗੀ ਮੇਂ ਮਸ਼ੀਨ ਪ੍ਰੈਸ ਪਰ ਛਪਾ ਥਾ। ਦੂਸਰਾ ਸਬੂਤ, ਮਾਹ ਨਵੰਬਰ 'ਗ਼ਦਰ' ਕਾ ਪਰਚਾ ਛਪਨੇ ਕੀ ਤਾਰੀਖ 22 ਨਵੰਬਰ ਆਤੀ ਥੀ। ਮੇਰੀ ਮੌਜੂਦਗੀ ਮੇਂ ਲਾਲਾ ਹਰਦਿਆਲ ਨੇ ਯਹ ਤਜ਼ਵੀਜ਼ ਬਤਲਾਈ ਥੀ ਕਿ 22 ਤਾਰੀਖ ਕੋ ਛਾਇਆ ਹੋਨੇ ਵਾਲੇ ਪਰਚੇ ਕੀ ਤਾਰੀਖ ਤਬਦੀਲ ਕਰਕੇ 20 ਨਵੰਬਰ ਕੋ ਕਰ ਦੇਨੀ ਚਾਹੀਏ, ਕਿਉਂਕਿ 20 ਨਵੰਬਰ 1912 ਕੋ ਦਿੱਲੀ ਲਾਰਡ ਹਰਡਿੰਗ ਪਰ ਹਿੰਦੁਸਤਾਨੀ ਦੇਸ਼ ਭਗਤੋਂ ਨੇ ਬੰਬ ਫੈਂਕਾ ਥਾ। ਇਸ ਤਰ੍ਹਾਂ ਉਸ ਬੰਬ ਕੀ ਯਾਦ ਮੇਂ ਪੈਹਲੇ 22 ਨਵੰਬਰ ਕੋ ਛਪਨੇ ਵਾਲੇ ਪਰਚੇ ਕੀ ਤਾਰੀਖ ਤਬਦੀਲ ਕਰਕੇ 20 ਨਵੰਬਰ ਕਰ ਦੀ ਗਈ, ਔਰ ਆਇੰਦਾ ਪਰਚਾ ਇਸੀ ਤਾਰੀਖ ਕੇ ਹਿਸਾਬ ਸੇ ਹਫ਼ਤਾਵਾਰੀ ਛਪਤਾ ਰਹਾ। ਬੇਸ਼ਕ ਗੁਰਮੁਖੀ ਪਹਿਲਾ ਪਰਚਾ ਪਹਿਲੀ ਨਵੰਬਰ ਕੋ ਛਾਇਆ ਹੂਆ ਥਾ।

ਸ਼ਹੀਦ ਸਰਾਭਾ ਜੀ ਤੇ ਗ਼ਦਰ ਪ੍ਰੈੱਸ

"ਗ਼ਦਰ ਪਾਰਟੀ ਦੀ ਸਥਾਪਤੀ ਤੋਂ ਬਾਅਦ ਇਸ ਦੇ ਮੰਤਵ ਤੈਅ ਕੀਤੇ ਗਏ: 1) ਅਮਰੀਕਾ ਵਿਚ ਪਾਰਟੀ ਦੇ ਪ੍ਰਚਾਰ ਲਈ ਹਿੰਦੁਸਤਾਨੀ ਬੋਲੀਆਂ ਵਿਚ ਅਖ਼ਬਾਰ ਕੱਢਣਾ, 2) ਅਮਰੀਕਾ ਦੇ ਦੂਜੇ ਮੁਲਕਾਂ ਵਿਚ ਗ਼ਦਰ ਪਾਰਟੀ ਦੀਆਂ ਸ਼ਾਖਾਂ ਕਾਇਮ ਕਰਨਾ, 3) ਅਮਰੀਕਾ ਵਿਚ ਹੁਸ਼ਿਆਰ ਵਿਅਕਤੀਆਂ ਨੂੰ ਟ੍ਰੇਨਿੰਗ ਦੇ ਕੇ ਖ਼ੁਫ਼ੀਆ ਤੌਰ ਤੇ ਹਿੰਦੁਸਤਾਨ ਭੇਜਣਾ ਅਤੇ ਉਨ੍ਹਾਂ ਰਾਹੀਂ ਹਿੰਦੁਸਤਾਨ ਅੰਦਰ ਪਾਰਟੀ ਦੀਆਂ ਖ਼ੁਫ਼ੀਆ ਸ਼ਾਖਾਂ ਕਾਇਮ ਕਰਨਾ, 4) ਹਿੰਦੁਸਤਾਨੀ ਫ਼ੌਜੀ ਸਿਪਾਹੀਆਂ ਵਿਚ ਦੇਸ਼ ਭਗਤੀ ਦਾ ਪ੍ਰਚਾਰ ਕਰਕੇ ਗ਼ਦਰ ਵਾਸਤੇ ਆਪਣੇ ਵਿਚਾਰ ਨਾਲ ਸਹਿਮਤ ਕਰਨਾ।

ਔਰੇਗਨ ਦੇ ਦੌਰੇ ਸਮੇਂ ਲਾਲਾ ਹਰਦਿਆਲ ਨੇ ਕੈਲੇਫੋਰਨੀਆਂ ਦੇ ਖੇਤਾਂ ਅਤੇ ਬਾਗਾਂ ਵਿਚ ਕੰਮ ਕਰਦੇ ਕੁਝ ਸਾਥੀਆਂ ਤੋਂ ਤਨ-ਮਨ-ਧਨ ਨਾਲ ਇਸ ਕਾਰਜ ਵਿਚ ਮਦਦ ਦੇਣ ਦਾ ਵਚਨ ਲਿਆ ਸੀ। ਉਨ੍ਹਾਂ 'ਚੋਂ ਕੁਝ ਨਾਮ ਹਨ-ਭਾਈ ਰੂੜ ਸਿੰਘ ਤੇ ਭਾਈ ਚੰਨਣ ਸਿੰਘ ਚੂਹੜਚੱਕ, ਪੰਡਤ ਜਗਤ ਰਾਮ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ, ਕਰਤਾਰ ਸਿੰਘ ਸਰਾਭਾ ਤੇ ਕਰਤਾਰ ਸਿੰਘ ਦੁੱਕੀ ਲਤਾਲਾ ਜ਼ਿਲ੍ਹਾ ਲੁਧਿਆਣਾ।

ਲਾਲਾ ਹਰਦਿਆਲ ਏਥੋਂ ਸਾਨਫਰਾਂਸਿਸਕੋ ਜਾ ਕੇ ਅਖ਼ਬਾਰ ਕੱਢਣ ਦਾ ਵਾਅਦਾ ਕਰਕੇ ਵਾਪਸ ਕੈਲੇਫੋਰਨੀਆਂ ਚਲੇ ਗਏ। ਮਈ, ਜੂਨ, ਜੁਲਾਈ, ਅਗਸਤ ਤਿੰਨ-ਚਾਰ ਮਹੀਨੇ ਲੰਘ ਗਏ ਪਰ ਗ਼ਦਰ ਅਖ਼ਬਾਰ ਨਾ ਨਿਕਲਿਆ। ਕਈ ਮੈਂਬਰ ਆਪਣੇ ਪਹਿਲੇ ਤਜ਼ਰਬੇ ਦੇ ਆਧਾਰ ਤੇ ਸਮਝਣ ਲੱਗ ਪਏ ਕਿ ਹਿੰਦੁਸਤਾਨ ਦੇ ਪੜ੍ਹੇ-ਲਿਖੇ ਦੇਸ਼ ਭਗਤ ਕੇਵਲ ਗੱਲਾਂ ਮਾਰਨਾ ਤੇ ਪੈਸਾ ਵਟੋਰਨਾ ਹੀ ਜਾਣਦੇ ਹਨ, ਇਨ੍ਹਾਂ ਵਿਚ ਅਮਲੀ ਕੰਮ ਕਰਨ ਦੀ ਹਿੰਮਤ ਨਹੀਂ ਹੁੰਦੀ। ਲਾਲਾ ਜੀ ਨੂੰ ਚਿੱਠੀਆਂ ਲਿਖੀਆਂ ਗਈਆਂ ਤਾਂ ਜਵਾਬ ਆਇਆ ਕਿ ਬੀਮਾਰ ਹੋਣ ਕਰਕੇ ਅਖ਼ਬਾਰ ਪ੍ਰਕਾਸ਼ਿਤ ਨਹੀਂ ਕਰ ਸਕਿਆ। ਤੁਸੀਂ ਇਸ ਕੰਮ ਲਈ ਇਟਲੀ ਤੋਂ ਸ. ਅਜੀਤ ਸਿੰਘ ਨੂੰ ਬੁਲਾ ਲਓ। ਤਦ ਔਰੇਗਨ ਤੇ ਵਾਸ਼ਿੰਗਟਨ ਸੂਬਿਆਂ ਦੇ ਸਿਰਕੱਢ ਸਾਥੀ ਇਕੱਤਰ ਹੋਏ ਅਤੇ ਫੈਸਲਾ ਕੀਤਾ ਕਿ ਲਾਲਾ ਹਰਦਿਆਲ ਦਾ ਪਾਰਟੀ ਵਲੋਂ ਇਲਾਜ ਕੀਤਾ ਜਾਵੇ ਅਤੇ ਉਨ੍ਹਾਂ ਦੇ ਰੋਟੀ ਕੱਪੜੇ ਦੇ ਖ਼ਰਚ ਲਈ 25 ਡਾਲਰ ਮਾਹਵਾਰ ਦਿੱਤਾ ਜਾਵੇ। ਇਸ ਫੈਸਲੇ ਦੀ ਇਤਲਾਹ ਲਾਲਾ ਜੀ ਨੂੰ ਦਿੱਤੀ ਗਈ ਅਤੇ ਇਕ ਨੌਜਵਾਨ ਰਘੁਵੀਰ ਦਿਆਲ ਗੁਪਤਾ ਨੂੰ ਬਰਾਈਡਲਵੀਲ ਤੋਂ ਲਾਲਾ ਜੀ ਦੀ ਖਬਰਸਾਰ ਲਈ ਸਾਨਫਰਾਂਸਿਸਕੋ ਭੇਜ ਦਿੱਤਾ।

ਤਦ ਲਾਲਾ ਜੀ ਨੇ ਕਰਤਾਰ ਸਿੰਘ ਸਰਾਭਾ ਨੂੰ ਨਾਲ ਲੈ ਕੇ ਗ਼ਦਰ ਅਖ਼ਬਾਰ ਦਾ ਪਹਿਲਾ ਪਰਚਾ ਕੱਢ ਕੇ ਡਾਕ ਵਿਚ ਭੇਜਿਆ। ਪਿਛਲੇ ਤਿੰਨ ਚਾਰ ਮਹੀਨਿਆਂ ਵਿਚ ਲੈਥੋ ਪ੍ਰੈੱਸ ਦਾ ਬੰਦੋਬਸਤ ਕਰ ਲਿਆ ਸੀ। ਦੋ-ਤਿੰਨ ਹਫ਼ਤੇ ਮਗਰੋਂ ਅਖ਼ਬਾਰ ਦਾ ਗੁਰਮੁਖੀ ਐਡੀਸ਼ਨ ਵੀ ਚੱਲ ਪਿਆ ਸੀ। ਅਖ਼ਬਾਰ ਦੀ ਮੰਗ ਬਹੁਤ ਸੀ ਪਰ ਪਰਚੇ ਬਹੁਤ ਥੋੜੇ ਆਇਆ ਕਰਦੇ ਸਨ ਕਿਉਂਕਿ ਛਪਾਈ ਦਾ ਕੰਮ ਅਜੇ ਹੱਥ-ਮਸ਼ੀਨ ਰਾਹੀਂ ਹੀ ਹੁੰਦਾ ਸੀ।

"..... ਲਾਲਾ ਠਾਕਰ ਦਾਸ (ਸੇਂਟ ਜਾਨ) ਨੇ ਚੋਣਵੇਂ ਮੈਂਬਰਾਂ ਅਤੇ ਪ੍ਰਧਾਨ ਨੂੰ ਇਕ ਖਤਰੇ ਤੋਂ ਜਾਣੂ ਕਰਵਾਇਆ। ਇਹ ਖ਼ਤਰਾ ਸੀ ਲਾਲਾ ਹਰਦਿਆਲ ਨੂੰ ਅਗਵਾ ਕਰਨ ਜਾਂ ਕਤਲ ਕਰਵਾ ਦੇਣ ਦਾ। ਤਦ ਇਹ ਤੈਅ ਹੋਇਆ ਕਿ ਲਾਲਾ ਹਰਦਿਆਲ ਦੀ ਜਿਸਮਾਨੀ ਰੱਖਿਆ ਲਈ ਕਿਸੇ ਮੈਂਬਰ ਨੂੰ ਪੱਕੀ ਤਰ੍ਹਾਂ ਨਿਯੁਕਤ ਕੀਤਾ ਜਾਵੇ। ਇਸ ਕਾਰਜ ਲਈ ਸਾਰਿਆਂ ਨੇ ਮੇਰਾ ਨਾਉਂ ਲਿਆ। ਪ੍ਰਧਾਨ ਭਾਈ ਸੋਹਣ ਸਿੰਘ ਦੀ ਚਿੱਠੀ ਮੈਨੂੰ ਅਕਤੂਬਰ ਮਹੀਨੇ ਦੇ ਅਖੀਰ ਵਿਚ ਮਿਲੀ ਜਿਸ ਵਿਚ ਲਿਖਿਆ ਸੀ ਕਿ ਸਾਰਾ ਕੰਮ ਛੱਡ ਕੇ ਫੌਰਨ ਸਾਨਫਰਾਂਸਿਸਕੋ ਪਹੁੰਚ। ਲਾਲਾ ਹਰਦਿਆਲ ਦੀ ਜਿਸਮਾਨੀ ਸੁਰੱਖਿਆ ਦਾ ਕੰਮ ਸੰਭਾਲ ਲਓ। ਸੋ ਮੈਂ ਆਪਣਾ ਕੰਮ ਛੱਡ ਕੇ ਪਹਿਲੀ ਨਵੰਬਰ 1913 ਨੂੰ ਸਾਨਫਰਾਂਸਿਸਕੋ ਪਹੁੰਚ ਕੇ ਇਹ ਡਿਊਟੀ ਸੰਭਾਲ ਲਈ।

ਹਿਲ ਸਟਰੀਟ ਦੇ 36 ਨੰਬਰ ਵਾਲੇ ਮਕਾਨ (ਗ਼ਦਰ ਆਸ਼ਰਮ) ਵਿਚ ਜਦੋਂ ਮੈਂ ਸਵੇਰ ਦੇ ਸੱਤ ਵਜੇ ਪੁੱਜਾ ਤਾਂ ਲਾਲਾ ਹਰਦਿਆਲ, ਰਘੁਬੀਰ ਦਿਆਲ ਗੁਪਤਾ ਅਤੇ ਕਰਤਾਰ ਸਿੰਘ ਸਰਾਭਾ ਅਜੇ ਸੁੱਤੇ ਪਏ ਸਨ। ਮੈਂ ਦਰਵਾਜਾ ਖੜਕਾਇਆ ਤਾਂ ਅੰਦਰੋਂ ਅੱਖਾਂ ਮਲਦਾ ਇਕ 18-19 ਸਾਲ ਦੇ ਦਾਹੜੀ-ਮੁੱਛਾਂ ਤੋਂ ਬਗੈਰ ਇਕ ਸੁਨੱਖੇ ਨੌਜਵਾਨ ਮੁੰਡੇ ਨੇ ਦਰਵਾਜ਼ਾ ਖੋਲਿਆ ਤਾਂ ਮੈਂ ਉਸ ਨੂੰ ਪਹਿਲਾ ਸਵਾਲ ਇਹ ਕੀਤਾ ਕਿ ਕੀ ਤੇਰਾ ਨਾਮ ਕਰਤਾਰ ਸਿੰਘ ਸਰਾਭਾ ਹੈ। ਉਸ ਦੇ ਕਹਿਣ ਤੇ ਅਸੀਂ ਦੋਵੇਂ ਇਕ-ਦੂਜੇ ਦੇ ਗਲ ਲੱਗੇ ਅਤੇ ਮੈਂ ਅੰਦਰ ਜਾ ਕੇ ਲਾਲਾ ਹਰਦਿਆਲ ਅਤੇ ਰਘੁਬੀਰ ਦਿਆਲ ਗੁਪਤਾ ਨੂੰ ਬੰਦੇ ਮਾਤਰਮ ਆਖਿਆ।

ਵੁਡ ਸਟਰੀਟ ਨੰਬਰ ਪੰਜ ਵਿਚ ਪ੍ਰੈੱਸ ਮਸ਼ੀਨ ਲਗਾਈ ਗਈ ਸੀ। ਇਕ ਅਮਰੀਕਨ ਗੋਰਾ ਪ੍ਰੈਸ ਦਾ ਕੰਮ ਕਰਨ ਅਤੇ ਕਰਤਾਰ ਸਿੰਘ ਆਦਿ ਨੂੰ ਇਹ ਕੰਮ ਸਿਖਲਾਉਣ ਵਾਸਤੇ ਅੱਧਾ ਡਾਲਰ ਪ੍ਰਤੀ ਘੰਟੇ ਉਜਰਤ ਉੱਤੇ ਮੁਲਾਜਮ ਰੱਖਿਆ ਹੋਇਆ ਸੀ। ਕਰਤਾਰ ਸਿੰਘ ਲੈਥੋਂ ਪ੍ਰੈੱਸ ਅਤੇ ਪ੍ਰੈੱਸ ਮਸ਼ੀਨ ਚਲਾਉਣ ਦਾ ਕੰਮ ਚੰਗੀ ਤਰ੍ਹਾਂ ਸਿੱਖ ਚੁੱਕਿਆ ਸੀ। ਰਘੁਬੀਰ ਦਿਆਲ ਗੁਪਤਾ ਉਰਦੂ ਦੀ ਕਤਾਬਤ ਕਰਨ ਲੱਗ ਪਿਆ ਸੀ ਤੇ ਉਸ ਦਾ ਉਲਥਾ ਕਰਤਾਰ ਸਿੰਘ ਕਰ ਲੈਂਦਾ ਸੀ। ਮੈਨੂੰ ਵੀ ਕਾਫ਼ੀ ਸਮਾਂ ਮਿਲ ਗਿਆ ਸੀ ਕਿਉਂਕਿ ਲਾਲਾ ਹਰਦਿਆਲ ਬਹੁਤਾ ਸਮਾਂ ਇਥੇ ਹੀ ਰਹਿੰਦੇ ਸਨ। ਅਸੀਂ ਅਮਰੀਕਨ ਗੋਰੇ ਨੂੰ ਕੰਮ ਤੋਂ ਲਾਂਭੇ ਕਰਨ ਦਾ ਫੈਸਲਾ ਕਰ ਲਿਆ ਅਤੇ ਉਸ ਦੀ ਥਾਂ ਕੰਮ ਕਰਨ ਲਈ ਅਮਰ ਸਿੰਘ ਚੌਹਾਨ ਨੂੰ ਰੱਖ ਲਿਆ। ਇਸ ਤਰ੍ਹਾਂ ਹੁਣ ਪ੍ਰੈੱਸ ਦਾ ਕੰਮ ਵਾਲੰਟੀਅਰ ਤੌਰ ਤੇ ਖੁਦ ਹਿੰਦੁਸਤਾਨੀ ਕਰਨ ਲੱਗੇ। ਇਹੋ ਅਮਰ ਸਿੰਘ ਚੌਹਾਨ ਜਦ ਹਿੰਦੁਸਤਾਨ ਵਿਚ ਗ਼ਦਰ ਕਰਨ ਲਈ ਆਇਆ ਤਾਂ ਗ਼ਦਰ ਦੀ ਅਸਫਲਤਾ ਦੇ ਮਗਰੋਂ ਗ੍ਰਿਫ਼ਤਾਰ ਹੋ ਗਿਆ ਤਦ ਉਸ ਨੇ ਆਪਣੀ ਜਾਨ ਬਚਾਉਣ ਲਈ ਆਪਣੇ ਸਾਥੀਆਂ ਵਿਰੁੱਧ ਵਾਅਦਾ ਮੁਆਫ਼ ਗਵਾਹ ਬਣਨਾ ਕਬੂਲ ਕਰ ਲਿਆ ਸੀ। ਇਸ ਦਾ ਪਿੰਡ ਕਸਬਾ ਨਵਾਂਸ਼ਹਿਰ ਦੁਆਬ ਸੀ..."

ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਦੇ ਕੰਮ ਦੀ ਸਿੱਖਿਆ

"ਹਿੰਦੁਸਤਾਨ ਵਿਚ ਹਥਿਆਰਬੰਦ ਬਗ਼ਾਵਤ ਦਾ ਨਾਅਰਾ ਤਾਂ ਗ਼ਦਰ ਅਖ਼ਬਾਰ ਵਿਚ ਦਿੱਤਾ ਜਾ ਚੁੱਕਾ ਸੀ ਪਰ ਹਥਿਆਰ ਕਿੱਥੋ ਤੇ ਕਿਵੇਂ ਬਣਨਗੇ ਅਤੇ ਕਿੱਥੇ ਇਕੱਠੇ ਕੀਤੇ ਜਾਣਗੇ, ਇਹੋ ਜਿਹੀਆਂ ਗੱਲਾਂ ਤਾਂ ਅਖ਼ਬਾਰ ਵਿਚ ਨਹੀਂ ਸੀ ਲਿਖੀਆਂ ਜਾ ਸਕਦੀਆਂ। ਇਹ ਕੰਮ ਜਨਰਲ ਸਕੱਤਰ ਅਤੇ ਕਾਰਜਕਾਰਨੀ ਦੇ ਕੁਝ ਮੈਂਬਰਾਂ ਦੇ ਜ਼ੁੰਮੇ ਲਾਇਆ ਗਿਆ ਸੀ। ਅੰਗਰੇਜ਼ਾਂ ਅਤੇ ਜਰਮਨੀ ਦੀ ਦੁਸ਼ਮਨੀ ਕਰਕੇ ਪਾਰਟੀ ਦੇ ਜਨਰਲ ਸਕੱਤਰ ਦੇ ਸੰਬੰਧ ਸਾਨਫਰਾਂਸਿਸਕੋ ਸਥਿਤ ਰਾਜਦੂਤ ਨਾਲ ਕਾਇਮ ਕੀਤੇ ਗਏ ਸਨ। ਮਕਸਦ ਉਸ ਤੋਂ ਕਿਸੇ ਨਾ ਕਿਸੇ ਕਿਸਮ ਦੀ ਮਦਦ ਪ੍ਰਾਪਤ ਕਰਨਾ ਸੀ। ਜਰਮਨ ਰਾਜਦੂਤ ਵੀ ਇਸ ਕੰਮ ਵਿਚ ਦਿਲਚਸਪੀ ਲੈਂਦਾ ਸੀ। ਉਸ ਸਮੇਂ ਹਥਿਆਰਬੰਦੀ ਦੇ ਸਿਲਸਿਲੇ ਵਿਚ ਹਵਾਈ ਜਹਾਜ਼ ਦਾ ਕੰਮ ਵੀ ਸ਼ਾਮਿਲ ਹੋ ਗਿਆ ਸੀ। ਅਮਰੀਕਾ ਅੰਦਰ ਅੰਗਰੇਜ਼ਾਂ ਵਿਰੁੱਧ ਹਥਿਆਰ ਇਕੱਤਰ ਕਰਨ ਦਾ ਕੰਮ ਨਹੀਂ ਸੀ ਹੋ ਸਕਦਾ। ਹਥਿਆਰਾਂ ਲਈ ਅੰਗਰੇਜ਼ਾਂ ਦੇ ਕਿਸੇ ਦੁਸ਼ਮਣ ਮੁਲਕ ਵਿਚ ਹੀ ਪ੍ਰਬੰਧ ਹੋ ਸਕਦਾ ਸੀ। ਪਰ ਹਵਾਈ ਜਹਾਜ਼ ਸਿੱਖਣ ਦੀ ਅਮਰੀਕਾ ਵਿਚ ਮਨਾਹੀ ਨਹੀਂ ਸੀ। ਇਸ ਲਈ ਕਾਰਜਕਾਰਨੀ ਨੇ ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਦਾ ਕੰਮ ਸਿਖਾਉਣ ਲਈ ਫਰਾਂਸਿਸਕੋ ਦੇ ਨੇੜੇ ਹੀ ਇਕ ਜਹਾਜ਼ੀ ਫੈਕਟਰੀ ਵਿਚ ਭੇਜ ਦਿੱਤਾ। ਕਰਤਾਰ ਸਿੰਘ ਸਰਾਭਾ ਦੇ ਚਲੇ ਜਾਣ ਮਗਰੋਂ ਸੰਪਾਦਕ ਦੀ ਡਿਊਟੀ ਦੇ ਨਾਲ ਹੀ ਗੁਰਮੁਖੀ ਅਖ਼ਬਾਰ ਦੀ ਛਪਵਾਈ ਦਾ ਕੰਮ ਵੀ ਮੇਰੇ ਜ਼ੁੰਮੇ ਲੱਗ ਗਿਆ ਜਿਹੜਾ ਪਹਿਲਾਂ ਕਰਤਾਰ ਸਿੰਘ ਕਰਿਆ ਕਰਦਾ ਸੀ। ਉਸ ਵੇਲੇ ਅਖ਼ਬਾਰ ਵਾਸਤੇ ਲੇਖ ਤਾਂ ਪੰਡਤ ਰਾਮ ਚੰਦਰ ਪਸ਼ਾਵਰੀ ਹੀ ਲਿਖ ਦਿਆ ਕਰਦੇ ਸਨ ਜੋ ਸੰਪਾਦਕੀ ਬੋਰਡ ਦੇ ਮੈਂਬਰ ਵੀ ਸਨ ਅਤੇ ਆਪਣੀ ਔਰਤ ਸਮੇਤ ਉੱਥੇ ਰਹਿੰਦੇ ਸਨ। ਉਨ੍ਹਾਂ ਦੋਹਾਂ ਦੇ ਗੁਜ਼ਾਰੇ ਵਾਸਤੇ ਖਰਚ ਪਾਰਟੀ ਫੰਡ 'ਚੋਂ ਹੁੰਦਾ ਸੀ। ਮੈਨੂੰ ਕੇਵਲ ਸੰਪਾਦਕ ਦੀ ਕਾਨੂੰਨੀ ਡਿਊਟੀ ਹੀ ਨਿਭਾਉਣੀ ਪੈਂਦੀ ਸੀ। ਗੁਰਮੁਖੀ ਅਖ਼ਬਾਰ ਵਾਸਤੇ ਕਵਿਤਾ ਲਿਖਣ ਦਾ ਕੰਮ ਵੀ ਮੇਰੇ ਜ਼ੁੰਮੇ ਸੀ। ਉਰਦੂ ਅਖ਼ਬਾਰ ਵਾਸਤੇ ਰਾਜਸੀ ਕਵਿਤਾ ਹੁਣ ਪੰਡਤ ਜਗਤ ਰਾਮ ਲਿਖ ਦਿੰਦੇ ਸਨ...."

"....ਉਧਰ ਕਰਤਾਰ ਸਿੰਘ ਸਰਾਭਾ ਜੰਗ ਛਿੜਨ ਕਰਕੇ ਹਵਾਈ ਜਹਾਜ਼ ਚਲਾਉਣਾ ਸਿੱਖਣ ਦਾ ਕੰਮ ਅਧੂਰਾ ਛੱਡ ਕੇ ਹੀ ਚਲਾ ਆਇਆ ਸੀ। ਉਹ ਰਘੁਬੀਰ ਦਿਆਲ ਗੁਪਤਾ, ਅਮਰੀਕੀ ਇਨਕਲਾਬੀ ਗੋਰਾ ਜੈਕ ਅਤੇ ਆਪਣੇ ਦੋ ਤਿੰਨ ਪੰਜਾਬੀ ਮਿੱਤਰਾਂ ਨੂੰ ਨਾਲ ਲੈ ਕੇ ਪਾਰਟੀ ਫੈਸਲੇ ਦੀ ਉਡੀਕ ਕੀਤੇ ਬਿਨਾਂ ਹੀ ਹਿੰਦੁਸਤਾਨ ਨੂੰ ਚਲ ਪਿਆ ਸੀ। ਇਹ ਜੱਥਾ ਕੋਲੰਬੋ ਦੇ ਰਾਹ ਹਿੰਦੁਸਤਾਨ ਦਾਖਲ ਹੋਇਆ ਸੀ। ਅਮਰੀਕਨ ਗੋਰੇ ਪਾਸ ਪਾਸਪੋਰਟ ਨਾ ਹੋਣ ਕਰਕੇ ਉਸ ਨੂੰ ਵਾਪਸ ਮੋੜ ਦਿੱਤਾ ਸੀ ।

ਧੋਖੇ ਵਿੱਚ ਫਸਾਏ ਕੇ ਮੂਰਖਾਂ ਨੂੰ, ਲੁੱਟੀ ਜਾਵਦੇ ਠੱਗ ਮਕਾਰ ਕੈਸੇ.
ਕਹਿਣਾ ਮੰਨ ਕੇ ਪੇਟ ਪੁਜਾਰੀਆਂ ਦਾ, ਬੁੱਧੂ ਲੋਕ ਹੋ ਰਹੇ ਖੁਆਰ ਕੈਸੇ।
ਖਾਲਕ ਖਲਕ ਮੇਂ ਖਲਕ ਹੈ ਬੀਚ ਖਲਕ, ਕਿਹਾ ਸੰਤ ਕਬੀਰ ਨੇ ਸਾਫ਼ ਕੈਸੇ।

ਸੇਵਾ ਕਰੋ ਖਾਂ ਇਨ੍ਹਾਂ ਦੀ ਚਿੱਤ ਲਾ ਕੇ, ਲੋਕ ਹਿੰਦ ਦੇ ਹੈਨ ਲਾਚਾਰ ਕੈਸੇ।
ਜਿਚਰ ਤੀਕ ਹਕੀਮ ਨਾ ਮਿਲੇ ਪੂਰਾ, ਰਾਜੀ ਹੋਏਗਾ ਭਲਾ ਬੀਮਾਰ ਕੈਸੇ।
ਸੌਦੇ ਸੱਚ ਦੇ ਕਰੋ ਹਰਨਾਮ ਸਿੰਘ, ਖੁਸ਼ੀ ਹੋਊਨਾ ਫੇਰ ਕਰਤਾਰ ਕੈਸੇ।

ਇਹ ਕਵਿਤਾ ਲਿਖਣੇ ਤੋਂ ਲਗਭਗ 12 ਸਾਲ ਪਹਿਲਾਂ ਕਰਤਾਰ ਨਾਮ ਦੀ ਕੋਈ ਸ਼ੈਅ ਇਸ ਬ੍ਰਹਿਮੰਡ ਵਿੱਚ ਕਿਤੇ ਵੀ ਮੌਜੂਦ ਨਹੀਂ ਹੈ। ਇਸ ਬਾਤ ਦਾ ਮੈਨੂੰ ਠੀਕ ਇਲਮ ਹੋ ਚੁੱਕਾ ਹੈ।

ਮੇਰਾ ਸਾਥੀ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 17 ਨਵੰਬਰ ਦਾ ਦਿਨ ਨੇੜੇ ਆ ਰਿਹਾ ਹੈ। 19 ਸਾਲਾ ਨੌਜਵਾਨ ਕਰਤਾਰ ਸਿੰਘ ਸਰਾਭਾ ਦੀ ਹੱਸ ਮੁੱਖ ਪੁਰਾਣੀ ਸ਼ਕਲ ਦਿਸ ਰਹੀ ਹੈ। ਜੇ ਉਹ ਅੱਜ ਤੱਕ ਜ਼ਿੰਦਾ ਰਹਿੰਦਾ ਤਾਂ ਉਹ ਵੀ ਹਰ ਤਰ੍ਹਾਂ ਦੀ ਜਿਸਮਾਨੀ ਬੀਮਾਰੀਆਂ ਦਾ ਸ਼ਿਕਾਰ ਹੁੰਦਾ। ਕਰਤਾਰ ਸਿੰਘ ਸਰਾਭਾ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਵਿੱਚ ਹੋਇਆ ਸੀ। ਉਸ ਦੇ ਬਾਪ ਦਾਦਾ ਖੇਤੀ ਦਾ ਕੰਮ ਕਰਦੇ ਸਨ। ਸਕੂਲ ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਕਰਤਾਰ ਸਿੰਘ ਨੂੰ ਉਸ ਦੇ ਮਾਂ-ਬਾਪ ਨੇ ਲੁਧਿਆਣਾ ਦੇ ਹਾਈ ਸਕੂਲ ਵਿੱਚ ਪੜ੍ਹਨੇ ਪਾ ਦਿੱਤਾ। ਇਸੇ ਸਮੇਂ ਕਰਤਾਰ ਸਿੰਘ ਦੇ ਬਾਪ ਦੀ ਮੌਤ ਹੋ ਗਈ। ਅਤੇ ਪਰਿਵਾਰ ਸਾਂਝਾ ਹੋਣ ਕਰਕੇ ਕਰਤਾਰ ਸਿੰਘ ਦੀ ਪੜ੍ਹਾਈ ਜਾਰੀ ਰੱਖਣ ਵਿੱਚ ਕੋਈ ਵਿਘਨ ਨਹੀਂ ਪਿਆ। ਇਸ ਦਾ ਚਾਚਾ ਉੜੀਸਾ ਪ੍ਰਾਂਤ ਵਿੱਚ ਮਹਿਕਮਾ ਜੰਗਲਾਤ ਵਿੱਚ ਸਰਕਾਰੀ ਨੌਕਰੀ 'ਤੇ ਸਨ। ਦਸਵੀਂ ਜਮਾਤ ਵਿੱਚ ਚੰਗੇ ਨੰਬਰਾਂ ਨਾਲ ਪਾਸ ਹੋਣ ਤੋਂ ਬਾਅਦ ਐਫ.ਏ. ਵਿੱਚ ਦਾਖਲ ਕਰਾਉਣ ਦੀ ਬਜਾਏ ਕਰਤਾਰ ਸਿੰਘ ਦੇ ਚਾਚਿਆਂ ਨੇ ਉਸ ਨੂੰ ਅਮਰੀਕਾ ਉਚੀ ਪੜ੍ਹਾਈ ਲਈ ਭੇਜ ਦਿੱਤਾ।

1912 ਵਿੱਚ ਸਾਨਫਰਾਂਸਿਸਕੋ ਨੇੜੇ ਬਰਕਲੇ ਯੂਨੀਵਰਸਿਟੀ ਵਿੱਚ ਦਾਖਲ ਹੋ ਗਿਆ। ਉਸ ਸਮੇਂ ਬਰਕਲੇ ਯੂਨੀਵਰਸਿਟੀ ਵਿੱਚ ਕਈ ਪ੍ਰਾਂਤਾਂ ਦੇ ਨੌਜਵਾਨ ਉਥੇ ਤਾਲੀਮ ਹਾਸਲ ਕਰ ਰਹੇ ਸਨ। ਸੂਬਾ ਬੰਬਈ, ਗੁਜਰਾਤ, ਬੰਗਾਲ, ਮਹਾਰਾਸ਼ਟਰ, ਮਦਰਾਸ, ਪੰਜਾਬ ਆਦਿ ਸਾਰੇ ਸੂਬਿਆਂ ਦੇ ਵਿਦਿਆਰਥੀ ਉਥੇ ਪੜ੍ਹ ਰਹੇ ਸਨ। ਇਹ ਸਾਰੇ ਅਮਰੀਕਾ ਵਿੱਚ ਉਚੇ ਦਰਜੇ ਦੀ ਤਾਲੀਮ ਪ੍ਰਾਪਤ ਕਰਕੇ ਹਿੰਦੋਸਤਾਨ ਵਿੱਚ ਆ ਕੇ ਚੰਗੀ ਤਨਖਾਹ ਵਾਲੀਆਂ ਅਸਾਮੀਆਂ 'ਤੇ ਨੌਕਰੀ ਕਰਨਾ ਚਾਹੁੰਦੇ ਸਨ। ਭਾਈ ਪਰਮਾਨੰਦ, ਲਾਲਾ ਹਰਦਿਆਲ ਵੀ ਬਰਕਲੇ ਯੂਨੀਵਰਸਿਟੀ ਵਿੱਚ ਪਹੁੰਚ ਗਏ ਸਨ। ਲਾਹੌਰ ਵਿੱਚ ਭਾਈ ਪਰਮਾਨੰਦ ਦੇ ਰਿਹਾਇਸ਼ੀ ਮਕਾਨ ਵਿੱਚ ਸ. ਕਿਸ਼ਨ ਸਿੰਘ ਦੇ ਟਰੰਕ ਵਿੱਚੋਂ ਲਾਹੌਰ ਪੁਲਿਸ ਵਲੋਂ ਤਲਾਸ਼ੀ ਲੈਣ ਸਮੇਂ ਕੁਝ ਇਤਰਾਜ਼ਯੋਗ ਕਾਗਜ਼ ਮਿਲੇ ਸਨ। ਉਨ੍ਹਾਂ ਦੀ ਜ਼ਿੰਮੇਵਾਰੀ ਭਾਈ ਪਰਮਾਨੰਦ 'ਤੇ ਪਾ ਕੇ ਸਰਕਾਰ ਮੁਕੱਦਮੇ ਵਿੱਚ ਫਸਾ ਕੇ ਜੇਲ੍ਹ ਭੇਜਣਾ ਚਾਹੁੰਦੀ ਸੀ। ਪਰ ਪੂਰਾ ਸਬੂਤ ਨਾ ਮਿਲ ਸਕਣ ਕਾਰਨ ਕੰਮ ਸਿਰੇ ਨਾ ਚੜ੍ਹ ਸਕਿਆ। ਸਰਕਾਰੀ ਅਦਾਲਤ ਨੇ ਭਾਈ ਪਰਮਾਨੰਦ ਦੀ ਨੇਕ ਚਲਨੀ ਦੀ ਜ਼ਮਾਨਤ ਚਾਰ ਸਾਲ ਦੀ ਲੈ ਲਈ।

***

ਪੰਜਾਬੀਆਂ ਵਿਚੋਂ ਸੱਚਮੁੱਚ ਦਾ ਇਨਕਲਾਬੀ

-ਸਚਿੰਦਰ ਨਾਥ ਸਾਨਿਆਲ

ਜਦੋਂ ਸਾਡੇ ਦਲ ਦਾ ਵਿਸਥਾਰ ਪੂਰਬੀ ਬੰਗਾਲ ਦੀ ਅਖੀਰਲੀ ਸੀਮਾ ਤੋਂ ਲੈ ਕੇ ਹੁਣ ਪੰਜਾਬ ਵਿਚ ਪ੍ਰਵੇਸ਼ ਕਰ ਰਿਹਾ ਸੀ ਤਾਂ ਆਪਣੇ ਮੁੱਖ ਨੇਤਾ ਅਤੇ ਬੰਗਾਲ ਦੇ ਕੁਝ ਲੀਡਰਾਂ ਨੂੰ ਪੰਜਾਬ ਦੇ ਸਮਾਚਾਰ ਦੱਸਣ ਲਈ ਮੈਨੂੰ ਬੰਗਾਲ ਭੇਜਿਆ ਗਿਆ ਜਿਥੇ ਕੋਈ ਵੀ ਨੇਤਾ ਨਾ ਮਿਲਿਆ। ਫਿਰ ਕੇਂਦਰ ਦੇ ਲੀਡਰਾਂ ਕੋਲ ਜਾ ਕੇ ਮੈਂ ਪੰਜਾਬ ਦਾ ਸਾਰਾ ਹਾਲ ਵਿਸਥਾਰ ਨਾਲ ਦਸਿਆ। ਮੈਂ ਲੀਡਰਾਂ ਨੂੰ ਕਿਹਾ ਕਿ ਇਨ੍ਹਾਂ ਵਿਦੇਸ਼ਾਂ ਤੋਂ ਆਏ ਸਿੱਖਾਂ ਨਾਲ ਸੰਪਰਕ ਸਥਾਪਤ ਕਰਨ ਦੀ ਵਿਸ਼ੇਸ਼ ਤੌਰ 'ਤੇ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਗੱਲ 'ਤੇ ਵੀ ਵਿਚਾਰ ਕੀਤੀ ਗਈ ਕਿ ਹੁਣ ਜਲਦੀ ਨਾਲ ਬੰਬ ਦੇ ਗੋਲੇ ਬਹੁਤ ਜ਼ਿਆਦਾ ਬਣਾਉਣੇ ਪੈਣਗੇ ਅਤੇ ਉਹਦੇ ਲਈ ਹੁਣ ਤੋਂ ਹੀ ਤਿਆਰੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

ਜਦੋਂ ਭਾਰਤ ਵਿਚ ਗ਼ਦਰ ਦੀਆਂ ਚੰਗਿਆੜੀਆਂ ਹੌਲੀ ਹੌਲੀ ਚਾਰੇ ਪਾਸੇ ਉਡ ਰਹੀਆਂ ਸਨ ਤਾਂ ਅਮਰੀਕਾ ਵਿਚ ਕੁਝ ਭਾਰਤੀਆਂ ਦੇ ਦਿਲਾਂ ਵਿਚ ਉਹ ਭਾਂਬੜ ਵਾਂਗ ਮਚ ਰਹੀਆਂ ਸਨ। ਏਸੇ ਸਮੇਂ ਭਾਈ ਕਰਤਾਰ ਸਿੰਘ ਨਾਮ ਦਾ ਇਕ ਨੌਜਵਾਨ ਇਨ੍ਹਾਂ ਵਿਚ ਆ ਕੇ ਸ਼ਾਮਲ ਹੋ ਗਿਆ। ਇਹ ਉੜੀਸਾ ਵਿਚ ਰੇਵੇਂਸਸ਼ਾ ਕਾਲਜ ਦੀ ਪਹਿਲੀ ਸ਼੍ਰੇਣੀ ਦੀ ਪੜਾਈ ਸਮਾਪਤ ਕਰਕੇ ਵਿਸ਼ੇਸ਼ ਕਾਰਨਾਂ ਕਰਕੇ ਅਮਰੀਕਾ ਚਲਿਆ ਗਿਆ ਸੀ। ਹਾਲਾਂਕਿ ਇਹ ਸਿੱਖਾਂ ਵਿਚ ਸਭ ਤੋਂ ਘੱਟ ਉਮਰ ਦੇ ਸਨ ਪਰ ਮੈਂ ਇਨ੍ਹਾਂ ਦੇ ਹੇਠ ਕਿੰਨੇ ਹੀ ਵੱਡੀ ਉਮਰ ਦੇ ਸਿੱਖਾਂ ਨੂੰ ਕੰਮ ਕਰਦਿਆਂ ਦੇਖਿਆ। ਇਨ੍ਹਾਂ ਨੇ ਆਪਣੀ ਵਿਚਾਰਧਾਰਾ ਨਾਲ ਮੇਲ ਰੱਖਣ ਵਾਲੇ ਇਕ ਦੋ ਵਿਅਕਤੀਆਂ ਦੀ ਸਹਾਇਤਾ ਨਾਲ ਇਕ ਪੱਤਰ ਕੱਢਣ ਦਾ ਨਿਸ਼ਚਾ ਕੀਤਾ। ਏਸੇ ਸਮੇਂ ਪੰਜਾਬ ਦੇ ਪ੍ਰਸਿੱਧ ਦੇਸ਼ ਭਗਤ ਲਾਲਾ ਹਰਦਿਆਲ ਭਾਰਤ ਵਿਚ ਕਰਾਂਤੀ ਕਰਨ ਦੀਆਂ ਸਾਰੀਆਂ ਆਸਾਂ ਛੱਡ ਕੇ ਅਮਰੀਕਨ ਸੋਸ਼ਲਿਸਟਾਂ ਦੇ ਨਾਲ ਨੇੜਤਾ ਬਣਾਉਣ ਦੇ ਯਤਨ ਕਰ ਰਹੇ ਸਨ। ਕਰਤਾਰ ਸਿੰਘ ਅਤੇ ਉਸ ਦੇ ਮਿੱਤਰ ਏਸ ਮੌਕੇ 'ਤੇ ਹਰਦਿਆਲ ਕੋਲ ਅਜਿਹਾ ਪੱਤਰ ਪ੍ਰਕਾਸਤ ਕਰਨ ਦਾ ਪ੍ਰਸਤਾਵ ਲੈ ਕੇ ਹਾਜ਼ਰ ਹੋਏ। ਹਰਦਿਆਲ ਤਾਂ ਪਹਿਲਾਂ ਹੀ ਅਜਿਹੇ ਸੋਹਣੇ ਮੌਕੇ ਦੀ ਭਾਲ ਵਿੱਚ ਸਨ, ਉਨ੍ਹਾਂ ਖੁਸ਼ੀ ਖੁਸ਼ੀ ਏਸ ਕੰਮ ਨੂੰ ਹੱਥ ਵਿਚ ਲੈ ਲਿਆ। ਇਸ ਤਰ੍ਹਾਂ 'ਗ਼ਦਰ' ਨਾਮ ਦੇ ਪ੍ਰਸਿੱਧ ਅਖ਼ਬਾਰ ਦਾ ਪ੍ਰਕਾਸ਼ਨ ਸ਼ੁਰੂ ਹੋ ਗਿਆ ਅਤੇ ਹੌਲੀ ਹੌਲੀ

ਏਸੇ ਨੇ ਗ਼ਦਰ ਪਾਰਟੀ ਦਾ ਸੰਗਠਨ ਕਰ ਦਿੱਤਾ। ਕੈਲੇਫੋਰਨੀਆਂ ਦਾ 'ਯੁਗਾਂਤਰ ਆਸ਼ਰਮ' ਹੀ ਇਸ ਦਾ ਕੇਂਦਰੀ ਸਥਾਨ ਸੀ।

ਅਮਰੀਕਾ ਤੋਂ ਕਰਤਾਰ ਸਿੰਘ ਨੇ ਆ ਕੇ ਬੰਗਾਲ ਦੇ ਕਿਸੇ ਜਾਣੇ ਪਛਾਣੇ ਉੱਘੇ ਜਨਤਕ ਨੇਤਾ ਨਾਲ ਮੁਲਾਕਾਤ ਕੀਤੀ। ਉਸ ਨੇ ਕਰਤਾਰ ਸਿੰਘ ਨੂੰ ਉਪਦੇਸ਼ ਦਿੱਤਾ,"ਤੂੰ ਆਪਣੇ ਸੰਕਲਪ ਅਤੇ ਹਿੰਮਤ ਅਨੁਸਾਰ ਕੰਮ ਕਰਦਾ ਜਾ, ਬੰਗਾਲ ਤਾਂ ਸਹੀ ਸਮੇਂ 'ਤੇ ਤੁਹਾਡੀ ਸਹਾਇਤਾ ਕਰੇਗਾ ਹੀ।" ਉਹ ਵਿਅਕਤੀ ਸਰ ਸੁਰਿੰਦਰਨਾਥ ਬੈਨਰਜੀ ਸੀ।

ਪਹਿਲਾਂ ਹੀ ਨਿਸ਼ਚਿਤ ਹੋ ਚੁੱਕਾ ਸੀ ਕਿ ਮੈਂ ਜਲੰਧਰ ਜਾ ਕੇ ਸਿੱਖ ਨੇਤਾਵਾਂ ਨਾਲ ਮੁਲਾਕਾਤ ਕਰਾਂਗਾ। ਉਸ ਸਮੇਂ ਨਵੰਬਰ ਦਾ ਮਹੀਨਾ ਸਮਾਪਤ ਹੋਣ ਵਾਲਾ ਸੀ। ਸਰਦੀਆਂ ਦੀ ਸਵੇਰ ਨੂੰ ਲੁਧਿਆਣਾ ਗੱਡੀ ਪਹੁੰਚਦਿਆਂ ਹੀ ਦੇਖਿਆ ਕਿ ਮੇਰੇ ਮਿੱਤਰ ਦੇ ਇਕ ਜਾਣੂ ਸਿੱਖ ਨੌਜਵਾਨ ਸਾਡੀ ਉਡੀਕ ਕਰ ਰਹੇ ਸਨ। ਮਿੱਤਰ ਨੇ ਇਨ੍ਹਾਂ ਨਾਲ ਮੇਰੀ ਜਾਣ ਪਛਾਣ ਕਰਾਈ। ਇਹੀ ਕਰਤਾਰ ਸਿੰਘ ਸਨ। ਇਹ ਗੱਡੀ ਵਿਚ ਸਵਾਰ ਹੋ ਕੇ ਸਾਡੇ ਨਾਲ ਹੀ ਜਲੰਧਰ ਲਈ ਰਵਾਨਾ ਹੋਏ। ਰਾਹ ਵਿਚ ਥੋੜ੍ਹੀ ਬਹੁਤ ਗੱਲਬਾਤ ਹੋਈ। ਉਨ੍ਹਾਂ ਤੋਂ ਪਤਾ ਲੱਗਾ ਕਿ ਇਸ ਸਮੇਂ ਲੁਧਿਆਣਾ ਵਿਚ ਦੋ ਤਿੰਨ ਸੌ ਵਿਅਕਤੀ ਕੱਠੇ ਹੋਏ ਹਨ। ਇਹ ਲੋਕ ਗੁਰਦੁਆਰੇ ਇਕੱਠੇ ਹੁੰਦੇ ਸਨ। ਲੁਧਿਆਣਾ ਪਿੱਛੇ ਰਹਿ ਗਿਆ ਅਤੇ ਅਸੀਂ ਇਕ ਹੋਰ ਸਟੇਸ਼ਨ 'ਤੇ ਪਹੁੰਚੇ। ਕਰਤਾਰ ਸਿੰਘ ਨੇ 'ਬੁਲੇਟਿਨ' ਨਾਮ ਦਾ ਸਮਾਚਾਰ ਪੱਤਰ ਲਿਆ। ਇਸ ਵਿਚ ਪੜ੍ਹਿਆ ਕਿ ਕਲੱਕਤਾ ਦੀ ਮੁਸਲਮਾਨ ਪਾੜਾ ਲੇਨ ਵਿਚ ਬੰਬ ਧਮਾਕਾ ਹੋਇਆ। ਇਸ ਬੰਬ ਦੇ ਫੱਟਣ ਨਾਲ ਭਾਰਤ ਵਿਚ ਚਾਰੇ ਪਾਸੇ ਦੇਸ਼ ਭਗਤਾਂ ਦੇ ਵਿਚਕਾਰ ਜਿਵੇਂ ਇਕ ਜਾਗ੍ਰਤੀ ਜਿਹੀ ਦਿਸ ਪਈ। ਉਪਰੋਕਤ ਸਮਾਚਾਰ ਪੜ੍ਹਕੇ ਕਰਤਾਰ ਸਿੰਘ ਬਹੁਤ ਪ੍ਰਸੰਨ ਹੋਏ। ਅੱਖਾਂ ਅੱਖਾਂ ਵਿਚ ਗੱਲਾਂ ਹੋਈਆਂ ਅਤੇ ਖ਼ੁਸ਼ੀ ਦਾ ਪ੍ਰਗਟਾਵਾ ਹੋਇਆ। ਏਸ ਤਰ੍ਹਾਂ ਅਸੀਂ ਜਲੰਧਰ ਪੁੱਜ ਗਏ। ਇਥੇ ਕਰਤਾਰ ਸਿੰਘ ਦੇ ਕਈ ਵਿਦਿਆਰਥੀ ਮਿੱਤਰ ਇੰਤਜ਼ਾਰ ਕਰ ਰਹੇ ਸਨ। ਇਨ੍ਹਾਂ ਨੂੰ ਮਿਲਣ ਤੋਂ ਬਾਅਦ ਅਸੀਂ ਰੇਲ ਦੀ ਪਟੜੀ ਨੂੰ ਪਾਰ ਕਰਕੇ ਨੇੜੇ ਦੇ ਬਾਗ਼ ਵਿਚ ਗਏ, ਉਥੇ ਇਸ ਦਲ ਦੇ ਕਈ ਨੇਤਾ ਸਨ, ਜਿਨ੍ਹਾਂ ਦੀ ਉਮਰ ਮੇਰੇ ਤੋਂ ਬਹੁਤ ਜ਼ਿਆਦਾ ਨਹੀਂ ਸੀ। ਜਿਵੇਂ ਉਸ ਦਿਨ ਉਥੇ ਕਰਤਾਰ ਸਿੰਘ, ਪ੍ਰਿਥੀ ਸਿੰਘ, ਅਮਰ ਸਿੰਘ ਅਤੇ ਰਾਮ ਰੱਖਾ ਤੋਂ ਇਲਾਵਾ ਸ਼ਾਇਦ ਇਕ ਹੋਰ ਵਿਅਕਤੀ ਸੀ। ਜਦੋਂ ਮੈਂ ਪੁਛਿਆ ਕਿ "ਤੁਹਾਡਾ ਅਸਲੀ ਨੇਤਾ ਕੌਣ ਹੈ, ਮੈਂ ਉਸ ਨਾਲ ਗੱਲਬਾਤ ਅਤੇ ਜਾਣ ਪਛਾਣ ਕਰਨਾ ਚਾਹਾਂਗਾ।" ਅਮਰ ਸਿੰਘ ਨੇ ਕਿਹਾ,"ਸੱਚ ਪੁੱਛੋ ਤਾਂ ਸਾਡਾ ਅਸਲੀ ਨੇਤਾ ਹੈ ਹੀ ਨਹੀਂ। ਏਸੇ ਲਈ ਸਾਨੂੰ ਰਾਸ ਬਿਹਾਰੀ ਦੀ ਲੋੜ ਹੈ। ਸਾਡੇ ਵਿਚੋਂ ਕਿਸੇ ਨੂੰ ਵੀ ਵਿਸ਼ੇਸ਼ ਜਾਣਕਾਰੀ ਨਹੀਂ ਏ, ਏਸੇ ਕਰਕੇ ਸਾਡੇ ਕੰਮ ਕਰਨ ਦਾ ਕੋਈ ਸਿਲਸਿਲਾ ਨਹੀਂ ਬਣ ਰਿਹਾ। ਸਾਨੂੰ ਬੰਗਾਲ ਤੋਂ ਸਹਾਇਤਾ ਦੀ ਲੋੜ ਹੈ।" ਕਰਤਾਰ ਸਿੰਘ ਨੇ ਵੀ ਇਸ ਗੱਲ ਦੀ ਹਾਮੀ ਭਰੀ, ਪਰ ਅਮਰ ਸਿੰਘ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ,"ਦੇਖੋ

ਭਾਈ, ਏਦਾਂ ਹਿਮਤ ਕਿਉਂ ਹਾਰਦੇ ਓ? ਜਦੋਂ ਲੋੜ ਪਈ ਤਾਂ ਦੇਖਿਉ ਤੁਹਾਡੇ ਵਿਚੋਂ ਕਿਨਿਆਂ ਨੇ ਛੁਪੇ ਰੁਸਤਮ ਨਿਕਲ ਆਉਣਾ ਹੈ।"

ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਲੱਗਿਆ ਕਿ ਜਿਸ ਮਹਾਨ ਕਾਰਜ ਵਿਚ ਇਨ੍ਹਾਂ ਨੇ ਪੈਰ ਰਖਿਆ ਹੈ ਉਹਦੇ ਵੱਡੇ ਹੋਣ ਦਾ ਅਹਿਸਾਸ ਇਨ੍ਹਾਂ ਦੀ ਨਸ ਨਸ ਵਿਚ ਭਰਿਆ ਪਿਆ ਹੈ ਅਤੇ ਆਪਣੀ ਸ਼ਕਤੀ ਵਿਚ ਕੋਈ ਕਮੀ ਸਮਝਕੇ ਹੀ ਇਹ ਬਾਹਰੋਂ ਕੋਈ ਸਹਾਰਾ ਲੱਭ ਰਹੇ ਹਨ। ਪਰ ਇਸ ਦੇ ਨਾਲ ਹੀ ਮੈਂ ਇਹ ਵੀ ਸਮਝ ਗਿਆ ਕਿ ਜੇਕਰ ਇਨ੍ਹਾਂ ਵਿਚ ਸੱਚੀ ਕੋਈ ਕੰਮ ਕਰਨ ਵਾਲਾ ਹੈ ਤਾਂ ਉਹ ਕਰਤਾਰ ਸਿੰਘ ਹੈ। ਮੈਂ ਉਸ ਵਿਚ ਜਿਸ ਤਰ੍ਹਾਂ ਦਾ ਆਤਮ ਵਿਸ਼ਵਾਸ਼ ਦੇਖਿਆ, ਉਸ ਤਰ੍ਹਾਂ ਦਾ ਆਤਮ ਵਿਸ਼ਵਾਸ ਨਾ ਹੋਣ 'ਤੇ ਕੋਈ ਵੀ ਵਿਅਕਤੀ ਵੱਡਾ ਕਾਰਜ ਨਹੀਂ ਕਰ ਸਕਦਾ।

ਅਜਿਹੇ ਆਤਮ ਵਿਸ਼ਵਾਸ ਦੀ ਭਾਵਨਾ ਘੱਟ ਹੀ ਦੇਖਣ ਨੂੰ ਮਿਲਦੀ ਹੈ। ਇਨ੍ਹਾਂ ਲੋਕਾਂ ਤੋਂ ਮੈਨੂੰ ਪੰਜਾਬ ਦੀ ਹਾਲਤ ਦਾ ਬਹੁਤ ਕੁਝ ਪਤਾ ਲੱਗ ਗਿਆ ਅਤੇ ਇਨ੍ਹਾਂ ਦੀਆਂ ਗੱਲਾਂ ਤੋਂ ਮੈਨੂੰ ਇਹ ਵੀ ਪਤਾ ਲੱਗਾ ਕਿ ਇਨ੍ਹਾਂ ਦੇ ਵਿਦਰੋਹ ਦੀ ਤਿਆਰੀ ਦਾ ਮੁੱਖ ਦਾਰੋਮਦਾਰ ਪੰਜਾਬ ਦੀਆਂ ਸਿੱਖ ਫੌਜਾਂ ਹਨ। ਕਰਤਾਰ ਸਿੰਘ ਤੋਂ ਪਤਾ ਲੱਗਾ ਕਿ ਭਾਰਤ ਵਿਚ ਅਮਰੀਕਾ ਤੋਂ ਸਿੱਖਾਂ ਦਾ ਜਿਹੜਾ ਪਹਿਲਾ ਦਲ ਆਇਆ ਸੀ, ਓਸੇ ਨਾਲ ਉਹ ਵੀ ਆਏ ਸਨ ਅਤੇ ਸਤੰਬਰ ਮਹੀਨੇ ਤੋਂ ਏਸ ਕਾਰਜ ਦੀ ਤਿਆਰੀ ਕਰ ਰਹੇ ਸਨ।

ਹੁਣ ਕਰਤਾਰ ਸਿੰਘ ਨੇ ਮੈਨੂੰ ਪੁੱਛਿਆ,"ਹਥਿਆਰ ਆਦਿ ਦੇ ਕੇ ਬੰਗਾਲ ਸਾਡੀ ਕਿੱਥੋਂ ਤੱਕ ਸਹਾਇਤਾ ਕਰ ਸਕਦਾ ਹੈ? ਬੰਗਾਲ ਵਿਚ ਕਿੰਨੇ ਹਜ਼ਾਰ ਬੰਦੂਕਾਂ ਹਨ?" ਆਦਿ।

ਮੈਂ ਕਿਹਾ,"ਤੁਹਾਡਾ ਕੀ ਖਿਆਲ ਏ ਕਿ ਬੰਗਾਲ ਵਿੱਚ ਕਿੰਨੇ ਹਥਿਆਰ ਹੋਣਗੇ?"

ਕਰਤਾਰ ਸਿੰਘ,"ਮੇਰਾ ਖਿਆਲ ਏ ਕਿ ਬੰਗਾਲ ਵਿਚ ਕਾਫੀ ਹਥਿਆਰ ਜਮ੍ਹਾਂ ਕਰ ਲਏ ਗਏ ਹਨ, ਕਿਉਂਕਿ ਬੰਗਾਲ ਤਾਂ ਕਾਫ਼ੀ ਚਿਰਾਂ ਤੋਂ ਕਰਾਂਤੀ ਦੀ ਤਿਆਰੀ ਕਰ ਰਿਹਾ ਏ ਅਤੇ ਸਾਡੇ ਦਲ ਦੇ ਪਰਮਾਨੰਦ ਦੇ ਇਕ ਬੰਗਾਲੀ ਮਿੱਤਰ ਨੇ ਉਨ੍ਹਾਂ ਨੂੰ ਪੰਜ ਸੌ ਰਿਵਾਲਵਰ ਦੇਣ ਦਾ ਬਚਨ ਦਿੱਤਾ ਏ, ਇਹਦੇ ਲਈ ਪਰਮਾਨੰਦ ਬੰਗਾਲ ਗਏ ਹੋਏ ਨੇ।"

ਮੈਂ,"ਜਿਨ੍ਹਾਂ ਨੇ ਪਰਮਾਨੰਦ ਨੂੰ ਇਹ ਗੱਲ ਕਹੀ ਏ ਉਹ ਕੋਈ ਫਾਲਤੂ ਬੰਦਾ ਹੋਣਾ ਏ, ਕਿਉਂਕਿ ਬੰਗਾਲ ਵਿਚ ਕੋਈ ਵੀ ਨਾ ਤਾਂ 500 ਰਿਵਾਲਵਰ ਦੇ ਸਕਦਾ ਹੈ ਤੇ ਨਾ ਹੀ ਕਿਤਿਉਂ ਮਿਲ ਸਕਦੇ ਹਨ। ਜੀਹਨੇ ਵੀ ਇਹ ਗੱਲ ਕਹੀ ਏ ਉਹਨੇ ਗੱਪ ਮਾਰੀ ਹੈ।"

ਕਰਤਾਰ ਸਿਘ,"ਤਾਂ ਫੇਰ ਬੰਗਾਲ ਸਾਨੂੰ ਕਿਸ ਤਰ੍ਹਾਂ ਦੀ ਸਹਾਇਤਾ ਦੇਵੇਗਾ? ਤੇ ਕੀ ਉਥੇ ਵੀ ਪੰਜਾਬ ਦੇ ਨਾਲ ਹੀ ਗ਼ਦਰ ਹੋਵੇਗਾ? ਬੰਗਾਲ ਵਿਚ ਤੁਹਾਡੇ ਅਧੀਨ ਕੰਮ ਕਰਨ ਵਾਲੇ ਕਿੰਨੇ ਹਨ?"... ਹੋਰ ਕਿਸੇ ਸਮੇਂ ਕਿਸੇ ਵੀ ਵਿਅਕਤੀ ਨੂੰ ਅਸੀਂ

ਅਜਿਹੇ ਸਵਾਲ ਕਰਨ ਦਾ ਮੌਕਾ ਹੀ ਨਹੀਂ ਸੀ ਦਿੰਦੇ ਤੇ ਜੇ ਕੋਈ ਪੁੱਛ ਹੀ ਬੈਠਦਾ ਸੀ ਤਾਂ ਕਹਿ ਦਿੰਦੇ ਸੀ,'ਇਨ੍ਹਾਂ ਗੱਲਾਂ ਨੂੰ ਜਾਣ ਕੇ ਤੁਸੀਂ ਕੀ ਕਰੋਗੇ, ਸਮਝ ਲਓ ਕਿ ਕੁਝ ਵੀ ਤਿਆਰੀ ਨਹੀਂ ਏ, ਕੀ ਫੇਰ ਵੀ ਤੁਸੀਂ ਏਸ ਦਲ ਵਿਚ ਸ਼ਾਮਲ ਹੋਵੋਗੇ ਜਾਂ ਨਹੀਂ? ਤੁਹਾਨੂੰ ਆਪ ਹੀ ਮੁੱਢ ਤੋਂ ਤਿਆਰੀ ਕਰਨੀ ਪਵੇਗੀ। ਅਜਿਹੇ ਹਾਲਾਤ ਵਿਚ ਵੀ ਕੀ ਤੁਸੀਂ ਸਾਡੇ ਵਿਚ ਸ਼ਾਮਲ ਹੋਣਾ ਚਾਹੋਗੇ? ਆਦਿ।' ਹਾਂ ਬੰਗਾਲ ਵਿਚ ਕਿਤੇ ਕਿਤੇ ਕੁਝ ਅਜਿਹੇ ਲੋਕ ਵੀ ਸਨ ਜਿਹੜੇ ਕਰਾਂਤੀ ਦੀਆਂ ਜੰਗੀ ਤਿਆਰੀਆਂ ਦੀਆਂ ਗੱਲਾਂ ਵਧਾ ਚੜ੍ਹਾਅ ਕੇ ਲੋਕਾਂ ਨੂੰ ਸੁਣਾਉਂਦੇ ਸਨ ਅਤੇ ਲੋਕਾਂ ਨੂੰ ਲਾਲਚ ਦੇ ਕੇ ਦਲ ਵਿਚ ਸ਼ਾਮਲ ਕਰਦੇ ਸਨ। ਜੋ ਵੀ ਹੋਵੇ, ਕਰਤਾਰ ਸਿੰਘ ਨੇ ਜਦੋਂ ਇਹ ਸਵਾਲ ਕੀਤੇ ਤਾਂ ਉਨ੍ਹਾਂ ਦਾ ਸਹੀ ਜਵਾਬ ਨਾ ਦੇ ਕੇ ਉਨ੍ਹਾਂ ਨੂੰ ਟਾਲ ਦੇਣਾ ਉਚਿਤ ਨਾ ਲੱਗਾ। ਮੈਂ ਕਿਹਾ,"ਦੇਖੋ, ਜਿਸ ਤਰ੍ਹਾਂ ਇਥੇ ਤੁਹਾਨੂੰ ਫੌਜ ਵਿਚ ਭਰਤੀ ਹੋਣ ਦਾ ਮੌਕਾ ਮਿਲਦਾ ਏ, ਜੇਕਰ ਕਿਤੇ ਬੰਗਾਲ ਵਿਚ ਵੀ ਸਾਨੂੰ ਫੌਜ ਵਿਚ ਭਰਤੀ ਹੋਣ ਦਾ ਮੌਕਾ ਮਿਲਦਾ ਤਾਂ ਉਥੇ ਕਦੋਂ ਦੀ ਕਰਾਂਤੀ ਆ ਚੁੱਕੀ ਹੁੰਦੀ। ਬੰਗਾਲ ਦੇ ਦਲ ਵਿਚ ਮੁੱਖ ਤੌਰ 'ਤੇ ਨੌਜਵਾਨ ਅਤੇ ਵਿਦਿਆਰਥੀ ਵਰਗ ਸ਼ਾਮਲ ਏ ਅਤੇ ਏਸ ਦਲ ਵਿਚ ਬਹੁਤ ਛਾਣਬੀਣ ਕਰਕੇ ਬੜੀ ਸਾਵਧਾਨੀ ਨਾਲ ਅਜਿਹੇ ਲੋਕਾਂ ਨੂੰ ਸ਼ਾਮਲ ਕਰਦੇ ਹਾਂ ਜਿਹੜੇ ਹਰ ਘੜੀ ਮਰਨ ਲਈ ਤਿਆਰ ਰਹਿਣ। ਏਸ ਲਈ ਸਾਡੇ ਦਲ ਵਿਚ ਜ਼ਿਆਦਾ ਮੈਂਬਰ ਨਹੀਂ ਹਨ, ਸ਼ਾਇਦ ਹਜ਼ਾਰ ਦੋ ਹਜ਼ਾਰ ਤੋਂ ਵੱਧ ਨਾ ਹੋਣ, ਪਰੰਤੂ ਇਹ ਦ੍ਰਿੜ੍ਹ ਵਿਸ਼ਵਾਸ ਏ ਕਿ ਜਿਸ ਦਿਨ ਆਮ ਤੌਰ 'ਤੇ ਵਿਦਰੋਹ ਸ਼ੁਰੂ ਹੋ ਜਾਵੇਗਾ ਉਸ ਦਿਨ ਹਜ਼ਾਰਾਂ ਵਿਅਕਤੀ ਹੋਰ ਸਾਡੇ ਨਾਲ ਆ ਮਿਲਣਗੇ। ਜੇਕਰ ਪੰਜਾਬ ਵਿਚ ਗ਼ਦਰ ਹੋ ਗਿਆ ਤਾਂ ਇਹ ਨਿਸ਼ਚਿਤ ਸਮਝੋ ਕਿ ਉਸ ਦਿਨ ਬੰਗਾਲ ਚੁੱਪਚਾਪ ਬੈਠਾ ਤਮਾਸ਼ਾ ਨਹੀਂ ਵੇਖੇਗਾ ਅਤੇ ਅੰਗਰੇਜ਼ਾਂ ਨੂੰ ਬੰਗਾਲ ਵਿਚ ਏਨੀਆਂ ਉਲਝਣਾਂ ਵਿਚ ਪੈਣਾ ਪੈ ਜਾਵੇਗਾ ਕਿ ਉਹ ਆਪਣੀ ਪੂਰੀ ਤਾਕਤ ਪੰਜਾਬ ਵਿਚ ਨਹੀਂ ਲਾ ਸਕਣਗੇ।"

ਮੈਂ ਇਹ ਵੀ ਕਿਹਾ,"ਬੰਗਾਲ ਏਸ ਸਮੇਂ ਵੀ ਸਰਕਾਰੀ ਖਜ਼ਾਨੇ ਲੁੱਟ ਸਕਦਾ ਏ ਜਾਂ ਪੁਲਿਸ ਦੀਆਂ ਬੈਰਕਾਂ 'ਤੇ ਛਾਪੇ ਆਦਿ ਮਾਰ ਸਕਦਾ ਏ, ਪਰ ਅੱਗੇ ਕੀ ਹੋਵੇਗਾ? ਏਸ ਅੱਗੇ ਕੀ ਹੋਵੇਗਾ, ਨੂੰ ਸੋਚਕੇ ਹੀ ਬੰਗਾਲ ਨੇ ਅਜੇ ਤੱਕ ਕੁਝ ਨਹੀਂ ਕੀਤਾ।" ਮੈਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਕਿ 'ਸਾਡੇ ਨਾਲ ਸਲਾਹ ਕੀਤੇ ਬਿਨ੍ਹਾਂ ਅਚਾਨਕ ਕੁਝ ਨਾ ਕਰ ਬੈਠਿਓ।' ਇਹ ਵੀ ਕਹਿ ਦਿੱਤਾ ਕਿ 'ਬੜੀ ਸਾਵਧਾਨੀ ਨਾਲ ਕੰਮ ਕਰਨਾ ਹੋਵੇਗਾ ਤਾਂਕਿ ਜ਼ਰਾ ਵੀ ਤਾਕਤ ਵਿਅਰਥ ਨਾ ਹੋਵੇ, ਸਿਰਫ਼ ਹਾਤ ਹੂਤ ਕਰਕੇ ਫਜ਼ੂਲ ਦੇ ਕੰਮਾਂ ਵਿਚ ਆਪਣੀ ਤਾਕਤ ਜ਼ਾਇਆ ਨਾ ਕੀਤੀ ਜਾਵੇ।" ਮੈਂ ਇਨ੍ਹਾਂ ਨੂੰ ਸਲਾਹ ਦਿੱਤੀ ਕਿ ਵਧੇਰੇ ਲੋਕਾਂ ਨੂੰ ਕਹੋ ਕਿ ਆਪਣੇ ਆਪਣੇ ਪਿੰਡ ਵਿਚ ਜਾ ਕੇ ਰਹਿਣ, ਸਿਰਫ਼ ਮੁਖੀਆਂ ਦਾ ਅਤੇ ਹੋਰ ਕੰਮ ਕਰਨ ਲਈ ਕੁਝ ਕੁ ਲੋਕਾਂ ਦਾ ਨੇੜੇ ਰਹਿਣਾ ਠੀਕ ਰਹੇਗਾ ਅਤੇ ਇਨ੍ਹਾਂ ਸਾਰਿਆਂ ਲੋਕਾਂ ਨੂੰ ਛੋਟੀਆਂ-ਛੋਟੀਆਂ ਟੁਕੜੀਆਂ ਵਿਚ ਵੰਡ ਕੇ ਹਰੇਕ ਟੁਕੜੀ ਦਾ ਇਕ ਜਥੇਦਾਰ ਨਿਯੁਕਤ ਕਰ ਦਿੱਤਾ ਜਾਵੇ। ਅਜਿਹਾ ਸੰਗਠਨ

ਬਣਾਉਣ ਨਾਲ ਜਦੋਂ ਲੋੜ ਪਏਗੀ ਉਦੋਂ ਸਾਰਿਆਂ ਨਾਲ ਅਸਾਨੀ ਨਾਲ ਸੰਪਰਕ ਹੋ ਸਕੇਗਾ ਅਤੇ ਕੰਮ ਲਿਆ ਜਾ ਸਕੇਗਾ। ਜੇ ਏਸ ਤਰ੍ਹਾਂ ਛੋਟੀਆਂ-ਛੋਟੀਆਂ ਟੁਕੜੀਆਂ ਨਾ ਬਣਾਈਆਂ ਗਈਆਂ ਤਾਂ ਗ੍ਰਿਫ਼ਤਾਰ ਹੋਣ ਦਾ ਖਦਸ਼ਾ ਹਰ ਵੇਲੇ ਰਹੇਗਾ।" ਫੇਰ ਕਰਤਾਰ ਸਿੰਘ ਨੂੰ ਕਿਹਾ," ਤੁਹਾਡੇ ਵਿਚੋਂ ਕੋਈ ਇਕ ਵਿਅਕਤੀ ਮੇਰੇ ਨਾਲ ਚੱਲੇ, ਮੈਂ ਉਸ ਨੂੰ ਉਥੇ ਲੈ ਚੱਲਾਂਗਾ ਜਿੱਥੇ ਰਾਸ ਬਿਹਾਰੀ ਹਨ। ਰਾਸ ਬਿਹਾਰੀ ਨਾਲ ਚੰਗੀ ਤਰ੍ਹਾਂ ਸਲਾਹ ਕਰਨੀ ਏ।" ਇਹ ਗੱਲ ਇਨ੍ਹਾਂ ਨੂੰ ਪਸੰਦ ਆਈ। ਹੁਣ ਨਿਸ਼ਚਿਤ ਹੋਇਆ ਕਿ ਲਾਹੌਰ ਵਿਚ ਪ੍ਰਿਥਵੀ ਸਿੰਘ ਨਾਲ ਦੁਬਾਰਾ ਮੁਲਾਕਾਤ ਕਰਕੇ, ਉਸ ਨੂੰ ਨਾਲ ਲੈ ਕੇ ਰਾਸ ਬਿਹਾਰੀ ਨੂੰ ਮਿਲਣ ਜਾਣਾ ਠੀਕ ਹੋਵੇਗਾ।

ਕਰਤਾਰ ਸਿੰਘ ਨੇ ਸਾਡੇ ਕੋਲੋਂ ਰਿਵਾਲਵਰ ਆਦਿ ਦੀ ਸਹਾਇਤਾ ਮੰਗੀ। ਆਤਮ-ਰੱਖਿਆ ਕਰਨ ਅਤੇ ਛੋਟੇ ਛੋਟੇ ਸਰਕਾਰੀ ਖਜ਼ਾਨੇ ਲੁੱਟਣ ਲਈ ਕੁਝ ਅਸਤਰਾਂ ਸ਼ਾਸਤਰਾਂ ਦੀ ਲੋੜ ਸੀ। ਅਮਰੀਕਾ ਤੋਂ ਇਹ ਲੋਕ ਜਦੋਂ ਵਾਪਸ ਆਏ ਤਾਂ ਆਪਣੇ ਨਾਲ ਥੋੜ੍ਹੇ ਬਹੁਤੇ ਰਿਵਾਲਵਰ ਆਦਿ ਲੈ ਆਏ ਸਨ। ਅੰਗ੍ਰੇਜ਼ਾਂ ਦੀ ਕਰੜੀ ਨਿਗਰਾਨੀ ਦੇ ਬਾਵਜੂਦ ਇਹ ਹਥਿਆਰ ਦੇਸ਼ ਪਹੁੰਚ ਗਏ ਸਨ। ਬਾਲਟੀ ਦੇ ਥੱਲੇ ਵਿਚ ਟੀਨ ਜਾਂ ਲੱਕੜ ਦਾ ਫੱਟਾ ਲਾ ਕੇ ਉਹਦੇ ਵਿਚ ਲੁਕਾ ਕੇ ਹਥਿਆਰ ਲਿਆਏ ਜਾਂਦੇ ਸਨ। ਪਰ ਕੁਝ ਦਿਨਾਂ ਵਿਚ ਈ ਇਹ ਭੇਤ ਉਜਾਗਰ ਹੋ ਗਿਆ। ਕਦੇ ਕਦੇ ਇੰਝ ਵੀ ਹੁੰਦਾ ਸੀ ਕਿ ਬੰਦਰਗਾਹ ਪਹੁੰਚਣ ਤੋਂ ਥੋੜ੍ਹਾ ਸਮਾਂ ਪਹਿਲਾਂ ਈ ਇਹ ਹਥਿਆਰ ਖਲਾਸੀਆਂ ਦੇ ਹਵਾਲੇ ਕਰਕੇ ਮੁਸਾਫਿਰ ਚਲੇ ਆਉਂਦੇ ਸਨ ਅਤੇ ਫਿਰ ਮੌਕਾ ਦੇਖ ਕੇ ਉਨ੍ਹਾਂ ਕੋਲੋਂ ਵਾਪਸ ਲੈ ਆਉਂਦੇ ਸਨ। ਏਸ ਤਰੀਕੇ ਨਾਲ ਇਨ੍ਹਾਂ ਲੋਕਾਂ ਦੇ ਹੱਥ ਕੁਝ ਰਿਵਾਲਵਰ ਆਦਿ ਆ ਗਏ ਸਨ। ਪਰ ਅਜੇ ਵੀ ਹਥਿਆਰਾਂ ਦੀ ਲੋੜ ਸੀ। ਮੈਂ ਕਾਸ਼ੀ ਤੋਂ ਕੁਝ ਰਿਵਾਲਵਰ ਅਤੇ ਗੋਲੀਆਂ ਲਿਆਇਆ ਸੀ। ਇਹ ਸਭ ਕੁਝ ਕਰਤਾਰ ਸਿੰਘ ਦੇ ਹਵਾਲੇ ਕਰ ਕੇ ਮੈਂ ਕਿਹਾ ਕਿ ਏਸ ਸਮੇਂ ਤਾਂ ਮੇਰੇ ਕੋਲ ਇਹੀ ਸੀ, ਫਿਰ ਹੋਰ ਵੀ ਲਿਆ ਦੇਵਾਂਗਾ। ਪਰ ਇਹ ਵੀ ਜਤਾ ਦਿੱਤਾ ਕਿ ਸਾਡੇ ਕੋਲ ਹਥਿਆਰਾਂ ਦਾ ਕੋਈ ਵੱਡਾ ਭੰਡਾਰ ਨਹੀਂ ਹੈ, ਏਸ ਲਈ ਏਸ ਸਬੰਧ ਵਿਚ ਜ਼ਿਆਦਾ ਆਸ ਨਾ ਰੱਖਿਓ।

ਮੈਂ ਬੰਬ ਗੋਲਿਆਂ ਦੇ ਸਬੰਧ ਵਿਚ ਉਨ੍ਹਾਂ ਨੂੰ ਕਿਹਾ ਕਿ ਏਸ ਕੰਮ ਵਿਚ ਬੰਗਾਲੀ ਲੋਕ ਮਾਹਰ ਹੋ ਗਏ ਹਨ ਅਤੇ ਬੰਬ ਗੋਲਿਆਂ ਦੀ ਜਿੰਨੀ ਵੀ ਲੋੜ ਹੋਵੇਗੀ, ਬੰਗਾਲ ਦੇਵੇਗਾ। ਓਸ ਵੇਲੇ ਇਹ ਲੋਕ ਵੀ ਇਕ ਤਰ੍ਹਾਂ ਦਾ ਬੰਬ ਗੋਲਾ ਬਣਾਉਂਦੇ ਸਨ। ਪੰਜਾਬ ਵਿਚ ਸ਼ੀਸ਼ੇ ਦੀ ਅਤੇ ਪਿੱਤਲ ਦੀ ਬਣੀ ਹੋਈ ਇਕ ਤਰ੍ਹਾਂ ਦੀ ਦਵਾਤ ਮਿਲਦੀ ਸੀ। ਇਹ ਦਵਾਤਾਂ ਹੀ ਪੰਜਾਬੀਆਂ ਦੇ ਬੰਬਾਂ ਦਾ ਖੋਲ ਸੀ। ਇਨ੍ਹਾਂ ਦਵਾਤਾਂ ਦੇ ਮੂੰਹ ਵਿਚ ਪੇਚ ਸੀ। ਦਵਾਤ ਦਾ ਢੱਕਣ ਲਾ ਦੇਣ 'ਤੇ ਇਹ ਬਹੁਤ ਚੰਗੀ ਤਰ੍ਹਾਂ ਬੰਦ ਹੋ ਜਾਂਦੀ ਸੀ। ਇਹਦਾ ਮਸਾਲਾ ਉਹੀ ਸੀ ਜਿਹੜਾ ਪਟਾਕਿਆਂ ਦਾ ਹੁੰਦਾ ਸੀ, ਅਰਥਾਤ ਪੋਟਾਸ਼ ਅਤੇ ਮਨਸ਼ਿਲ। ਹਿੰਦੁਸਤਾਨ ਦੀ ਬਣੀ ਕੱਚ ਦੀ ਇਕ ਤਰ੍ਹਾਂ ਦੀ ਛੋਟੀ ਸ਼ੀਸ਼ੀ ਬਜ਼ਾਰ ਵਿਚ ਮਿਲਦੀ ਸੀ। ਏਸ ਵਿੱਚ ਸਲਫਿਊਰਿਕ ਐਸਿਡ ਭਰ ਕੇ ਮੂੰਹ ਬੰਦ ਕਰ

ਦਿੱਤਾ ਜਾਂਦਾ ਸੀ ਅਤੇ ਇਹਨੂੰ ਖੋਲ ਵਿਚ ਪਾ ਦਿੱਤਾ ਜਾਂਦਾ ਸੀ। ਇਹ ਮਾਮੂਲੀ ਧੱਕੇ ਵਿਚ ਹੀ ਫਟ ਜਾਂਦਾ ਸੀ। ਲੱਗਦਾ ਹੈ ਕਿ ਇਸ ਵਿਚ ਮਸਾਲੇ ਦੇ ਨਾਲ-ਨਾਲ ਖੰਡ ਵੀ ਪਾਈ ਜਾਂਦੀ ਸੀ। ਸ਼ੀਸ਼ੀ ਦੇ ਟੁੱਟਣ 'ਤੇ ਐਸਿਡ ਪੋਟਾਸ਼ ਅਤੇ ਖੰਡ ਦੇ ਮੇਲ ਨਾਲ ਇਹ ਬੰਬ ਗੋਲਾ ਫਟ ਜਾਂਦਾ ਸੀ ਅਤੇ ਦਵਾਤ ਦੇ ਟੁਕੜੇ ਚਾਰੋ ਪਾਸੇ ਖਿੱਲਰ ਜਾਂਦੇ ਸਨ। ਇਹ ਬੰਬ ਜ਼ਿਆਦਾ ਖ਼ਤਰਨਾਕ ਨਹੀਂ ਸੀ ਅਤੇ ਸੁੱਟੇ ਜਾਣ 'ਤੇ ਅਕਸਰ ਫਟਦਾ ਵੀ ਨਹੀਂ ਸੀ। ਜੇ ਫਟ ਵੀ ਜਾਂਦਾ ਤਾਂ ਕਿਸੇ ਵਿਅਕਤੀ ਦੀ ਜਾਨ ਲੈਣ ਲਈ ਕਾਫ਼ੀ ਨਹੀਂ ਹੁੰਦਾ ਸੀ। ਮੈਂ ਇਨ੍ਹਾਂ ਨੂੰ ਸਮਝਾ ਦਿੱਤਾ ਕਿ ਬੰਗਾਲ ਦਾ ਗੋਲਾ ਬੜਾ ਖ਼ਤਰਨਾਕ ਹੁੰਦਾ ਏ। ਕਰਤਾਰ ਸਿੰਘ ਨੂੰ ਕਿਹਾ ਕਿ ਪੰਜਾਬ ਵਿਚ ਕਈ ਸਥਾਨਾਂ 'ਤੇ ਸਾਡੇ ਕੁਝ ਬੰਬ ਗੋਲੇ ਰੱਖੇ ਹੋਏ ਹਨ। ਲੋੜ ਪੈਣ 'ਤੇ ਦਿੱਤੇ ਜਾ ਸਕਦੇ ਹਨ। ਜਦ ਉਨ੍ਹਾਂ ਨੂੰ ਲੈਣ ਦੀ ਇੱਛਾ ਜਤਾਈ ਤਾਂ ਮੈਂ ਪੁੱਛਿਆ ਕਿ ਹੁਣ ਤੁਹਾਡੇ ਨਾਲ ਕਿੱਥੇ ਮੁਲਾਕਾਤ ਹੋਵੇਗੀ? ਤਾਂ ਉਨ੍ਹਾਂ ਨੇ ਜਵਾਬ ਦਿੱਤਾ 'ਸਾਡੇ ਠਹਿਰਨ ਦਾ ਕੋਈ ਨਿਸ਼ਚਿਤ ਸਥਾਨ ਨਹੀਂ ਏ।' ਮੈਂ ਪੁੱਛਿਆ,'ਤੁਹਾਡਾ ਕੋਈ ਆਪਣਾ ਕੇਂਦਰ ਨਹੀਂ ਏ, ਜਿੱਥੋਂ ਸਾਰੀਆਂ ਗੱਲਾਂ ਦਾ ਪਤਾ ਲੱਗ ਸਕੇ?' ਉਤਰ 'ਨਾਂਹ' ਵਿਚ ਮਿਲਿਆ।

ਪਤਾ ਲੱਗਾ ਕਿ ਇਹ ਲੋਕ ਵੱਖੋ ਵੱਖਰੇ ਕੰਮਾਂ ਵਿਚ ਚਲੇ ਜਾਣਗੇ ਅਤੇ ਕੰਮ ਹੋਣ ਤੋਂ ਬਾਅਦ ਫੇਰ ਇਕ ਨਿਸ਼ਚਿਤ ਥਾਂ 'ਤੇ ਆ ਕੇ ਮਿਲਣਗੇ। ਜੇਕਰ ਕਿਸੇ ਕਾਰਣ ਏਸ ਤਰ੍ਹਾਂ ਇਕੱਠੇ ਨਾ ਮਿਲ ਸਕਣ ਤਾਂ ਗੁਰਦੁਆਰੇ ਵਿਚ ਲੱਭਣ ਤੋਂ ਇਲਾਵਾ ਹੋਰ ਕੋਈ ਉਪਾਅ ਨਹੀਂ ਸੀ। ਇਹ ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ। ਮੈਂ ਸਮਝਿਆ ਕਿ ਸ਼ਾਇਦ ਮੈਨੂੰ ਸਾਰੀਆਂ ਗੱਲਾਂ ਦੱਸੀਆਂ ਨਹੀਂ ਜਾ ਰਹੀਆਂ। ਏਸੇ ਕਰਕੇ ਆਪਣੇ ਸੁਭਾਅ ਅਨੁਸਾਰ ਮੈਂ ਕੁਝ ਪੁੱਛਗਿਛ ਨਹੀਂ ਕੀਤੀ ਅਤੇ ਨਾ ਹੀ ਏਸ ਸਬੰਧ ਵਿਚ ਕੋਈ ਸਲਾਹ ਦਿੱਤੀ। ਬਾਅਦ ਵਿਚ ਸੰਬੰਧ ਗਹਿਰੇ ਹੋਣ 'ਤੇ ਪਤਾ ਲੱਗਾ ਕਿ ਸੱਚੀ ਹੀ ਇੰਦਾਂ ਸੀ ਅਤੇ ਉਹਦਾ ਉਪਾਅ ਵੀ ਕਰ ਦਿੱਤਾ ਗਿਆ। ਉਸ ਬਾਗ਼ ਵਿਚ ਜਿੱਥੇ ਗੱਲਬਾਤ ਹੋ ਰਹੀ ਸੀ, ਪਹੁੰਚਦਿਆਂ ਈ ਮੈਨੂੰ ਮਹਿਸੂਸ ਹੋ ਗਿਆ ਸੀ ਕਿ ਜਲੰਧਰ ਸ਼ਹਿਰ ਵਿਚ ਇਨ੍ਹਾਂ ਦਾ ਆਪਣਾ ਕੋਈ ਅੱਡਾ ਨਹੀਂ ਹੈ। ਜਿਹੜੇ ਲੋਕ ਇਥੇ ਆਏ ਸਨ ਉਹ ਸਾਰੇ ਜਲੰਧਰ ਤੋਂ ਬਾਹਰਲੇ ਸਨ। ਇਥੇ ਇਨ੍ਹਾਂ ਦਾ ਕੋਈ ਅਜਿਹਾ ਸਥਾਨ ਨਹੀਂ ਸੀ, ਜਿੱਥੇ ਜਾ ਕੇ ਮੈਂ ਆਰਾਮ ਕਰ ਸਕਦਾ। ਏਸ ਤਰ੍ਹਾਂ ਅਜਿਹੀ ਗੜਬੜ ਵਾਲੀ ਅਤੇ ਬਗੈਰ ਵਿਉਂਤਬੰਦੀ ਵਾਲੀ ਸਥਿਤੀ ਵਿਚ ਉਹ ਰਾਸ ਬਿਹਾਰੀ ਨੂੰ ਬੁਲਾਉਣਾ ਚਾਹੁੰਦੇ ਸਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਾਉਣ ਲਈ ਉਸ ਸਮੇਂ ਹਕੂਮਤ ਵੱਲੋਂ ਸਾਢੇ ਸੱਤ ਹਜ਼ਾਰ ਰੁਪਏ ਦਾ ਇਨਾਮ ਰਖਿਆ ਗਿਆ ਸੀ। ਅਖੀਰ ਇਹ ਸਾਰੀਆਂ ਗੱਲਾਂ ਸੁਣ ਕੇ ਮੈਂ ਕਰਤਾਰ ਸਿੰਘ ਨੂੰ ਅਗਲੇ ਦਿਨ ਕਿਸੇ ਸਥਾਨ 'ਤੇ ਪਹੁੰਚਣ ਲਈ ਕਿਹਾ, ਉਹ ਰਾਜ਼ੀ ਹੋ ਗਏ। ਤੈਅ ਹੋਇਆ ਕਿ ਮੈਂ ਉਨ੍ਹਾਂ ਦੀ ਉਡੀਕ ਉਸੇ ਸਟੇਸ਼ਨ 'ਤੇ ਕਰਾਂਗਾ, ਫੇਰ ਉਨ੍ਹਾਂ ਨੂੰ ਨਾਲ ਲੈ ਜਾਵਾਂਗਾ ਅਤੇ ਸੰਭਾਲੇ ਹੋਏ ਬੰਬ ਦੇ ਗੋਲੇ ਉਨ੍ਹਾਂ ਦੇ ਸਪੁਰਦ ਕਰ ਦੇਵਾਂਗਾ।

ਘੜੀ ਦੇਖੀ, ਸਾਰੇ ਲੋਕ ਆਪਣਾ ਆਪਣਾ ਕੰਮ ਕਰਨ ਲਈ ਉਠ ਖੜ੍ਹੇ ਹੋਏ।

ਉਨ੍ਹਾਂ ਦੀ ਗੱਡੀ ਦਾ ਸਮਾਂ ਹੋ ਗਿਆ ਸੀ। ਮੈਂ ਅਤੇ ਮੇਰੇ ਮਿੱਤਰ ਦੋਵੇਂ ਇਕ ਹੋਟਲ ਵਿਚ ਗਏ। ਉਥੇ ਪਤਾ ਲੱਗਾ ਕਿ ਮਿੱਤਰ ਜੀ ਮਾਸ-ਮੱਛੀ ਕੁਝ ਨਹੀਂ ਖਾਂਦੇ। ਏਸ ਲਈ ਮੈਨੂੰ ਵੀ ਦਾਲ-ਸਬਜ਼ੀ 'ਤੇ ਹੀ ਸਬਰ ਕਰਨਾ ਪਿਆ। ਪੰਜਾਬ ਦੀ ਦਾਲ ਅਤੇ ਤੰਦੂਰੀ ਰੋਟੀਆਂ ਬਹੁਤ ਵਧੀਆ ਹੁੰਦੀਆਂ ਹਨ। ਤੰਦੂਰੀ ਰੋਟੀਆਂ ਅਤੇ ਵਧੀਆ ਦਾਲ ਖਾ ਕੇ ਜਦ ਮੈਂ ਤ੍ਰਿਪਤ ਹੋ ਗਿਆ ਤਾਂ ਸਰੀਰਕ ਸਵਰਾਜ ਪ੍ਰਾਪਤ ਕਰਕੇ ਮੈਂ ਤਾਂ ਕਰਤਾਰ ਸਿੰਘ ਲਈ ਬੰਬ ਲੈਣ ਦੂਸਰੇ ਪਾਸੇ ਚਲਿਆ ਗਿਆ ਅਤੇ ਮੇਰੇ ਮਿੱਤਰ ਲਾਹੌਰ ਵੱਲ ਰਵਾਨਾ ਹੋ ਗਏ। ਮੈਂ ਆਪਣੇ ਮਿੱਥੇ ਸਥਾਨ 'ਤੇ ਪਹੁੰਚ ਕੇ ਆਪਣੇ ਅੱਡੇ 'ਤੇ ਗਿਆ। ਉਥੇ ਸਾਡਾ ਜਿਹੜਾ ਬੰਦਾ ਸੀ, ਉਸ ਨੂੰ ਮੈਂ ਜਲੰਧਰ ਵਿਚ ਸਿੱਖਾਂ ਨਾਲ ਮੁਲਾਕਾਤ ਆਦਿ ਦੀ ਘਟਨਾ ਬਾਰੇ ਕੁਝ ਨਹੀਂ ਦੱਸਿਆ, ਸਿਰਫ਼ ਇਹੀ ਕਿਹਾ ਕਿ ਮੈਨੂੰ ਕੁਝ ਬੰਬਾਂ ਦੀ ਲੋੜ ਏ, ਇਕ ਸਿੱਖ ਸੱਜਣ ਆਉਣਗੇ ਅਤੇ ਲੈ ਜਾਣਗੇ। ਸਿੱਖ ਨਾਮ ਸੁਣ ਕੇ ਉਹ ਥੋੜ੍ਹਾ ਝਿਜਕਿਆ ਅਤੇ ਕਹਿਣ ਲੱਗਾ ਕਿ "ਸਾਵਧਾਨ ਰਿਹੋ, ਸਿੱਖਾਂ ਨਾਲ ਜ਼ਰਾ ਸੋਚ ਸਮਝ ਕੇ ਮੇਲ ਜੋਲ ਰੱਖਣਾ, ਉਨ੍ਹਾਂ 'ਤੇ ਅੱਜ ਕੱਲ੍ਹ ਸਰਕਾਰ ਦੀ ਬਹੁਤ ਸਖ਼ਤ ਨਜ਼ਰ ਏ। ਏਸ ਵੇਲੇ ਉਨ੍ਹਾਂ ਦੇ ਸਾਥ ਤੋਂ ਵੱਖ ਰਹਿਣਾ ਹੀ ਚੰਗਾ ਏ।" ਮੈਂ ਮਨ ਵਿਚ ਸੋਚਿਆ ਕਿ ਬੜੀ ਮੁਸੀਬਤ ਏ, ਹੁਣ ਇਨ੍ਹਾਂ 'ਤੇ ਵਿਸ਼ਵਾਸ ਕਰਨਾ ਠੀਕ ਨਹੀਂ ਏ ਅਤੇ ਇਨ੍ਹਾਂ ਨਾਲ ਕੋਈ ਵਾਸਤਾ ਨਾ ਰਖਿਆ ਜਾਵੇ। ਬਾਹਰੀ ਤੌਰ 'ਤੇ ਮੈਂ ਉਹਦੀ ਹਾਂ ਵਿੱਚ ਹਾਂ ਮਿਲਾ ਕੇ ਮਿਥੇ ਹੋਏ ਸਮੇਂ ਸਟੇਸ਼ਨ 'ਤੇ ਗਿਆ। ਸਹੀ ਸਮੇਂ 'ਤੇ ਗੱਡੀ ਤਾਂ ਆ ਗਈ ਪਰ ਕਰਤਾਰ ਸਿੰਘ ਦੇ ਦਰਸ਼ਨ ਨਹੀਂ ਹੋਏ। ਦੂਸਰੀ ਗੱਡੀ ਆਉਣ 'ਤੇ ਮੈਂ ਫੇਰ ਉਹ ਨੂੰ ਲੱਭਿਆ ਪਰ ਨਤੀਜਾ ਉਹੀ ਨਿਕਲਿਆ। ਸਾਰੇ ਸਟੇਸ਼ਨ 'ਤੇ ਮੈਂ ਉਨ੍ਹਾਂ ਲਈ ਚੱਕਰ ਕੱਟੇ, ਅੱਖਾਂ ਅੱਡ-ਅੱਡ ਕੇ ਕਿੰਨੇ ਹੀ ਲੋਕਾਂ ਦੇ ਚਿਹਰਿਆਂ ਨੂੰ ਵੇਖਿਆ ਪਰ ਕਿਸੇ ਦਾ ਵੀ ਚਿਹਰਾ ਕਰਤਾਰ ਸਿੰਘ ਵਰਗਾ ਨਹੀਂ ਲੱਗਾ। ਹਾਰ ਕੇ ਮੈਂ ਆਪਣੇ ਡੇਰੇ 'ਤੇ ਵਾਪਸ ਆ ਗਿਆ। ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਕਰਤਾਰ ਸਿੰਘ ਨਾਲ ਕਿੱਥੇ ਮੁਲਾਕਾਤ ਹੋਵੇਗੀ, ਪਰ ਮਜ਼ੇ ਦੀ ਗੱਲ ਇਹ ਸੀ ਕਿ ਉਨ੍ਹਾਂ ਦੇ ਦਲ ਦੇ ਵੀ ਕਿਸੇ ਬੰਦੇ ਨੂੰ ਇਹ ਨਹੀਂ ਸੀ ਪਤਾ। ਬੰਬ ਜਿੱਥੇ ਸੀ ਉਥੇ ਹੀ ਰਹਿ ਗਏ ਅਤੇ ਮੈਂ ਲਾਹੌਰ ਵਾਪਸ ਚਲਾ ਗਿਆ। ਇਥੇ ਪੁਰਾਣੇ ਸਾਥੀਆਂ ਨੂੰ ਮਿਲਿਆ ਅਤੇ ਇਨ੍ਹਾਂ ਕੋਲੋਂ ਵੀ ਪੰਜਾਬ ਬਾਰੇ ਜਾਣਕਾਰੀ ਲਈ। ਸ਼ਾਮ ਨੂੰ ਲਾਹੌਰ ਦੇ ਕੋਲ ਇਕ ਜਨਤਕ ਥਾਂ 'ਤੇ ਪ੍ਰਿਥਵੀ ਸਿੰਘ ਮੇਰਾ ਇੰਤਜ਼ਾਰ ਕਰ ਰਿਹਾ ਸੀ। ਉਨ੍ਹਾਂ ਨਾਲ ਮੈਂ ਕਰਤਾਰ ਸਿੰਘ ਦੀ ਗੱਲ ਕੀਤੀ, ਉਹ ਵੀ ਉਹਦਾ ਕੋਈ ਪਤਾ ਟਿਕਾਣਾ ਨਹੀਂ ਦੱਸ ਸਕੇ। ਕਾਸ਼ੀ ਜਾਣ ਦੇ ਸਬੰਧ ਵਿਚ ਉਨ੍ਹਾਂ ਨੇ ਤਿੰਨ ਚਾਰ ਦਿਨਾਂ ਦੀ ਮੁਹਲਤ ਮੰਗੀ। ਨਿਸ਼ਚਿਤ ਇਹ ਹੋਇਆ ਕਿ ਪੰਜ ਦਸੰਬਰ ਨੂੰ ਉਹ ਪੰਜਾਬ ਮੇਲ 'ਚ ਕਾਸ਼ੀ ਪਹੁੰਚਣਗੇ। ਫੇਰ ਉਨ੍ਹਾਂ ਨੂੰ ਮੈਂ ਰਾਸ ਬਿਹਾਰੀ ਕੋਲ ਲੈ ਜਾਵਾਂਗਾ। ਮੈਂ ਓਸ ਵੇਲੇ ਵੀ ਉਨ੍ਹਾਂ ਨੂੰ ਠੀਕ ਪਤਾ ਨਹੀਂ ਸੀ ਦਸਿਆ ਕਿ ਰਾਸ ਬਿਹਾਰੀ ਕਿਸ ਸਥਾਨ 'ਤੇ ਹਨ।

ਜਦ ਮੈਂ ਇਹ ਪੁੱਛਿਆ ਕਿ 'ਕੀ ਏਸ ਸਮੇਂ ਪੰਜਾਬ ਵਿਚ ਰਾਸ ਬਿਹਾਰੀ ਦੇ

ਆਉਣ ਨਾਲ ਕੰਮ ਵਿਚ ਕੋਈ ਸਹੂਲਤ ਹੋ ਸਕਦੀ ਏ? ' ਤਾਂ ਜਵਾਬ ਮਿਲਿਆ ਕਿ 'ਹਾਂ, ਜੇਕਰ ਉਹ ਚਾਹੁਣ ਤਾਂ ਆ ਸਕਦੇ ਹਨ।' ਮੈਂ ਦਿਲ ਵਿਚ ਸੋਚਿਆ ਕਿ 'ਹਾਂ, ਜੇਕਰ ਚਾਹੁਣ ਤਾਂ।' ਮੈਂ ਵੇਖਿਆ ਕਿ ਰਾਸਬਿਹਾਰੀ ਨੂੰ ਵੀ ਏਸ ਪਾਸੇ ਬੁਲਾਉਣ ਲਈ ਉਹ ਇੱਛੁਕ ਨਹੀਂ ਸਨ, ਹਾਲਾਂਕਿ ਉਹ ਉਨ੍ਹਾਂ ਦੇ ਪਹਿਲਾਂ ਦੇ ਜਾਣੂ ਸਨ। ਪਰ ਇਨ੍ਹਾਂ ਦੀ ਸੌੜੀ ਸੋਚ ਦੇਖ ਕੇ ਕੋਈ ਇਹ ਨਾ ਸਮਝ ਲਏ ਕਿ ਸਾਰੇ ਪੰਜਾਬੀ ਇਹੋ ਜਿਹੇ ਈ ਸਨ, ਅਸਲ ਗੱਲ ਤਾਂ ਇਹ ਹੈ ਕਿ ਜਿਹੜੇ ਲੋਕ ਅਸਲੀ ਕਾਰਜਕਰਤਾ ਸਨ ਉਹ ਹੋਰਨਾਂ ਰਾਜਾਂ ਦੇ ਮੁਕਾਬਲੇ ਬੰਗਾਲੀਆਂ ਨੂੰ ਕੁਝ ਵਧੇਰੇ ਹੀ ਪਿਆਰ ਅਤੇ ਸ਼ਰਧਾ ਦੀ ਨਜ਼ਰ ਨਾਲ ਵੇਖਦੇ ਸਨ। ਮੈਨੂੰ ਤਾਂ ਇਹੀ ਲੱਗਦਾ ਏ ਕਿ ਜਿਹੜੇ ਲੋਕ ਕੁਝ ਕਰਦੇ ਕੱਤਰਦੇ ਨਹੀਂ ਉਹ ਹੀ ਇੱਦਾਂ ਦੀ ਆਲੋਚਨਾ ਕਰਦੇ ਹਨ। ਪਰ ਹੁਣ ਮੈਂ ਇਹ ਸੋਚ ਕੇ ਕਿ ਕਰਾਂਤੀ ਦੀ ਤਿਆਰੀ ਦਾ ਨਵਾਂ ਅਧਿਆਏ ਸ਼ੁਰੂ ਹੋ ਗਿਆ ਏ, ਰੇਲ ਵਿਚ ਬੈਠ ਕੇ ਕਾਸ਼ੀ ਵੱਲ ਵਧਿਆ। ਵਾਰ-ਵਾਰ ਇਹ ਖਿਆਲ ਆ ਰਿਹਾ ਸੀ ਕਿ ਕਦੋਂ ਕਾਸ਼ੀ ਪਹੁੰਚਾਂ ਅਤੇ ਰਾਸੁਦਾ ਨੂੰ ਸਾਰੀਆਂ ਗੱਲਾਂ ਦੱਸਾਂ।

ਪੰਜਾਬ ਦੀ ਦਸ਼ਾ ਦੇਖ ਕੇ ਮੈਂ ਸਮਝ ਲਿਆ ਸੀ ਕਿ ਜੇਕਰ ਜਲਦੀ ਹੀ ਏਸ ਸ਼ਕਤੀ ਨੂੰ ਕਾਬੂ ਅਤੇ ਸੰਗਠਿਤ ਨਾ ਕੀਤਾ ਗਿਆ ਤਾਂ ਸੰਭਵ ਏ ਕਿ ਸਿੱਖ ਬੇਮੌਕੇ ਹੀ ਕੁਝ ਅਜਿਹਾ ਨਾ ਕਰ ਬੈਠਣ ਜਿਸ ਨਾਲ ਸਾਰੀ ਸ਼ਕਤੀ ਅਤੇ ਉੱਦਮ ਤਹਿਸ ਨਹਿਸ ਹੋ ਜਾਵੇ। ਏਸ ਤਰ੍ਹਾਂ ਸੋਚਦਿਆਂ-ਸੋਚਦਿਆਂ ਮੈਂ ਰਾਹ ਵਿਚ ਹੀ ਫੈਸਲਾ ਕਰ ਲਿਆ ਸੀ ਕਿ ਜਿੰਨੀ ਛੇਤੀ ਹੋ ਸਕੇ ਦਾਦਾ ਨੂੰ ਏਸ ਪਾਸੇ ਭੇਜਣਾ ਹੋਵੇਗਾ ਅਤੇ ਆਪਣੇ ਰਾਜ ਵਿਚ ਵੀ ਹੁਣ ਛਾਉਣੀਆਂ ਤੇ ਫੌਜਾਂ ਵਿਚ ਕੰਮ ਸ਼ੁਰੂ ਕਰਨਾ ਹੋਵੇਗਾ। ਮੈਂ ਹੁਣ ਆਪਣੇ ਮਨ ਵਿਚ ਨਿਸ਼ਚਾ ਕਰ ਲਿਆ ਸੀ ਕਿ ਪੰਜਾਬ ਵਿਚ ਦਾਦਾ ਨੂੰ ਭੇਜਾਂਗਾ ਅਤੇ ਮੈਂ ਖੁਦ ਬੰਗਾਲ ਜਾਵਾਂਗਾ। ਬੰਗਾਲ ਜਾ ਕੇ ਕੰਮ ਕਰਨ ਦੀ ਮੇਰੇ ਮਨ ਵਿਚ ਤੀਬਰ ਇੱਛਾ ਸੀ। ਇਸ ਵਿਸ਼ੇ 'ਤੇ ਗੱਲਬਾਤ ਮੈਂ ਦਾਦਾ ਨਾਲ ਕਈ ਵਾਰ ਕਰ ਚੁੱਕਾ ਸੀ ਪਰ ਉਨ੍ਹਾਂ ਦੀ ਇਜਾਜ਼ਤ ਨਹੀਂ ਸੀ ਮਿਲਦੀ।

ਜਦੋਂ ਮੈਂ ਘਰ ਵਾਪਸ ਆਉਂਦਾ ਤਾਂ ਵੇਖਦਾ ਕਿ ਮੇਰਾ ਪਿੱਛਾ ਕਰਨ ਲਈ ਤੈਨਾਤ ਪਹਿਰੇਦਾਰ ਘਰ ਨੂੰ ਘੇਰ ਕੇ ਏਦਾਂ ਬੈਠੇ ਹੁੰਦੇ ਜਿਵੇਂ ਮੈਂ ਘਰ ਦੇ ਅੰਦਰ ਹੀ ਹੁੰਦਾ ਹਾਂ। ਪੁਲਸ ਨਾਲ ਮੇਰਾ ਅਜਿਹਾ ਹੀ ਸਬੰਧ ਸੀ। ਮੈਂ ਇਸੇ ਦਸ਼ਾ ਵਿਚ ਕਾਸ਼ੀ ਪੁੱਜਾ। ਪੁਲਿਸ ਦੀ ਨਜ਼ਰ ਬਚਾ ਕੇ ਘਰ ਗਿਆ ਅਤੇ ਫੇਰ ਦਾਦਾ ਦੇ ਡੇਰੇ 'ਤੇ। ਰਾਸ ਬਿਹਾਰੀ ਉਸ ਸਮੇਂ ਕਾਸ਼ੀ ਵਿਚ ਹੀ ਸਨ। ਦਾਦਾ ਨਾਲ ਸਲਾਹ ਕਰਨ ਪਿਛੋਂ ਤੈਅ ਹੋਇਆ ਕਿ ਸੰਯੁਕਤ ਪ੍ਰਾਂਤ ਦੇ ਸੈਨਿਕਾਂ ਵਿਚ ਵੀ ਕਰਾਂਤੀ ਦੇ ਵਿਚਾਰ ਫੈਲਾ ਦੇਣੇ ਚਾਹੀਦੇ ਹਨ ਅਤੇ ਬੰਗਾਲ ਨੂੰ ਪੰਜਾਬ ਦੇ ਵਿਦਰੋਹ ਦੀ ਖ਼ਬਰ ਬਹੁਤ ਜਲਦ ਦੇ ਦੇਣੀ ਚਾਹੀਦੀ ਹੈ। ਪੰਜ ਦਸੰਬਰ ਦਾ ਇੰਤਜ਼ਾਰ ਹੋਣ ਲੱਗਾ ਕਿਉਂਕਿ ਪ੍ਰਿਥਵੀ ਸਿੰਘ ਨਾਲ ਗੱਲਬਾਤ ਹੋ ਜਾਣ ਪਿਛੋਂ ਮੇਰਾ ਬੰਗਾਲ ਜਾਣਾ ਨਿਸ਼ਚਿਤ ਕੀਤਾ ਗਿਆ ਸੀ। ਕਾਸ਼ੀ ਵਿਚ ਸਿੱਖਾਂ ਦੀ ਪਲਟਨ ਦੇਖ ਕੇ ਮੈਨੂੰ ਬਹੁਤ ਉਤਸ਼ਾਹ ਮਿਲਿਆ, ਕਿਉਂਕਿ ਪੰਜਾਬ ਵਿਚ ਜਾ ਕੇ ਮੈਂ

ਵੇਖ ਲਿਆ ਸੀ ਕਿ ਸਿੱਖਾਂ ਨੂੰ ਬਹੁਤ ਅਸਾਨੀ ਨਾਲ ਉਤੇਜਿਤ ਕੀਤਾ ਜਾ ਸਕਦਾ ਹੈ।

ਡਾਕੇ ਮਾਰਨ ਦੀ ਮਜ਼ਬੂਰੀ ਦਾ ਕਾਰਨ ਸੀ ਕਿ ਪੰਜਾਬ ਵਿਚ ਬੰਬਾਂ ਦਾ ਬੰਗਾਲ ਤੋਂ ਪੁੱਜਣਾ। ਜਿਸ 'ਤੇ 16 ਰੁਪਏ ਖ਼ਰਚ ਆਉਂਦਾ ਸੀ। ਪਿੰਗਲੇ ਪਹਿਲੀ ਵਾਰ ਪੰਜਾਬ ਇਸ ਮਨੋਰਥ ਨਾਲ ਆਇਆ। ਤਾਂ ਕਿ ਬੰਬ ਖਰੀਦਣ ਲਈ ਪੈਸਿਆਂ ਬਾਰੇ ਵੀ ਗੱਲ ਕੀਤੀ ਜਾਵੇ ਤਾਂ ਦੁਬਾਰਾ ਸਾਨਿਆਲ ਨਾਲ ਪੰਜਾਬ ਆਏ ਜਦੋਂ ਉਹ ਗੁਰਦੁਆਰੇ ਵਿਚ ਮੂਲਾ ਸਿੰਘ ਨੂੰ ਮਿਲੇ।

ਦਸੰਬਰ ਦੇ ਮਹੀਨੇ ਉਥੋਂ ਪਿੰਗਲੇ ਮੁਕਤਸਰ ਦੇ ਮੇਲੇ ਚਲਾ ਗਿਆ। ਮੇਲੇ ਤੋਂ ਵਾਪਸ ਆ ਕੇ ਗੁਰਦੁਆਰੇ ਵਿਚ ਕਰਤਾਰ ਸਿੰਘ ਤੇ ਅਮਰ ਸਿੰਘ ਇਕੱਠੇ ਹੋਏ। ਕਰਤਾਰ ਸਿੰਘ ਬਹੁਤ ਖੁਸ਼ ਸੀ ਸਾਨਿਆਲ ਨੂੰ ਮਿਲਕੇ ਤੇ ਉਸ ਨੇ ਪੁੱਛਿਆ,"ਦਸੋ ਰਾਸ ਬਿਹਾਰੀ ਕਦੋਂ ਆਉਣਗੇ?"

ਉਨੀਂ ਦਿਨੀਂ ਕਰਤਾਰ ਸਿੰਘ ਬਹੁਤ ਸਖ਼ਤ ਮਿਹਨਤ ਕਰ ਰਹੇ ਸਨ। ਉਹ ਹਰ ਰੋਜ਼ ਸਾਇਕਲ 'ਤੇ ਪਿੰਡਾਂ ਵਿਚ ਲਗਭਗ 40-50 ਮੀਲ ਦਾ ਚੱਕਰ ਲਾਉਂਦੇ ਸਨ। ਪਿੰਡ ਪਿੰਡ ਕੰਮ ਕਰਨ ਲਈ ਜਾਂਦੇ ਸਨ। ਏਨੀ ਮਿਹਨਤ ਕਰਨ 'ਤੇ ਵੀ ਉਹ ਥੱਕਦੇ ਨਹੀਂ ਸਨ। ਜਿੰਨੀ ਉਹ ਮਿਹਨਤ ਕਰਦੇ, ਉਨੀਂ ਹੀ ਉਨ੍ਹਾਂ ਵਿਚ ਹੋਰ ਫੁਰਤੀ ਆ ਜਾਂਦੀ ਸੀ। ਪਿੰਡਾਂ ਦਾ ਚੱਕਰ ਲਾ ਕੇ ਉਹ ਉਨ੍ਹਾਂ ਪਲਟਨਾਂ ਵਿਚ ਜਾਂਦੇ ਜਿਥੇ ਅਜੇ ਤੱਕ ਜਾ ਨਹੀਂ ਸੀ ਹੋਇਆ। ਇਨ੍ਹਾਂ ਦਾ ਕੰਮ ਢੰਗ ਏਨਾ ਕੱਚਾ ਸੀ ਕਿ ਇਨ੍ਹਾਂ ਵਿਚੋਂ ਬਹੁਤਿਆਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਨਿਕਲ ਗਏ। ਕਰਤਾਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਨੇ ਇਕ ਪਿੰਡ ਨੂੰ ਘੇਰ ਲਿਆ। ਉਸ ਸਮੇਂ ਕਰਤਾਰ ਸਿੰਘ ਪਿੰਡ ਵਿਚ ਹੀ ਕਿਤੇ ਮੌਜੂਦ ਸੀ। ਪੁਲਸ ਦੀ ਖ਼ਬਰ ਸੁਣਦਿਆਂ ਹੀ ਸਾਈਕਲ 'ਤੇ ਸਵਾਰ ਹੋ ਉਹ ਪਿੰਡ ਵਿਚੋਂ ਨਿਕਲ ਗਏ। ਪੁਲਸ ਉਨ੍ਹਾਂ ਨੂੰ ਪਛਾਣਦੀ ਨਹੀਂ ਸੀ। ਇਸ ਵਾਰ ਕਰਤਾਰ ਸਿੰਘ ਆਪਣੇ ਹੌਸਲੇ ਕਰਕੇ ਬਚ ਨਿਕਲਿਆ ਸੀ।

ਰਾਸ ਬਿਹਾਰੀ ਤਾਂ ਰਾਤ ਦੀ ਗੱਡੀ ਰਾਹੀਂ ਦਿੱਲੀ ਹੁੰਦੇ ਹੋਏ ਪੰਜਾਬ ਲਈ ਰਵਾਨਾ ਹੋਕੇ ਉਹ ਅੰਮ੍ਰਿਤਸਰ ਪੁੱਜ ਗਏ। ਥੋੜੇ ਦਿਨਾਂ ਵਿਚ ਪੰਜਾਬ ਤੋਂ ਕਰਤਾਰ ਸਿੰਘ ਅਤੇ ਹੋਰ ਕਈ ਸਿੱਖ ਪੰਜਾਬ ਦੀ ਖ਼ਬਰ ਸਾਰ ਲੈ ਕੇ ਕਾਂਸ਼ੀ ਆਏ। ਉੱਤਰੀ ਭਾਰਤ ਦੀਆਂ ਸਾਰੀਆਂ ਛਾਉਣੀਆਂ ਦਾ ਹਾਲ ਜਾਨਣ ਤੇ ਸਾਨੂੰ ਪਤਾ ਲੱਗ ਗਿਆ ਸੀ ਕਿ ਉਸ ਸਮੇਂ ਗੋਰੀ ਫੌਜ ਬਹੁਤ ਘੱਟ ਸੀ ਤੇ ਜਿਹੜੇ ਗੋਰੇ ਸਨ ਉਹ ਰੰਗਰੂਟ ਸਨ। ਦੇਸੀ ਫੌਜੀਆਂ ਨੇ ਗ਼ਦਰੀਆਂ ਨੂੰ ਕਿਹਾ ਸੀ ਕਿ ਗ਼ਦਰ ਵਿਚ ਅਸੀਂ ਅਗੇ ਨਹੀਂ ਹੋਵਾਂਗੇ। ਏਨਾ ਜ਼ਰੂਰ ਹੈ ਕਿ ਗ਼ਦਰ ਦੇ ਸਮੇਂ ਅਸੀਂ ਉਸ ਵਿਚ ਸ਼ਾਮਲ ਹੋ ਜਾਵਾਂਗੇ। ਗ਼ਦਰ ਦੀ ਤਾਰੀਖ ਦੋ ਦਿਨ ਪਹਿਲਾਂ ਕਰ ਦੇਣ ਨਾਲ ਪਿੰਡਾਂ ਦੇ ਲੋਕ ਠੀਕ ਸਮੇਂ ਨਿਰਧਾਰਿਤ ਸਥਾਨਾਂ 'ਤੇ ਕੱਠੇ ਨਾ ਹੋ ਸਕੇ। ਸਿਰਫ਼ ਕਰਤਾਰ ਸਿੰਘ ਜੋ 70-80 ਲੋਕਾਂ ਨਾਲ ਫਿਰੋਜ਼ਪੁਰ ਛਾਉਣੀ ਪਹੁੰਚ ਗਏ। ਮੈਗਜ਼ੀਨ ਦੇਸੀ ਸਿਪਾਹੀਆਂ ਨੂੰ ਹਟਾ ਕੇ ਗੋਰੇ ਸਿਪਾਹੀਆਂ ਦੇ ਅਧਿਕਾਰ ਹੇਠ ਦੇ ਦਿੱਤੀ ਸੀ ਅਤੇ ਗੋਰੇ ਸਿਪਾਹੀ ਬੜੀ ਮੁਸ਼ਤੈਦੀ ਨਾਲ ਪਹਿਰਾ ਦੇ ਰਹੇ

ਸਨ। ਕਰਤਾਰ ਸਿੰਘ ਨੂੰ ਲਾਹੌਰ ਦੀ ਘਟਨਾ ਬਾਰੇ ਕੁਝ ਵੀ ਪਤਾ ਨਹੀਂ ਸੀ। ਬੈਰਕਾਂ ਵਿਚ ਚੌਕਸੀ ਦੇ ਬਾਵਜੂਦ ਕਰਤਾਰ ਸਿੰਘ ਆ ਕੇ ਪਲਟਨ ਦੇ ਹੌਲਦਾਰ ਨੂੰ ਮਿਲਿਆ ਤਾਂ ਹੌਲਦਾਰ ਨੇ ਕਿਹਾ ਕਿ ਅਜਿਹੀ ਸਥਿਤੀ ਵਿਚ ਕੁਝ ਕੀਤਾ ਗਿਆ ਤਾਂ ਸੱਤਿਆਨਾਸ ਹੋ ਜਾਵੇਗਾ। ਜਿਸ ਤੋਂ ਕਰਤਾਰ ਸਿੰਘ ਨੇ ਸਮਝ ਲਿਆ ਕਿ ਇਸ ਵਾਰ ਹੁਣ ਕੁਝ ਵੀ ਹੋਣ ਦੀ ਉਮੀਦ ਨਹੀਂ। ਉਸਨੇ ਕਈ ਤਰ੍ਹਾਂ ਨਾਲ ਸਿਪਾਹੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਜੇਕਰ ਅੱਜ ਮੌਕੇ 'ਤੇ ਕੁਝ ਨਾ ਕੀਤਾ ਗਿਆ ਤਾਂ ਫਿਰ ਕੁਝ ਵੀ ਨਹੀਂ ਹੋ ਸਕਣਾ, ਇਹੀ ਪਹਿਲਾ ਤੇ ਆਖਰੀ ਮੌਕਾ ਹੈ। ਸਿਪਾਹੀਆਂ ਨੇ ਉਂਗਲੀ ਨਾਲ ਅੰਗਰੇਜ਼ ਪਹਿਰੇਦਾਰਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਸ ਵੇਲੇ ਕੁਝ ਕਰ ਗੁਜ਼ਰਨ ਦੀ ਕੋਸ਼ਿਸ਼ ਬਿਲਕੁਲ ਬੇਕਾਰ ਹੋਵੇਗੀ। ਲਾਚਾਰ ਹੋਕੇ ਉਸ ਦਿਨ ਕਰਤਾਰ ਸਿੰਘ ਨੂੰ ਖਾਲੀ ਹੱਥ ਪ੍ਰਤਨਾ ਪਿਆ। ਪਿੰਡਾਂ ਤੋਂ ਆਏ ਲੋਕ ਆਪੋ ਆਪਣੇ ਘਰੀਂ ਚਲੇ ਗਏ। ਕਰਤਾਰ ਸਿੰਘ ਲਾਹੌਰ ਪਹੁੰਚ ਗਏ।

ਉਸ ਸਮੇਂ ਰਾਸ ਬਿਹਾਰੀ ਬਹੁਤ ਉਦਾਸੀ 'ਚ ਮੰਜੇ 'ਤੇ ਮੁਰਦਿਆਂ ਵਾਂਗ ਪਏ ਹੋਏ ਸਨ। ਕਰਤਾਰ ਸਿੰਘ ਵੀ ਚੁੱਪ ਚਾਪ ਉਨ੍ਹਾਂ ਦੇ ਨਾਲ ਮੰਜੇ ਉਪਰ ਪੈ ਗਏ। ਪੰਜਾਬ ਦੀ ਕ੍ਰਾਂਤੀ ਦੀ ਯੋਜਨਾ ਭਾਵੇਂ ਅਸਫ਼ਲ ਹੋ ਗਈ ਪਰ ਭਾਰਤ ਵਿਚ ਕ੍ਰਾਂਤੀ ਦੀਆਂ ਕੋਸ਼ਿਸ਼ਾਂ ਸਮਾਪਤ ਨਹੀਂ ਹੋਈਆਂ। ਗ਼ਦਰ ਦੇ ਫੇਲ੍ਹ ਹੋਣ ਪਿਛੋਂ ਰਾਸ ਬਿਹਾਰੀ ਨੇ ਕਿਹਾ ਹੁਣ ਕਾਬੁਲ ਜਾ ਕੇ ਹੀ ਆਸਰਾ ਲੈਣਾ ਹੋਏਗਾ। ਉਸ ਨੇ ਮੌਲਵੀ ਤੋਂ ਕਲਮਾ ਪੜ੍ਹਨਾ ਵੀ ਸਿੱਖ ਲਿਆ। ਸ਼ੁੱਧ ਮੁਲਸਮਾਨ ਦੇ ਰੂਪ ਵਿਚ ਕਾਬਲ ਜਾਣਾ ਤਹਿ ਹੋ ਗਿਆ। ਕੁਝ ਸਿੱਖ ਨੇਤਾ ਵੀ ਉਨ੍ਹਾਂ ਨਾਲ ਜਾਣੇ ਸਨ। ਇਕ ਦਿਨ ਦੁਪਹਿਰ ਵੇਲੇ ਰਾਸ ਬਿਹਾਰੀ ਅਚਾਨਕ ਬੋਲ ਪਏ,'ਨਹੀਂ ਭਾਈ, ਕਾਬੁਲ ਹੁਣ ਨਹੀਂ ਜਾਇਆ ਜਾ ਸਕਦਾ।" ਰਾਸ ਬਿਹਾਰੀ ਅਤੇ ਵਿਨਾਇਕ ਰਾਓ ਰਾਤ ਨੂੰ ਅੱਠ ਵਜੇ ਦੀ ਗੱਡੀ ਤੇ ਰਵਾਨਾ ਹੋਏ। ਤੈਅ ਹੋਇਆ ਕਿ ਗੰਗਾ ਰਾਮ ਕੁਝ ਸਿੱਖ ਨੇਤਾਵਾਂ ਨੂੰ ਨਾਲ ਲੈ ਕੇ ਇਕ ਦੋ ਦਿਨ ਪਿਛੋਂ ਕਾਂਸੀ ਆਉਣਗੇ। ਕਰਤਾਰ ਸਿੰਘ, ਹਰਨਾਮ ਸਿੰਘ ਤੇ ਦੂਜੇ ਸਿੱਖ ਨੇਤਾਵਾਂ ਨੇ ਕਾਬਲ ਜਾਣਾ ਮੰਨਿਆ। ਕਰਤਾਰ ਸਿੰਘ ਤੇ ਹਰਨਾਮ ਸਿੰਘ ਕਾਬਲ ਵੱਲ ਰਵਾਨਾ ਹੋ ਗਏ।

ਰਾਹ ਵਿਚ ਉਨ੍ਹਾਂ ਨੂੰ ਪਤਾ ਨਹੀਂ ਕੀ ਸੁੱਝੀ ਕਿ ਉਹ ਫੇਰ ਸਿਪਾਹੀਆਂ ਵਿਚ ਗ਼ਦਰ ਦਾ ਪ੍ਰਚਾਰ ਕਰਨ ਲਈ ਛਾਉਣੀ ਵਿਚ ਜਾ ਵੜੇ। ਜਦੋਂ ਕਿ ਥਾਂ ਥਾਂ ਸਿਪਾਹੀਆਂ ਦੀ ਫੜੋ ਫੜੀ ਸ਼ੁਰੂ ਹੋ ਗਈ ਸੀ। ਇਸ ਸਥਿਤੀ ਵਿਚ ਪ੍ਰਚਾਰ ਕਰਨਾ ਕਰਤਾਰ ਸਿੰਘ ਲਈ ਬੜਾ ਖ਼ਤਰਨਾਕ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਸਿਪਾਹੀਆਂ ਨੇ ਹੀ ਕਰਤਾਰ ਸਿੰਘ ਨੂੰ ਫੜਾ ਦਿੱਤਾ। ਉਨ੍ਹਾਂ ਨੂੰ ਲਾਹੌਰ ਲੈ ਜਾਇਆ ਗਿਆ ਜ਼ੰਜੀਰਾਂ ਵਿਚ ਜਕੜੇ ਕਰਤਾਰ ਸਿੰਘ ਦੇ ਮੁਖੜੇ ਤੋਂ ਵੀਰਤਾ ਦੀ ਅਜਿਹੀ ਮਹਿਮਾ ਝਲਕਦੀ ਸੀ ਕਿ ਉਸ ਮੂਰਤੀ ਨੂੰ ਦੇਖ ਕੇ ਦੋਸਤ-ਦੁਸ਼ਮਣ ਸਾਰੇ ਮੋਹਿਤ ਹੋ ਜਾਂਦੇ।

ਪਹਿਲੇ ਸਾਜਿਸ਼ ਕੇਸ ਦੇ ਫੈਸਲੇ ਸੁਣਾਉਣ ਸਮੇਂ ਭਾਈ ਪਰਮਾਨੰਦ ਅਦਾਲਤ ਵਿਚ ਹਾਜ਼ਰ ਸਨ। ਉਸਨੇ ਕਰਤਾਰ ਸਿੰਘ ਨਾਲ ਆਪਣੇ ਅਤੇ ਉਸਦੀ ਸ਼ਖਸੀਅਤ ਨੂੰ

ਬੜੇ ਹਿਰਦੇਵੇਧਕ ਸ਼ਬਦਾਂ 'ਚ ਆਪਣੀ ਪੁਸਤਕ 'ਆਪ ਬੀਤੀ' ਵਿਚ ਪੇਸ਼ ਕੀਤਾ ਹੈ।

ਕਰਤਾਰ ਸਿੰਘ ਨੇ ਮੁਕੱਦਮੇ ਦੇ ਸਮੇਂ ਅਦਾਲਤ ਵਿਚ ਸਾਰੀਆਂ ਗੱਲਾਂ ਮੰਨ ਲਈਆਂ ਪਰ ਅੰਗਰੇਜ਼ ਜੱਜ ਨੇ ਪਹਿਲੇ ਦਿਨ ਉਨ੍ਹਾਂ ਦੀ ਕਿਸੇ ਵੀ ਗੱਲ ਨੂੰ ਦਰਜ਼ ਨਾ ਕੀਤਾ। ਉਸ ਨੇ ਕਰਤਾਰ ਸਿੰਘ ਨੂੰ ਸਮਝਾ ਕਿ ਕਿਹਾ ਕਿ ਇਸ ਨਾਲ ਉਨ੍ਹਾਂ ਦਾ ਆਪਣਾ ਕੇਸ ਬਹੁਤ ਖਰਾਬ ਹੋ ਜਾਵੇਗਾ। ਇਸ 'ਤੇ ਵੀ ਕਰਤਾਰ ਸਿੰਘ ਨੇ ਆਪਣਾ ਬਿਆਨ ਨਹੀਂ ਬਦਲਿਆ ਅਤੇ ਸਾਰੀ ਜ਼ੁੰਮੇਵਾਰੀ ਆਪਣੇ ਸਿਰ 'ਤੇ ਲੈ ਲਈ। ਮਜ਼ਬੂਰ ਹੋ ਕੇ ਜੱਜ ਨੂੰ ਕਹਿਣਾ ਪਿਆ,"ਕਰਤਾਰ ਸਿੰਘ ਅੱਜ ਮੈਂ ਤੁਹਾਡੀ ਕੋਈ ਵੀ ਗੱਲ ਨਹੀਂ ਸੁਣੀ, ਤੈਨੂੰ ਇਕ ਦਿਨ ਦਾ ਹੋਰ ਸਮਾਂ ਦਿੰਦਾ ਹਾਂ, ਚੰਗੀ ਤਰ੍ਹਾਂ ਸੋਚ ਵਿਚਾਰ ਕੇ ਕਲ੍ਹ ਜੋ ਕੁਝ ਵੀ ਕਹਿਣਾ ਹੋਵੇ, ਕਹਿ ਦੇਵੀਂ।"

ਦੂਜੇ ਦਿਨ ਕਰਤਾਰ ਸਿੰਘ ਨੇ ਸਾਰਾ ਦੋਸ਼ ਆਪਣੇ ਸਿਰ ਲੈ ਲਿਆ। ਉਨ੍ਹਾਂ ਦੀ ਇਸ ਬਹਾਦਰੀ 'ਤੇ ਸਾਰੇ ਕਾਇਲ ਹੋ ਗਏ। ਭਾਰਤ ਦੇ ਇਤਿਹਾਸ ਵਿਚ ਕਰਤਾਰ ਸਿੰਘ ਦਾ ਨਾਂ ਸਦਾ ਅਮਰ ਰਹੇਗਾ। ਸ. ਕਰਤਾਰ ਸਿੰਘ ਸਰਾਭਾ ਨੇ ਭਾਰਤ ਦੇ ਕਰਾਂਤੀ ਯੁੱਗ ਨੂੰ ਵੀ ਯਾਦਗਾਰੀ ਬਣਾ ਦਿੱਤਾ।

***

ਮੈਂ ਜੋ ਵੀ ਕਹਾਂਗਾ, ਸੱਚ ਕਹਾਂਗਾ

-ਹਰਨਾਮ ਸਿੰਘ ਕਾਲਾ ਸੰਘਾ

ਮੇਰਾ ਜਨਮ ਪਿੰਡ ਕਾਲਾ ਸੰਘਾ ਜ਼ਿਲਾ ਕਪੂਰਥਲਾ ਵਿਚ ਸ. ਸੁੰਦਰ ਸਿੰਘ ਜੱਟ ਦੇ ਘਰ ਹੋਇਆ। ਮੇਰਾ ਨਾਂਮ ਉਸ ਸਮੇਂ ਰਾਮ ਚੰਦ ਰਖਿਆ ਗਿਆ। ਮੇਰੇ ਵੱਡੇ ਭਰਾ ਦਾ ਨਾਂ ਲਛਮਣ ਸੀ। ਮੇਰੀ ਮਾਤਾ ਦਾ ਨਾਂ ਗੁਲਾਬ ਦਈ ਸੀ। ਰਾਮ ਤੇ ਲਛਮਣ ਵਰਗਾ ਸਾਡਾ ਆਪੋ ਵਿਚ ਪਿਆਰ ਸੀ। ਮੇਰੇ ਨਾਨਕੇ ਜੰਡਿਆਲਾ ਜ਼ਿਲਾ ਜਲੰਧਰ ਹਨ। ਲਗਭਗ 21 ਵਰ੍ਹੇ ਦੀ ਉਮਰ ਤੱਕ ਮੈਂ ਘਰ ਵਿਚ ਖੇਤੀਬਾੜੀ ਦੇ ਕੰਮ ਵਿਚ ਆਪਣੇ ਪਿਤਾ ਦਾ ਹੱਥ ਵਟਾਂਦਾ ਰਿਹਾ। ਮੈਨੂੰ ਨਾ ਕਿਸੇ ਸਮਾਜਿਕ ਲਹਿਰ ਨਾਲ ਵਾਹ ਪਿਆ ਤੇ ਨਾ ਹੀ ਵਿੱਦਿਆ ਪ੍ਰਾਪਤੀ ਦਾ ਕੋਈ ਵਸੀਲਾ ਬਣਿਆ। ਉਦੋਂ ਅੰਗਰੇਜ਼ੀ ਇਲਾਕੇ ਵਿਚ ਤਾਂ ਵਿੱਦਿਆ ਪ੍ਰਚਾਰ ਦੀ ਲਹਿਰ ਚੱਲ ਪਈ ਸੀ ਪਰ ਰਿਆਸਤਾਂ ਦੇ ਵਾਲੀ ਤਾਂ ਆਪਣੀ ਮੌਜ-ਮਸਤੀ ਵਿਚ ਹੀ ਗੁਲਤਾਨ ਸਨ। ਇਥੇ ਵਹਿਮਾਂ-ਭਰਮਾਂ ਤੇ ਅਨਪੜ੍ਹਤਾ ਦਾ ਰਾਜ ਸੀ। ਪੂਰਾ ਜਵਾਨ ਹੋਣ ਤੱਕ ਮੈਂ ਕਿਤੋਂ ੳ.ਅ. ਵੀ ਨਹੀਂ ਸਾਂ ਸਿੱਖ ਸਕਿਆ। ਉਦੋਂ ਪੰਜਾਬ ਦੇ ਜੱਟ ਹੋਰ ਕੋਈ ਕਿੱਤਾ ਕਰਨ ਨਾਲੋਂ ਬਾਹਲਾ ਫੌਜੀ ਨੌਕਰੀ ਪਸੰਦ ਕਰਦੇ ਸਨ। ਗਰੀਬੀ ਦੇ ਕਾਰਨ ਨਹੀਂ, ਜਵਾਨੀ ਦੇ ਜੋਸ਼ ਵਿੱਚ ਹੀ ਮੈਂ 8 ਫਰਵਰੀ 1909 ਨੂੰ 26 ਪੰਜਾਬੀ ਫੌਜ ਵਿਚ ਸਿਪਾਹੀ ਭਰਤੀ ਹੋ ਕੇ ਕੋਹਾਟ ਛਾਵਣੀ ਵਿਚ ਚਲਾ ਗਿਆ। ਉਸ ਵੇਲੇ ਸਿਪਾਹੀ ਦੀ ਤਨਖ਼ਾਹ ਕੇਵਲ 11 ਰੁਪਏ ਮਾਹਵਾਰ ਹੁੰਦੀ ਸੀ। ਨੌਕਰੀ ਦੇ ਸਮੇਂ ਕੋਹਾਟ ਛਾਵਣੀ ਵਿਚ ਗੁਰਮੁੱਖੀ ਲਿਖਣੀ ਪੜ੍ਹਨੀ ਸਿਖ ਲਈ। ਅੰਗਰੇਜ਼ੀ ਅੱਖਰ ਵੀ ਸਿੱਖ ਲਏ ਕਿਉਂਕਿ ਮਗਰੋਂ ਮੈਨੂੰ ਝੰਡੀ ਸ਼ੀਸ਼ੇ ਦੇ ਕੰਮ 'ਤੇ ਲਾ ਦਿੱਤਾ ਗਿਆ ਸੀ।

1912 ਦੇ ਅਖ਼ੀਰ ਵਿਚ ਚੀਨ ਵਿਚ ਗੜਬੜ ਪਈ ਤਾਂ ਸਾਡੀ ਪਲਟਣ ਨੂੰ ਹਾਂਗਕਾਂਗ ਜਾਣ ਦਾ ਹੁਕਮ ਹੋ ਗਿਆ। ਕਰਾਚੀ ਦੇ ਰਸਤੇ ਸਿੰਘਾਪੁਰ ਹੁੰਦੇ ਹੋਏ ਅਸੀਂ ਹਾਂਗਕਾਂਗ ਪਹੁੰਚ ਗਏ। ਉਥੇ ਚੀਨੀਆਂ, ਜਪਾਨੀਆਂ ਤੇ ਹੋਰ ਲੋਕਾਂ ਨੂੰ ਮਿਲਣ ਤੋਂ ਮਹਿਸੂਸ ਕਰਨ ਲਗੇ ਕਿ ਅਸੀਂ ਆਪ ਤਾਂ ਗੁਲਾਮ ਹਾਂ ਤੇ ਹੋਰਾਂ ਨੂੰ ਗੁਲਾਮ ਰੱਖਣ ਲਈ ਏਥੇ ਆ ਗਏ ਹਾਂ। ਸਾਡੀ ਪਲਟਨ ਵਿਚ ਪਠਾਣ, ਪੋਠੋਹਾਰੀ ਮੁਸਲਮਾਨ ਤੇ ਸਿੱਖ ਸ਼ਾਮਲ ਸਨ। ਹਾਂਗਕਾਂਗ ਪਹੁੰਚਣ ਮਗਰੋਂ ਅਫ਼ਸਰਾਂ ਨਾਲ ਸਾਡੀ ਪਹਿਲੀ ਟੱਕਰ ਹੋ ਗਈ।

ਹੁਣ 1914 ਵਿਚ ਅਚਨਚੇਤ ਹੀ ਸਾਡੀ ਪਲਟਨ ਦੇ ਕਈ ਸਿਪਾਹੀਆਂ ਦੇ ਨਾਂ ਬੰਦ ਲਫਾਫਿਆਂ ਵਿਚ ਸਾਨਫਰਾਂਸਿਸਕੋ (ਅਮਰੀਕਾ) ਤੋਂ 'ਗ਼ਦਰ' ਅਖ਼ਬਾਰ ਦੇ ਪਰਚੇ ਆਉਣ ਲੱਗ ਪਏ ਜਿਨ੍ਹਾਂ ਨੂੰ ਪੜ੍ਹਕੇ ਸਾਡੀਆਂ ਅੱਖਾਂ ਖੁੱਲ੍ਹੀਆਂ। ਮੇਰੇ ਦਿਲ ਵਿਚ ਗ਼ਦਰ ਲਈ ਜੋਸ਼ ਉਬਾਲੇ ਖਾਣ ਲੱਗ ਪਿਆ। ਪਤਾ ਲੱਗਾ ਕਿ ਪੰਜਾਬੀ ਪਲਟਨਾਂ ਵਿਚੋਂ ਕਈ ਸਿਪਾਹੀ ਅਮਰੀਕਾ ਚਲੇ ਗਏ ਸਨ। ਉਥੇ ਭਾਰਤ ਨੂੰ ਅਜ਼ਾਦ ਕਰਾਉਣ ਲਈ ਗ਼ਦਰ ਪਾਰਟੀ ਬਣ ਗਈ ਸੀ। ਜਿਨ੍ਹਾਂ ਸਾਥੀਆਂ ਦੇ ਨਾਂ ਕਿਸੇ ਨੂੰ ਪਤਾ ਸਨ ਉਨ੍ਹਾਂ ਨੂੰ ਪਰਚੇ ਭੇਜੇ ਜਾਂਦੇ ਸਨ। ਸਾਡੀ ਡਾਕ ਫੋਲੀ ਜਾਣ ਲੱਗੀ ਤੇ ਪਰਚੇ ਜ਼ਬਤ ਕੀਤੇ ਜਾਣ ਲੱਗ ਪਏ। ਇਕ ਸੱਜਣ ਫੁੰਮਣ ਸਿੰਘ ਦੀ ਅਮਰੀਕਾ ਵਿਚ ਕਿਸੇ ਨਾਲ ਚਿੱਠੀ ਪੱਤਰ ਚਲਦੀ ਸੀ। ਉਸ ਨੇ ਕਈ ਅਫ਼ਸਰਾਂ ਦੇ ਐਡਰੈਸ ਵੀ ਲਿਖ ਭੇਜੇ ਤਾਂ ਜੋ ਖਾਸ ਸਿਪਾਹੀਆਂ ਉਤੇ ਹੀ ਦੋਸ਼ ਨਾ ਲੱਗੇ। ਅਫ਼ਸਰਾਂ ਦੇ ਨਾਂ ਵੀ ਪਰਚੇ ਆਉਣ ਲੱਗ ਪਏ। ਪਰ ਅਸਾਂ ਸਿਪਾਹੀਆਂ ਤੇ ਪੰਜਾਬੀਆਂ ਵਿਚ ਪਰਚੇ ਵੰਡਣ ਲਈ ਚੀਨੀਆਂ ਦੇ ਪਤਿਆਂ ਉਤੇ ਖੁਫ਼ੀਆ ਪਰਚੇ ਮੰਗਾਉਣ ਦਾ ਪ੍ਰਬੰਧ ਕਰ ਲਿਆ। ਹੁਣ ਸਭ ਸਿਪਾਹੀਆਂ ਵਿੱਚ ਪਰਚੇ ਖੁਫ਼ੀਆ ਵੰਡੇ ਜਾਂਦੇ, ਪੜ੍ਹੇ ਜਾਂਦੇ, ਅਤੇ ਦੇਸ਼ ਦੀ ਅਜ਼ਾਦੀ ਲਈ ਸਲਾਹ ਮਸ਼ਵਰੇ ਹੁੰਦੇ ਰਹਿੰਦੇ। ਮੈਂ ਗ਼ਦਰ ਦੇ ਪਰਚੇ ਵੰਡਣ ਦਾ ਕੰਮ ਕਰਦਾ ਹੁੰਦਾ ਸਾਂ। ਅਖੀਰ ਮਾਰਚ 1914 ਨੂੰ ਹਾਂਗਕਾਂਗ ਵਿਚ ਕਾਮਾਗਾਟਾ ਮਾਰੂ ਜਹਾਜ਼ ਦੀ ਚਰਚਾ ਚੱਲ ਪਈ।

ਕਾਮਾਗਾਟਾ ਮਾਰੂ ਜਹਾਜ਼ ਦੇ ਚਲੇ ਜਾਣ ਮਗਰੋਂ ਅਫ਼ਸਰਾਂ ਨੇ ਫੌਜ ਵਿਚੋਂ ਉਹ ਆਦਮੀ ਚੁਣਨੇ ਸ਼ੁਰੂ ਕੀਤੇ ਜਿਨ੍ਹਾਂ ਉਤੇ ਗ਼ਦਰ ਦੇ ਪਰਚੇ ਵੰਡਣ ਜਾਂ ਅਜਿਹੇ ਬਾਗ਼ੀ ਕੰਮਾਂ ਵਿਚ ਹਿੱਸਾ ਲੈਣ ਦਾ ਸ਼ੱਕ ਸੀ। 53 ਆਦਮੀ ਚੁਣੇ ਗਏ। ਇਨ੍ਹਾਂ ਵਿਚ ਫੁੰਮਣ ਸਿੰਘ ਕਲੇਰ (ਜਲੰਧਰ), ਲਾਭ ਸਿੰਘ ਕਿਲਾ ਚੱਕ ਵਾਲੀਆ (ਲਾਹੌਰ), ਤੇਜਾ ਸਿੰਘ ਲਹੁਕੇ (ਅੰਮ੍ਰਿਤਸਰ), ਮੱਘਰ ਸਿੰਘ ਸਿਆਲਕੋਟ, ਕਿਰਪਾ ਸਿੰਘ ਲੰਗ ਮਜਾਰਾ ਤੇ ਈਸ਼ਰ ਸਿੰਘ ਆਦਿ। ਇਕ ਮੈਂ ਵੀ ਨਾਲ ਸੀ।

ਸ਼ਾਇਦ ਮੈਂ ਅਕਤੂਬਰ ਵਿਚ ਫਿਰੋਜ਼ਪੁਰ ਛਾਉਣੀ ਵਿਚ ਆ ਗਿਆ ਸੀ। ਏਥੇ ਜਰਮਨ ਜੰਗ ਦੇ ਕਾਰਨ ਫੌਜੀਆਂ ਵਿਚ ਬੜੀ ਬੇਚੈਨੀ ਸੀ। ਅੰਗਰੇਜ਼ਾਂ ਦੀ ਖਾਤਰ ਜਰਮਨੀ ਵਿਚ ਜਾ ਕੇ ਮਰਨ ਨੂੰ ਕਿਸੇ ਦਾ ਜੀਅ ਨਹੀਂ ਸੀ ਕਰਦਾ ਪਰ ਸੁੱਝਦਾ ਨਹੀਂ ਸੀ ਕਿ ਕੀ ਕੀਤਾ ਜਾਵੇ। ਏਥੇ ਗ਼ਦਰ ਅਖ਼ਬਾਰ ਵੀ ਨਹੀਂ ਸੀ ਆਉਂਦਾ।

ਦਸੰਬਰ ਜਾਂ ਜਨਵਰੀ ਦਾ ਮਹੀਨਾ ਸੀ। ਕਿਰਪਾ ਸਿੰਘ ਲੈਸ ਨਾਇਕ ਨੇ ਮੈਨੂੰ ਇਕ ਓਪਰੇ ਜਿਹੇ ਨੌਜਵਾਨ ਨੂੰ ਮਿਲਾਇਆ। ਉਹ ਰਾਤ ਮੇਰੇ ਪਾਸ ਰਿਹਾ। ਮੇਰੀ ਬਾਬਤ ਪੁੱਛ ਗਿੱਛ ਕਰਕੇ ਉਸ ਨੇ ਆਪਣਾ ਦਿਲ ਖੋਲ੍ਹਿਆ ਤੇ ਦੱਸਿਆ ਕਿ ਉਹ ਕਰਤਾਰ ਸਿੰਘ ਸਰਾਭਾ ਹੈ। ਉਸਨੇ ਗ਼ਦਰ ਪਾਰਟੀ ਦੇ ਇਨਕਲਾਬੀ ਪ੍ਰੋਗਰਾਮ ਬਾਰੇ ਸਭ ਕੁਝ ਮੈਨੂੰ ਸਮਝਾਇਆ ਤੇ ਦੱਸਿਆ ਕਿ ਪ੍ਰਦੇਸ਼ਾਂ ਵਿੱਚੋਂ ਗ਼ਦਰ ਪਾਰਟੀ ਦੇ ਸੈਂਕੜੇ ਦੇਸ਼ ਭਗਤ ਦੇਸ਼ ਵਿਚ ਪਹੁੰਚ ਗਏ ਹਨ ਤੇ ਵੱਖ-ਵੱਖ ਛਾਉਣੀਆਂ ਵਿੱਚ ਫੌਜਾਂ ਨੂੰ ਇਨਕਲਾਬ ਕਰਨ ਲਈ ਤਿਆਰ ਕਰ ਰਹੇ ਹਨ ਅਤੇ ਇਹ ਵੀ ਦੱਸਿਆ ਕਿ ਜੰਗ ਦੇ ਕਾਰਨ ਅੰਗਰੇਜ਼ੀ

ਫੌਜ ਭਾਰਤ ਵਿੱਚ ਬਹੁਤ ਥੋੜੀ ਰਹਿ ਗਈ ਹੈ। ਇਸ ਲਈ ਖੁਫ਼ੀਆ ਤੌਰ ਤੇ ਫੌਜੀਆਂ ਵਿਚ ਦੇਸ਼ ਪਿਆਰ ਤੇ ਇਨਕਲਾਬ ਦਾ ਪ੍ਰਚਾਰ ਕਰੋ। ਅਸੀਂ ਛੇਤੀਂ ਹੀ ਗ਼ਦਰ ਦੀ ਤਾਰੀਖ ਮਿੱਥ ਕੇ ਤੁਹਾਨੂੰ ਇਤਲਾਹ ਦਿਆਂਗੇ। ਕਰਤਾਰ ਸਿੰਘ ਨੂੰ ਮਿਲ ਕੇ, ਗ਼ਦਰ ਪਾਰਟੀ ਦਾ ਸਾਰਾ ਪ੍ਰੋਗਰਾਮ ਸਮਝ ਕੇ ਮੈਨੂੰ ਬੜੀ ਹੀ ਖੁਸ਼ੀ ਹੋਈ। ਮੈਂ ਅੱਗੇ ਹੀ ਇਸ ਗੱਲ ਦਾ ਉਡੀਕਵਾਨ ਸਾਂ। ਗ਼ਦਰ ਅਖ਼ਬਾਰ ਰਾਹੀਂ ਅੰਗਰੇਜ਼ਾਂ ਦੇ ਜ਼ੁਲਮਾਂ ਤੇ ਗੁਲਾਮੀ ਦੇ ਦੁੱਖਾਂ ਦਾ ਮੈਨੂੰ ਕਾਫੀ ਗਿਆਨ ਹੋ ਚੁੱਕਾ ਸੀ।

ਹੁਣ ਕਰਤਾਰ ਸਿੰਘ ਸਰਾਭਾ, ਪਿੰਗਲੇ ਤੇ ਬੰਤਾ ਸਿੰਘ ਸੰਘਵਾਲ ਤਿੰਨੇ ਕਿਰਪਾ ਸਿੰਘ ਨੂੰ ਤੇ ਮੈਨੂੰ ਮਿਲਣ ਆਉਂਦੇ ਰਹਿੰਦੇ ਅਤੇ ਉਨ੍ਹਾਂ ਦੀ ਹਦਾਇਤ ਮੁਤਾਬਕ ਮੈਂ ਫੌਜ ਵਿੱਚ ਕੰਮ ਕਰਦਾ ਰਹਿੰਦਾ। ਕੁਝ ਚਿਰ ਮਗਰੋਂ ਅਖ਼ਬਾਰ ਵਿੱਚ ਪੜ੍ਹਿਆ ਕਿ ਕਰਤਾਰ ਸਿੰਘ ਸਰਾਭਾ ਦੀ ਗ੍ਰਿਫਤਾਰੀ ਲਈ ਸਰਕਾਰ ਨੇ ਇਕ ਮਰੱਬਾ ਜ਼ਮੀਨ ਤੇ ਕਈ ਹਜ਼ਾਰ ਰੁਪਿਆ ਇਨਾਮ ਵੀ ਰੱਖਿਆ ਹੈ। ਇਸੇ ਤਰ੍ਹਾਂ ਪਿੰਗਲੇ ਦੀ ਗ੍ਰਿਫਤਾਰੀ ਦਾ ਇਨਾਮ ਵੀ ਰੱਖਿਆ ਗਿਆ। ਹਾਲਤ ਬੜੀ ਬਿਖੜੀ ਬਣਦੀ ਗਈ। ਛਾਉਣੀ ਵਿੱਚ ਕਰਤਾਰ ਸਿੰਘ ਸਰਾਭਾ ਦੀ ਹਦਾਇਤ ਮੁਤਾਬਿਕ ਰਫਲਾਂ ਲੈ ਕੇ ਕਿਲ੍ਹੇ ਉੱਤੇ ਕਬਜ਼ਾ ਕਰਨ ਦਾ ਪ੍ਰੋਗਰਾਮ ਬਣਾ ਲਿਆ ਗਿਆ ਸੀ। ਮੈਂ ਇਨ੍ਹਾਂ ਦੀ ਮੁਲਾਕਾਤ ਦੇ ਭੇਦ ਨੂੰ ਬੜਾ ਹੀ ਲੁਕੋ ਕੇ ਰੱਖਦਾ ਸਾਂ ਪਰ ਮਲੂਮ ਹੋਇਆ ਕਿ ਕੁਝ ਆਦਮੀਆਂ ਨੂੰ ਮੇਰੇ ਉੱਤੇ ਸ਼ੱਕ ਹੋ ਗਿਆ ਸੀ।

ਇਕ ਦਿਨ ਬੂਟਾ ਸਿੰਘ ਜਮਾਦਾਰ ਨੇ ਬੜੇ ਪ੍ਰੇਮ ਨਾਲ ਮੈਨੂੰ ਰੋਟੀ ਖਵਾਈ। ਇਹ ਮੇਰੇ ਪਿੰਡ ਦਾ ਹੀ ਵਸਨੀਕ ਸੀ। ਰੋਟੀ ਛਕਣ ਛਕਾਣ ਮਗਰੋਂ ਉਹ ਮੈਨੂੰ ਕਹਿਣ ਲੱਗਾ:

"ਹਰਨਾਮ ਸਿੰਘ, ਇਨ੍ਹਾਂ ਨੌਕਰੀਆਂ ਨਾਲ ਕੀ ਬਣਨੈ, ਕੋਈ ਅਜਿਹਾ ਕੰਮ ਕਰੀਏ ਕਿ ਜ਼ਿੰਦਗੀ ਸੰਵਰ ਜਾਵੇ।"

ਬੂਟਾ ਸਿੰਘ ਸਰਦਾਰਾਂ ਵਿਚ ਪੈਰ ਧਰਦਾ ਸੀ। ਉਸ ਨਾਲ ਮੈਂ ਕਦੀ ਰਾਜਸੀ ਗੱਲ ਨਹੀਂ ਸੀ ਕੀਤੀ। ਉਸਦੀ ਇਹ ਗੱਲ ਸੁਣ ਕੇ ਮੈਂ ਸੋਚਣ ਲੱਗ ਪਿਆ ਪਈ ਏਹ ਭੇਦ ਲੈਣਾ ਚਾਹੁੰਦਾ ਹੈ ਜਾਂ ਇਸ ਦੇ ਦਿਲ ਵਿਚ ਵੀ ਕੋਈ ਦੇਸ਼ ਪਿਆਰ ਦੀ ਜਾਗ ਲੱਗੀ ਹੈ। ਮੈਂ ਪੁੱਛਿਆ, "ਫਿਰ ਕੋਈ ਦੱਸ ਅਜਿਹਾ ਕੰਮ, ਮੈਂ ਤਿਆਰ ਹਾਂ।" ਉਸ ਨੇ ਮੈਨੂੰ ਅਖ਼ਬਾਰਾਂ ਵਿਚ ਛਪੇ ਇਨਾਮਾਂ ਦੀ ਖ਼ਬਰ ਸੁਣਾਈ ਤੇ ਆਖਿਆ, "ਮੈਨੂੰ ਪਤਾ ਲੱਗਾ ਹੈ ਕਿ ਤੇਰੇ ਕੋਲ ਕਰਤਾਰ ਸਿੰਘ ਸਰਾਭਾ ਤੇ ਪਿੰਗਲੇ ਆਉਂਦੇ ਹਨ, ਇਨ੍ਹਾਂ ਦੋਹਾਂ ਦਾ 12 ਹਜ਼ਾਰ ਰੁਪਿਆ ਤੇ ਸਤ ਮੁਰੱਬੇ ਇਨਾਮ ਹੈ, ਇਨ੍ਹਾਂ ਨੂੰ ਗ੍ਰਿਫਤਾਰ ਕਰਾ ਕੇ ਇਨਾਮ ਅਤੇ ਫੌਜ ਵਿਚ ਅਹੁਦੇ ਪ੍ਰਾਪਤ ਕਰੀਏ।" ਮੇਰੇ ਦਿਲ ਵਿੱਚ ਗੁੱਸਾ ਤਾਂ ਬੜਾ ਆਇਆ ਪਰ ਭੇਦ ਖੁੱਲ੍ਹਣ ਦੇ ਡਰ ਤੋਂ ਗੁੱਸੇ ਨੂੰ ਦਬਾ ਲਿਆ ਅਤੇ ਆਖਿਆ, "ਭਰਾਵਾ, ਤੈਨੂੰ ਕਿਸੇ ਬਿਲਕੁਲ ਗਲਤ ਖ਼ਬਰ ਦਿੱਤੀ ਹੈ, ਨਾ ਮੈਂ ਇਨ੍ਹਾਂ ਨੂੰ ਜਾਣਦਾ ਹਾਂ ਨਾ ਮੇਰਾ ਇਨ੍ਹਾਂ ਨਾਲ ਕੋਈ ਵਾਸਤਾ ਹੈ।" ਉਸ ਤੋਂ ਖਹਿੜਾ ਛੁਡਾ ਕੇ ਮੈਂ ਆਪਣੇ ਡੇਰੇ ਆ ਗਿਆ। ਮੈਂ ਖਿਆਲ ਕਰਦਾ ਸੀ ਕਿ ਦੇਸ਼ ਵਿਚ ਅਜਿਹਾ ਕੋਈ ਦੇਸ਼ ਧਰੋਹੀ ਨਹੀਂ ਹੋਵੇਗਾ ਜੋ

ਅਜਿਹੇ ਕੌਮੀ ਪਰਵਾਨਿਆਂ ਨੂੰ ਗ੍ਰਿਫਤਾਰ ਕਰਾਉਣ ਦਾ ਪਾਪ ਕਰੇ। ਮੇਰੀਆਂ ਅੱਖਾਂ ਖੁੱਲ੍ਹ ਗਈਆਂ, ਮੈਂ ਚੇਤੰਨ ਹੋ ਗਿਆ ਤੇ ਕਰਤਾਰ ਸਿੰਘ ਸਰਾਭਾ ਨੂੰ ਵੀ ਖ਼ਬਰਦਾਰ ਕਰ ਦਿੱਤਾ ਤੇ ਅੱਗੇ ਨੂੰ ਕਿਸੇ ਖ਼ੁਫੀਆ ਜਗ੍ਹਾ ਮਿਲਣ ਦਾ ਪ੍ਰਬੰਧ ਕਰ ਲਿਆ।

ਕੁਝ ਦਿਨ ਮਗਰੋਂ ਮੈਨੂੰ ਇਕ ਅੰਗਰੇਜ਼ ਅਫਸਰ ਦੇ ਪੇਸ਼ ਕੀਤਾ ਗਿਆ। ਉਸ ਨੇ ਵੀ ਪਹਿਲਾਂ ਮੈਨੂੰ ਮਿੱਠੀ ਤਰ੍ਹਾਂ ਪੁੱਛਿਆ, ਲਾਲਚ ਦਿੱਤਾ, ਜਦ ਮੈਂ ਇਕ ਨੰਨਾ ਪਕੜ ਲਿਆ ਤਾਂ ਉਸ ਮੈਨੂੰ ਗੋਲੀ ਨਾਲ ਉਡਾਣ ਦੀ ਧਮਕੀ ਦਿੱਤੀ। ਮੈਂ ਕਿਹਾ, "ਸਾਹਿਬ ਬੇਦੋਸ਼ੇ ਨੂੰ ਬੇਸ਼ਕ ਗੋਲੀ ਨਾਲ ਉਡਾ ਦਿਓ, ਮੈਨੂੰ ਤਾਂ ਇਨ੍ਹਾਂ ਗੱਲਾਂ ਦਾ ਕੋਈ ਪਤਾ ਹੀ ਨਹੀਂ।" ਮੈਨੂੰ ਜਾਣ ਦਿੱਤਾ ਗਿਆ ਪਰ ਮਲੂਮ ਹੁੰਦਾ ਹੈ ਕਿ ਮੇਰੇ ਉੱਤੇ ਉਨ੍ਹਾਂ ਦਾ ਸ਼ੱਕ ਗਿਆ ਨਹੀਂ ਸੀ।

ਇਸ ਦੇ ਮਗਰੋਂ ਮੈਨੂੰ ਤੇ ਤੇਜਾ ਸਿੰਘ ਲਹੁਕੇ ਨੂੰ 15-15 ਦਿਨ ਦੀ ਛੁੱਟੀ ਦੇ ਕੇ ਘਰ ਭੇਜ ਦਿੱਤਾ। ਕੁਝ ਦਿਨਾਂ ਮਗਰੋਂ ਅਸੀਂ ਵਾਪਸ ਆ ਗਏ ਤੇ ਫਿਰੋਜ਼ਪੁਰ ਹੀ ਰਹਿਣ ਦਾ ਟਿਕਾਣਾ ਬਣਾ ਕੇ ਕਰਤਾਰ ਸਿੰਘ ਸਰਾਭਾ ਨੂੰ ਨਾਲ ਲੈ ਕੇ ਫੌਜੀ ਸਿਪਾਹੀਆਂ ਨੂੰ ਮਿਲਦੇ ਰਹੇ ਤੇ ਉਨ੍ਹਾਂ ਨੂੰ ਦੱਸਦੇ ਰਹੇ ਕਿ ਅੰਗਰੇਜ਼ ਹੁਣ ਫਸੇ ਪਏ ਹਨ। ਤੁਸੀਂ ਵੀ ਤਿਆਰ ਰਹੋ ਤੁਹਾਨੂੰ ਠੀਕ ਮਿੱਥੀ ਤਾਰੀਖ ਦਾ ਪਤਾ ਦਿਆਂਗੇ। ਇਥੇ ਵੀ ਲਗਭਗ ਸਭ ਫੌਜਾਂ ਤਿਆਰ ਬੈਠੀਆਂ ਸਨ। ਇਥੇ ਪਲਟਨ ਨੰ: 26, 57 ਤੇ 58 ਸਨ। ਸਿਪਾਹੀ ਤਾਰੀਖ ਦੀ ਉਡੀਕ ਕਰਦੇ ਕਾਹਲੇ ਪੈ ਗਏ ਸਨ। ਉਹ ਕਹਿੰਦੇ ਸਨ, ਕਿਤੇ ਸਾਨੂੰ ਵੀ ਜਰਮਨ ਜੰਗ ਵਿਚ ਨਾ ਭੇਜ ਦੇਣ। ਫੌਜ ਵਿਚ ਤਿਆਰੀ ਦੀ ਤਸੱਲੀ ਕਰਕੇ ਮੈਂ ਆਪਣੇ ਪਿੰਡ ਆ ਗਿਆ। ਕਰਤਾਰ ਸਿੰਘ ਨੇ ਮੈਨੂੰ ਦੱਸ ਦਿੱਤਾ ਸੀ ਕਿ 21 ਫਰਵਰੀ ਗ਼ਦਰ ਦੀ ਤਾਰੀਖ ਮਿੱਥੀ ਗਈ ਹੈ। ਇਕ ਦਿਨ ਅਰਜਨ ਸਿੰਘ (ਫਿਰੋਜ਼ਪੁਰ) ਨੇ ਮੈਨੂੰ ਪਿੰਡ ਆ ਕੇ ਦੱਸਿਆ ਕਿ 21 ਦੀ ਬਜਾਏ 19 ਤਾਰੀਖ ਮੁਕਰੱਰ ਹੋ ਗਈ ਹੈ, ਚਲੋ ਛੇਤੀ ਫਿਰੋਜ਼ਪੁਰ ਨੂੰ। ਮੈਂ ਬੜੇ ਚਾਓ ਨਾਲ 19 ਤਾਰੀਖ ਫਿਰੋਜ਼ਪੁਰ ਚਲਾ ਗਿਆ।

ਕਰਤਾਰ ਸਿੰਘ ਸਰਾਭਾ ਨੇ ਕਿਰਪਾ ਸਿੰਘ ਲੈਸ ਨਾਇਕ ਰਾਹੀਂ ਛਾਉਣੀ ਵਿਚ ਵੀ ਜ਼ਿੰਮੇਵਾਰਾਂ ਨੂੰ ਖ਼ਬਰ ਪਹੁੰਚਾ ਦਿੱਤੀ ਸੀ। ਮੈਨੂੰ ਫਿਰੋਜ਼ਪੁਰ 19 ਤਾਰੀਖ ਨੂੰ ਛਾਉਣੀ ਸਟੇਸ਼ਨ ਉੱਤੇ ਮੰਗਲ ਸਿੰਘ ਡੋਗਰਾ ਮਿਲਿਆ ਤੇ ਪਛਾਣ ਕੇ ਹਮਦਰਦੀ ਨਾਲ ਕਹਿਣ ਲੱਗਾ, "ਬਚ ਕੇ ਤੁਰੰਤ ਨੱਸ ਜਾਓ, ਤੈਨੂੰ ਤੇ ਤੇਰੇ ਸਾਥੀਆਂ ਨੂੰ ਗੋਲੀ ਨਾਲ ਉਡਾਉਣ ਦਾ ਹੁਕਮ ਹੋ ਗਿਆ ਹੈ, ਗੋਰਿਆਂ ਦਾ ਪਹਿਰਾ ਲੱਗ ਚੁੱਕਾ ਹੈ।" ਛਾਉਣੀ ਦੇ ਸਟੇਸ਼ਨ ਤੋਂ ਪਤਾ ਲੱਗਾ ਕਿ 9 ਆਦਮੀ ਹੋਰ ਫੌਜ ਵਿਚੋਂ ਕੱਢੇ ਗਏ ਸਨ, ਜਿਨ੍ਹਾਂ ਵਿਚੋਂ ਕੁਝ ਮੁੜ ਛਾਉਣੀ ਵਿਚ ਆ ਗਏ ਸਨ। ਉੱਥੇ ਹੀ ਕਰਤਾਰ ਸਿੰਘ ਸਰਾਭਾ ਵੀ ਮਿਲਿਆ। ਕੁਝ ਗੱਲਾਂ ਹੋਈਆਂ। ਪਤਾ ਲੱਗਾ ਕਿ 19 ਤਾਰੀਖ ਨੂੰ ਛਾਉਣੀ ਵਿਚ ਗੋਰਿਆਂ ਦੇ ਪਹਿਰੇ ਲੱਗ ਗਏ ਸਨ। ਸਿਪਾਹੀਆਂ ਤੋਂ ਚਾਰ ਦਿਨ ਵਾਸਤੇ ਹਥਿਆਰ ਲੈ ਲਏ ਸਨ। ਦੂਜੇ ਦਿਨ ਕਰਤਾਰ ਸਿੰਘ ਨੇ ਦੱਸਿਆ ਕਿ ਕੁਝ ਗੜਬੜ ਹੋ ਗਈ ਜਾਪਦੀ ਹੈ। ਅਗੋਂ ਨਵੀਂ ਤਾਰੀਖ ਮਿੱਥ ਕੇ ਫਿਰ ਪਤਾ ਦੇਵਾਂਗੇ। ਤੁਸੀਂ ਹਾਲਾਂ ਘਰਾਂ ਨੂੰ ਜਾਓ। ਮੈਂ ਬੜਾ ਫਿਕਰ

ਵਿਚ ਪੈ ਗਿਆ ਤੇ ਕਾਲਾ ਸੰਘਾ ਆਪਣੇ ਘਰ ਵਾਪਸ ਆ ਗਿਆ। ਇੱਥੇ 23 ਫਰਵਰੀ ਨੂੰ ਮੈਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਲਾਹੌਰ ਭੇਜਿਆ ਗਿਆ।

ਉੱਥੇ ਬਹੁਤ ਸਾਰੇ ਗ਼ਦਰੀ ਦੇਸ਼ ਭਗਤ ਗ੍ਰਿਫਤਾਰ ਹੋ ਕੇ ਆਏ ਹੋਏ ਸਨ। ਕਰਤਾਰ ਸਿੰਘ ਸਰਾਭਾ ਵੀ ਮਿਲਿਆ। ਪਤਾ ਲੱਗਾ ਕਿ ਕੁਝ ਦੇਸ਼ ਧ੍ਰੋਹੀਆਂ ਨੇ ਗ਼ੱਦਾਰੀ ਕੀਤੀ, ਭੇਦ ਦੱਸ ਦਿੱਤਾ, ਜਿਸ ਕਰਕੇ ਇੰਨੀਆਂ ਗ੍ਰਿਫਤਾਰੀਆਂ ਹੋ ਗਈਆਂ। ਸ਼ਨਾਖਤ ਪ੍ਰੇਡ ਵਿਚ ਅਨੋਖ ਸਿੰਘ ਵਾਹਦਾ ਮਾਫ ਗਵਾਹ ਨੇ ਮੈਨੂੰ ਨਾ ਪਛਾਣਿਆ। ਇਸ ਕਰਕੇ ਮੈਨੂੰ ਕੇਸ ਨੰ: ਦੋ ਵਿਚ ਰੱਖਿਆ ਤੇ ਮੇਰੇ ਉੱਤੇ ਬਗਾਵਤ ਦੇ ਕਈ ਜੁਰਮ ਲਾ ਦਿੱਤੇ ਗਏ। ਮੇਰੇ ਉੱਤੇ ਦਫ਼ਾ 121 ਏ, 121 ਬੀ ਤੇ 131 ਏ ਲਾਈਆਂ ਗਈਆਂ। ਸਪੈਸ਼ਲ ਅਦਾਲਤ ਵਿਚ ਗਵਾਹੀਆਂ ਮਗਰੋਂ 30 ਮਾਰਚ 1916 ਨੂੰ ਮੈਨੂੰ ਉਮਰ ਕੈਦ ਕਾਲਾ ਪਾਣੀ ਤੇ ਜਾਇਦਾਦ ਜ਼ਬਤੀ ਦਾ ਹੁਕਮ ਸੁਣਾਇਆ ਗਿਆ।

***

ਮਾਂ ਬੋਲੀ ਪੰਜਾਬੀ ਦਾ ਵੀ ਆਸ਼ਕ ਸੀ ਕਰਤਾਰ ਸਿੰਘ ਸਰਾਭਾ

-ਕਿਰਪਾ ਸਿੰਘ ਲੰਗਮਾਜ਼ਰੀ

ਮੇਰੀ ਉਮਰ ਤਕਰੀਬਨ 82-83 ਸਾਲ ਹੈ ਤੇ ਮੇਰਾ ਬਚਪਨ ਪਿੰਡ ਲੰਗ ਮਾਜਰੀ ਜੋ ਆਨੰਦਪੁਰ ਤੋਂ ਦੋ ਮੀਲ ਦੀ ਵਿਥ 'ਤੇ ਵਾਕਿਆ ਹੈ ਵਿਚ ਹੀ ਬੀਤਿਆ। ਮੈਂ ਆਪਣੇ ਵੇਲੇ ਦੀਆਂ ਅੱਠ ਜਮਾਤਾਂ ਪਾਸ ਕਰਨ ਉਪਰੰਤ, ਪਟਵਾਰੀ ਦੀ ਨੌਕਰੀ ਲਈ ਚੁਣ ਲਿਆ ਗਿਆ। ਇਹ 1902-03 ਦੀ ਗੱਲ ਹੈ। ਪਹਿਲੇ ਪਹਿਲ ਮੈਨੂੰ ਇਕ ਪਟਵਾਰੀ ਦੇ ਨਾਲ ਇਕ ਸਹਾਇਕ ਦੇ ਤੌਰ ਤੇ ਲਾ ਦਿੱਤਾ ਅਤੇ ਮੈਨੂੰ ਛੇਤੀ ਹੀ ਉਸ ਦੀਆਂ ਕਮੀਨ ਹਰਕਤਾਂ ਜਿਹਾ ਕਿ ਦੋ ਦੋ ਆਨੇ ਦੀ ਰਿਸ਼ਵਤ, ਸਬਜ਼ੀਆਂ, ਪੱਠੇ ਤੇ ਹੋਰ ਨਿੱਕ ਸੁੱਕ ਦੀ ਚੂੰਢਾ-ਚੂੰਢੀ ਤੋਂ ਨਫ਼ਰਤ ਹੋ ਗਈ ਅਤੇ ਇਸ ਗੱਲ ਨੇ ਮੇਰੇ ਦਿਲ 'ਤੇ ਡੂੰਘਾ ਅਸਰ ਕੀਤਾ। ਇੰਝ ਮੈਂ ਛੇਤੀ ਹੀ ਪਟਵਾਰੀ ਦੀ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਅਤੇ ਫੌਜ ਵਿਚ ਭਰਤੀ ਹੋ ਗਿਆ। ਫੌਜ ਵਿਚ ਪਹਿਲਾਂ ਮੈਨੂੰ ਕੁਝ ਅੰਗਰੇਜ਼ ਅਫ਼ਸਰਾਂ ਨੂੰ ਪੰਜਾਬੀ ਪੜ੍ਹਾਣ ਲਈ ਨੀਯਤ ਕਰ ਦਿੱਤਾ, ਮੈਂ ਇਹ ਕੰਮ ਪੂਰੀ ਲਗਨ ਨਾਲ ਨਿਭਾਇਆ। ਮੈਨੂੰ ਸ਼ੁਰੂ ਤੋਂ ਹੀ ਆਪਣੀ ਮਾਂ ਬੋਲੀ ਪੰਜਾਬੀ ਨਾਲ ਅਥਾਹ ਪਿਆਰ ਸੀ ਅਤੇ ਸਦਾ ਹੀ ਆਪਣੇ ਦੂਜੇ ਸਾਥੀਆਂ ਨੂੰ ਪ੍ਰੇਰਦਾ ਰਹਿੰਦਾ ਕਿ ਸਾਨੂੰ ਆਪਣੀ ਮਾਂ ਬੋਲੀ ਨੂੰ ਹੀ ਵਧੇਰੇ ਮਹੱਤਤਾ ਦੇਣੀ ਚਾਹੀਦੀ ਹੈ। ਮੈਂ ਉਹਨਾਂ ਦਿਨਾਂ ਵਿਚ ਲੈਂਸ ਨਾਇਕ ਸਾਂ ਤੇ ਅਸੀਂ ਪਰੇਡ ਦੇ ਸਾਰੇ ਕਾਸ਼ਨਾਂ ਦਾ ਉਲਥਾ ਅੰਗਰੇਜ਼ੀ ਤੋਂ ਪੰਜਾਬੀ ਕਰ ਲਿਆ ਤੇ ਪ੍ਰੇਡ ਸਮੇਂ ਕਾਸ਼ਨ ਪੰਜਾਬੀ ਵਿਚ ਹੀ ਦੇਂਦੇ, ਪਰ ਅੰਗਰੇਜ਼ ਨੂੰ ਇਹ ਗੱਲ ਸੁਖਾਵੀਂ ਨਾ ਲੱਗੀ-ਪਰ ਫਿਰ ਵੀ ਮੈਂ ਪੰਜਾਬੀ ਬੋਲੀ ਦਾ ਪ੍ਰਚਾਰ ਜਾਰੀ ਰਖਿਆ ਕਿ ਸਾਨੂੰ ਆਪਣੀ ਬੋਲੀ ਹੀ ਬੋਲਣੀ ਚਾਹੀਦੀ ਹੈ ਤੇ ਆਪਣੀ ਬੋਲੀ ਬਾਰੇ ਵੱਧ ਤੋਂ ਵੱਧ ਗਿਆਨ ਹਾਸਲ ਕਰਨਾ ਚਾਹੀਦਾ ਹੈ।

ਮੈਂ ਇਹਨਾਂ ਹੀ ਦਿਨਾਂ ਵਿਚ ਵਤਨ ਦੀ ਅਜ਼ਾਦੀ ਬਾਰੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਸਨ। ਆਪਣੇ ਮਨ ਵਿਚ ਮਨਸੂਬੇ ਘੜਦਾ ਰਹਿੰਦਾ ਅਤੇ ਮੈਂ ਹਮੇਸ਼ਾਂ ਹੀ ਇਸ ਤਾਕ ਵਿਚ ਰਹਿੰਦਾ ਕਿ ਮੈਂ ਅੰਗਰੇਜ਼ਾਂ ਦਾ ਨੁਕਸਾਨ ਕਰ ਸਕਾਂ। ਮੈਨੂੰ ਵਿਦੇਸ਼ੀ ਚਿੱਟਿਆਂ ਦਾ ਰਾਜ ਜਰਾ ਨਹੀਂ ਸੀ ਭਾਉਂਦਾ। ਇਕ ਵਾਰ ਦੀ ਗੱਲ ਹੈ ਕਿ ਇਕ ਵੱਡੇ ਅਫ਼ਸਰ ਦੀ ਚੋਣ ਹੋਣੀ ਸੀ। ਇਸ ਲਈ ਉਸ ਦੀ ਲੜਾਈ ਸਮੇਂ ਦੀ ਅਗਵਾਈ ਲਈ ਯੋਗਤਾ ਪਰਖੀ ਜਾਣੀ ਸੀ। ਇਸ ਮਤਲਬ ਲਈ ਸਾਰੀ ਸਥਾਨਕ ਫੌਜ ਨੂੰ ਦੋ ਹਿੱਸਿਆਂ

ਵਿਚ ਵੰਡ ਦਿੱਤਾ ਗਿਆ ਅਤੇ ਫਾਇਰਿੰਗ ਦੇ ਹੁਕਮ ਤੇ ਚਲਾਣ ਲਈ ਖ਼ਾਲੀ ਕਾਰਤੂਸ ਦਿੱਤੇ ਗਏ। ਜਿਵੇਂ ਕਿ ਮੈਂ ਪਹਿਲਾਂ ਹੀ ਵਿਉਂਤ ਘੜੀ ਸੀ। ਮੈਂ ਇਕ ਅਸਲੀ ਕਾਰਤੂਸ ਵੀ ਲੈ ਗਿਆ। ਸਾਡੀ ਫੌਜ ਦੀ ਟੁਕੜੀ ਨੂੰ ਇਕ ਖਾਈ ਦੇ ਨਾਲ ਲੇਟ ਜਾਣ ਦਾ ਹੁਕਮ ਹੋਇਆ ਤੇ ਉਸ ਵੇਲੇ ਅੰਗਰੇਜ਼ ਕਮਾਂਡਰ ਵੀ ਆ ਗਏ ਅਤੇ ਮੁਹਾਰਤ ਦੀ ਕਾਰਵਾਈ ਸ਼ੁਰੂ ਹੋਈ। ਕਾਫ਼ੀ ਸਾਰੇ ਅਫ਼ਸਰ ਉਹਨਾਂ ਵਿਚ ਸ਼ਾਮਿਲ ਸਨ ਅਤੇ ਇਕ ਵੱਡਾ ਕਮਾਂਡਰ ਵੀ। ਜਦੋਂ ਹੀ ਗੋਲੀ ਚਲਾਣ ਦਾ ਹੁਕਮ ਮਿਲਿਆ ਮੈਂ ਆਪਣੀ ਰਾਈਫਲ ਵਿਚ ਅਸਲੀ ਗੋਲੀ ਭਰ ਕੇ ਚਲਾ ਦਿੱਤੀ। ਮੈਂ ਆਪਣਾ ਨਿਸ਼ਾਨਾ ਕਮਾਂਡਰ ਨੂੰ ਹੀ ਰਖਿਆ ਸੀ। ਨਿਸ਼ਾਨਾ ਥੋੜ੍ਹਾ ਜਿਹਾ ਉੱਕ ਗਿਆ ਤੇ ਗੋਲੀ ਘੋੜੇ ਦੀ ਪਿੱਠ ਵਿਚ ਲੱਗੀ ਤੇ ਨਾਲ ਹੀ ਕਮਾਂਡਰ ਘੋੜੇ ਤੋਂ ਉਲਟ ਕੇ ਡਿੱਗ ਪਿਆ। ਝਟ ਪਟ ਕਾਰਵਾਈ ਰੋਕ ਦਿੱਤੀ ਗਈ ਤੇ ਤਲਾਸ਼ੀ ਸ਼ੁਰੂ ਹੋ ਗਈ। ਮੈਂ ਕਾਰਤੂਸ ਨੂੰ ਪੈਰ ਨਾਲ ਜ਼ਮੀਨ ਵਿਚ ਦੱਬ ਦਿੱਤਾ ਸੀ। ਪਰ ਤਲਾਸ਼ੀ ਕਿਸੇ ਵੀ ਆਦਮੀ ਤੇ ਹੱਥ ਨਾ ਉਠਾ ਸਕੀ ਤੇ ਮੈਂ ਉਸ ਘਟਨਾ ਵਿਚੋਂ ਸਾਫ ਸਾਫ ਬਚ ਗਿਆ।

ਮੈਂ ਦੋ ਵਾਰ ਗ੍ਰਿਫ਼ਤਾਰ ਕੀਤਾ ਗਿਆ। ਪਹਿਲੀ ਵਾਰ 1914 ਵਿਚ, ਪਰ ਸ਼ਨਾਖਤ ਨਾ ਹੋ ਸਕਣ ਦੇ ਕਾਰਨ ਛੇਤੀ ਹੀ ਛੱਡ ਦਿੱਤਾ ਗਿਆ। ਮੈਂ ਜੇਲ੍ਹ ਤੋਂ ਬਾਹਰ ਆ ਕੇ ਛੇਤੀ ਹੀ ਗ਼ਦਰ ਪਾਰਟੀ ਨਾਲ ਸੰਪਰਕ ਕਾਇਮ ਕਰ ਲਿਆ ਅਤੇ ਸਾਥੀਆਂ ਦੀ ਸਲਾਹ ਨਾਲ ਇਕ ਮਹਾਨ ਵਿਉਂਤ ਦਾ ਖਾਕਾ ਮਨ ਵਿਚ ਤਹਿ ਕਰਕੇ ਦੁਬਾਰਾ ਫੌਜ ਵਿਚ ਭਰਤੀ ਹੋ ਗਿਆ। ਮੈਨੂੰ ਫੌਜ ਵਿਚ ਡਿਸਪੈਂਸਰੀ ਦਾ ਇੰਚਾਰਜ ਬਣਾ ਦਿੱਤਾ। ਡਿਸਪੈਂਸਰੀ ਦਾ ਕਮਰਾ ਬਾਹਰ ਵਾਰ ਜੰਗਲ ਵੱਲ ਸੀ। ਇਹ ਸਾਰਾ ਕਿੱਸਾ ਫਿਰੋਜ਼ਪੁਰ ਛਾਉਣੀ ਦਾ ਹੈ। ਉਹਨਾਂ ਦਿਨਾਂ ਵਿਚ ਕਰਤਾਰ ਸਿੰਘ ਸਰਾਭਾ ਤੇ ਪਿੰਗਲੇ ਮੇਰੇ ਕੋਲ ਅਕਸਰ ਆਉਂਦੇ ਰਹਿੰਦੇ। ਫੌਜੀ ਬਗਾਵਤ ਨੂੰ ਸਫ਼ਲ ਬਣਾਉਣ ਦੇ ਲਈ ਬਰੀਕੀ ਵਿਚ ਹਰ ਨੁਕਤੇ ਤੇ ਵਿਚਾਰ ਕੀਤਾ ਜਾਂਦਾ। ਅਖੀਰ ਉਹ ਦਿਹਾੜਾ ਆ ਗਿਆ ਜਦੋਂ ਭਾਰਤ ਦੇ ਇਤਿਹਾਸ ਦਾ ਇਕ ਨਵਾਂ ਪੰਨਾ ਪਰਤਿਆ ਜਾਣਾ ਸੀ ਅਤੇ ਛਾਉਣੀ ਦੇ ਸੂਬੇਦਾਰਾਂ ਅਤੇ ਹੌਲਦਾਰਾਂ ਨਾਲ ਸਭ ਕੁਝ ਮਿਲਾ ਲਿਆ ਗਿਆ ਸੀ। ਤਾਰੀਖ, ਸਮਾਂ ਅਤੇ ਹੋਰ ਘਟਨਾਵਾਂ ਲਈ ਜ਼ਰੂਰੀ ਨੁਕਤੇ ਫੌਜ ਤੋਂ ਇਲਾਵਾ ਬਾਕੀ ਗ਼ਦਰੀਆਂ ਨੂੰ ਤਿੰਨ ਜੱਥਿਆਂ ਵਿੱਚ ਵੰਡ ਦਿੱਤਾ ਗਿਆ, ਇਕ ਜੱਥੇ ਦੀ ਵਾਗਡੋਰ ਮੇਰੇ ਹੱਥ ਵਿਚ ਦਿੱਤੀ ਗਈ ਤੇ ਦੋ ਹੋਰ ਜੱਥੇ ਭਾਈ ਰਣਧੀਰ ਸਿੰਘ ਤੇ ਬਾਬਾ ਲਾਭ ਸਿੰਘ ਕੋਲ ਸੌਂਪ ਦਿੱਤੇ ਗਏ। ਸਾਰੇ ਸਾਥੀ ਹਥਿਆਰਾਂ ਨਾਲ ਲੋੜ ਮੁਤਾਬਿਕ ਲੈਸ ਸਨ। ਅਸੀਂ ਠੀਕ ਸਮੇਂ ਸਿਰ ਪਹੁੰਚ ਗਏ ਅਤੇ ਬਾਕੀ ਸਾਥੀਆਂ ਨੂੰ ਥੋੜ੍ਹੀ ਦੂਰ ਬਚਾਅ ਵਾਲੀ ਥਾਂ 'ਤੇ ਛੱਡ ਕੇ ਮੈਂ ਤੇ ਲਾਭ ਸਿੰਘ ਛਾਉਣੀ ਅੰਦਰ ਦਾਖ਼ਲ ਹੋ ਗਏ। ਜਿਵੇਂ ਕਿ ਪਹਿਲਾਂ ਹੀ ਤਹਿ ਸੀ ਅਸੀਂ ਸਬੰਧਿਤ ਸੂਬੇਦਾਰ ਕੋਲੋਂ ਜਦੋਂ ਅਸਲੇ ਖਾਨੇ (ਜਿਸ ਨੂੰ ਲਾਲ ਪਟਾਰਾ ਵੀ ਕਿਹਾ ਜਾਂਦਾ ਸੀ) ਦੀਆਂ ਚਾਬੀਆਂ ਮੰਗੀਆਂ ਤਾਂ ਸਾਨੂੰ ਦਸਿਆ ਕਿ ਹਾਲਾਤ ਵਿਗੜ ਗਏ ਹਨ ਤੇ ਸਾਰਾ ਅਸਲਾ ਜਿਹੜਾ ਦੇਸੀ ਫੌਜਾਂ ਕੋਲ ਸੀ,

ਅੰਗਰੇਜ਼ਾਂ ਨੇ ਆਪਣੇ ਕਬਜ਼ੇ ਹੇਠ ਲੈ ਲਿਆ ਹੈ। ਕਿਰਪਾਲ ਸਿੰਘ ਦੀ ਮੁਖਬਰੀ ਕਾਰਨ ਸਾਰੀ ਯੋਜਨਾ ਹੀ ਅੰਗਰੇਜ਼ਾਂ ਦੇ ਕੰਨਾਂ ਤੱਕ ਪਹੁੰਚ ਗਈ ਸੀ। ਸਾਡੇ ਜੱਥਿਆਂ ਦੇ ਆਉਣ ਬਾਰੇ ਅੰਗਰੇਜ਼ ਨੂੰ ਖ਼ਬਰ ਹੋ ਗਈ ਕਿ ਬਗਾਵਤ ਹੋਣ ਵਾਲੀ ਹੈ। ਸੰਕਟੀ ਬਿਗਲ ਵਜਿਆ ਤੇ ਤੋਪਾਂ ਨੂੰ ਥਾਂ ਟਿਕਾਣੇ ਕੀਤਾ ਜਾਣ ਲੱਗਾ। ਫਿਰੋਜ਼ਪੁਰ ਛਾਉਣੀ ਨੂੰ ਪੂਰੀ ਤਰ੍ਹਾਂ ਘੇਰਾ ਪਾ ਲਿਆ ਤੇ ਛੋਟੀਆਂ 2 ਟੁਕੜੀਆਂ ਵਿਚ ਚਿੱਟੀਆਂ ਫੌਜਾਂ ਗਸ਼ਤ ਕਰਨ ਲੱਗ ਪਈਆਂ-ਮੈਂ ਤੇ ਲਾਭ ਸਿੰਘ ਹੌਲੀ ਹੌਲੀ ਸੁਚੇਤ ਹੋ ਕੇ ਬਾਹਰ ਵੱਲ ਵਧ ਰਹੇ ਸਾਂ ਜਦੋਂ ਕਿ ਅਚਾਨਕ ਅਸੀਂ ਵੇਖਿਆ ਕਿ ਇਕਦਮ ਸਾਡੇ ਚਿਹਰਿਆਂ ਤੇ ਨੀਵੀਂ ਰੌਸ਼ਨੀ (ਖਾਸ ਕਿਸਮ ਦੀਆਂ ਬੈਟਰੀਆਂ) ਦੇ ਨਾਲ ਹੀ ਸਾਡੀਆਂ ਛਾਤੀਆਂ ਤੇ ਸੰਗੀਨਾ ਆ ਟਿਕੀਆਂ (ਸਾਡੇ ਕੋਲੋਂ ਪੁੱਛਗਿਛ ਕੀਤੀ ਗਈ) ਅਸੀਂ ਸਧਾਰਨਤਾ ਦਾ ਵਿਖਾਵਾ ਕਰਦੇ ਹੋਏ ਟੇਸ਼ਨ ਟੇਸ਼ਨ ਕਹਿਣ ਲੱਗੇ...... ਪਰ ਸਾਨੂੰ ਉਹਨਾਂ ਨੇ ਛਡਿਆ ਨਾ ਅਤੇ ਗੇਟ ਵਾਲੇ ਸੰਤਰੀ ਦੇ ਹਵਾਲੇ ਕਰਕੇ ਆਪ ਗਸ਼ਤ 'ਤੇ ਚਲੇ ਗਏ। ਉਹ ਸਿਪਾਹੀ ਸਾਡੇ ਵਲੋਂ ਸੁਚੇਤ ਨਾ ਰਹਿ ਕੇ ਥੋੜ੍ਹੀ ਥੋੜ੍ਹੀ ਦੇਰ ਬਾਅਦ ਆਪਣੀ ਬੰਦੂਕ ਨੂੰ ਘੜਿਆਲ ਦੇ ਸਹਾਰੇ ਖੜ੍ਹਾ ਕਰਕੇ ਸਿਗਰਟ ਸੁਲਗਾਉਂਦਾ ਸੀ। ਮੈਂ ਲਾਭ ਸਿੰਘ ਨੂੰ ਸੰਤਰੀ ਤੋਂ ਅੱਖ ਬਚਾ ਕੇ ਆਖਿਆ ਕਿ ਜਦੋਂ ਹੁਣ ਗੋਰਾ ਆਪਣੀ ਬੰਦੂਕ ਘੜਿਆਲ ਦੇ ਸਹਾਰੇ ਖੜ੍ਹੀ ਕਰੇਗਾ, ਮੈਂ ਪੂਰੇ ਜ਼ੋਰ ਨਾਲ ਉਸ ਨੂੰ ਧੱਕਾ ਮਾਰਾਂਗਾ ਤੇ ਤੂੰ ਬੰਦੂਕ ਚੁੱਕੀਂ ਤੇ ਨੱਸ ਤੁਰੀਏ.... ਅਸੀਂ ਇੰਝ ਹੀ ਕੀਤਾ ਅਤੇ ਉਸਦੀ ਬੰਦੂਕ ਚੁੱਕ ਕੇ ਭੱਜ ਨਿਕਲੇ। ਅਸੀਂ ਚਮਾਲੇ ਸਾਹਿਬ ਗੁਰਦੁਆਰੇ ਪਹੁੰਚ ਗਏ। ਕੁਝ ਅਰਸੇ ਬਾਦ ਹੀ ਮੈਂ ਫੜ ਲਿਆ ਗਿਆ.... ਉਹਨਾਂ ਦਿਨਾਂ ਵਿਚ ਇਕ ਆਦਮੀ ਅਨੋਖ ਸਿੰਘ ਜੋ ਸਾਡੀ ਪਾਰਟੀ ਨਾਲ ਕੰਮ ਕਰਦਾ ਰਿਹਾ ਸੀ, ਨੇ ਗ੍ਰਿਫ਼ਤਾਰ ਕੀਤੇ ਜਾਣ ਤੇ ਪੁਲਿਸ ਨੂੰ ਸਾਰਾ ਭੇਦ ਦੱਸ ਦਿੱਤਾ। ਉਥੋਂ ਜਲਦੀ ਹੀ ਮੇਰੀ ਗ੍ਰਿਫ਼ਤਾਰੀ ਦਾ ਹੁਕਮ ਆ ਗਿਆ ਤੇ ਕਰੜੀ ਸਜ਼ਾ ਦਾ ਵੀ... ਮੇਰੇ 'ਤੇ ਮੁਕੱਦਮਾ ਚਲਾਇਆ ਗਿਆ ਅਤੇ ਮੈਨੂੰ 30-3-1916 ਨੂੰ ਸਜ਼ਾ ਦਿੱਤੀ ਗਈ।

ਸਾਰਿਆਂ ਤੋਂ ਪਹਿਲਾਂ ਸਾਨੂੰ ਮਿੰਟਗੁਮਰੀ ਜੇਲ੍ਹ ਵਿਚ ਰਖਿਆ ਗਿਆ ਤੇ ਅਸੀਂ ਕਿਸੇ ਸਿਪਾਹੀ ਨੂੰ ਦਵਾਈ ਬਣਾ ਕੇ ਦੇਣ ਦਾ ਲਾਰਾ ਲਾ ਕੇ ਚੂੜੀਆਂ ਵਾਲੀਆਂ ਗੜਵੀਆਂ ਮੰਗਵਾ ਲਈਆਂ ਅਤੇ ਇਸੇ ਤਰ੍ਹਾਂ ਹੋਰ ਸਮਾਨ ਵੀ.... ਆਖੀਰ ਬੜੀ ਕੋਸ਼ਿਸ਼ ਦੇ ਨਾਲ ਅਸੀਂ ਬੰਬ ਬਣਾ ਲਏ। ਸਰਾਭੇ ਨੇ ਬੰਬਾਂ ਦੀ ਵਿਉਂਤ ਨੂੰ ਸਿਰੇ ਚਾੜਣ ਲਈ ਬਹੁਤ ਤੇਜ਼ੀ ਨਾਲ ਕੰਮ ਕੀਤਾ ਅਤੇ ਅਸੀਂ ਹੋਰ ਰਾਈਫਲਾਂ ਤੇ ਅਸਲਾ ਇਕੱਠਾ ਕਰਨ ਵਿਚ ਸਫ਼ਲ ਹੋਏ। ਇਕ ਦਿਨ ਨੀਯਤ ਕਰਕੇ ਜੇਹਲੋਂ ਭੱਜ ਨਿਕਲਣ ਦਾ ਪ੍ਰੋਗਰਾਮ ਬਣਾ ਲਿਆ। ਜੇਲ੍ਹ ਨੂੰ ਪੌੜੀ ਲਾ ਲਈ ਅਤੇ ਬਹੁਤ ਸਾਰੇ ਆਦਮੀ ਭੱਜ ਨਿਕਲਣ ਵਿਚ ਸਫ਼ਲ ਹੋਏ। ਸਰਾਭੇ ਕੋਲ ਕਾਫ਼ੀ ਬੰਬ ਸਨ ਤੇ ਉਹ ਡਿੱਗ ਪਿਆ ਜਿਸ ਨਾਲ ਇਕ ਬੰਬ ਫਟ ਗਿਆ ਅਤੇ ਦੋ ਸਿਪਾਹੀ ਮਾਰੇ ਗਏ। ਸਰਾਭੇ ਨੂੰ ਵੀ ਨਲਾਂ ਕੋਲ ਕਾਫੀ ਸੱਟ ਲੱਗੀ-ਬੰਬ ਫਟਣ ਨਾਲ ਫੌਜ ਨੂੰ ਖ਼ਬਰ ਹੋ ਗਈ ਅਤੇ ਉਨ੍ਹਾਂ ਇਕ ਦਮ ਘੇਰਾ ਪਾ

ਲਿਆ ਅਤੇ ਇਸ ਤਰ੍ਹਾਂ ਸਾਡਾ ਯਤਨ ਅਸਫ਼ਲ ਰਿਹਾ..... ਦੂਜੀ ਵਾਰ ਹਜ਼ਾਰੀ ਬਾਗ਼ ਜੇਲ੍ਹ ਵਿਚ ਵਿਉਂਤ ਬਣਾਈ ਗਈ ਅਤੇ ਕਾਫ਼ੀ ਸਾਥੀ ਨਿਕਲ ਗਏ ਪਰ ਸਾਡੀ ਕੋਠੜੀ ਦੀ ਚਾਬੀ ਨਾ ਮਿਲ ਸਕਣ ਕਾਰਨ ਮੈਨੂੰ ਜੇਲ੍ਹ ਦੀ ਹਵਾ ਖਾਣੀ ਪਈ। ਸਾਡੀਆਂ ਜੇਲ੍ਹਾਂ ਛੇਤੀ ਹੀ ਬਦਲ ਦਿੱਤੀਆਂ ਜਾਂਦੀਆਂ ਤੇ ਮੈਂ ਇਸ ਕੈਦ ਵਿਚ ਮਿੰਟਗੁਮਰੀ, ਹਜ਼ਾਰੀਬਾਗ਼, ਮਾਂਡਲੇ, ਬੁਲਾਰੀ (ਮਦਰਾਤ), ਟੀਪੂ ਫੋਰਟ (ਮਦਰਾਸ) ਭੀਲ ਦਾਨਾ (ਸੀ.ਪੀ.) ਉਕੋਲਾ, ਰਾਵਲਪਿੰਡੀ, ਹੁਸ਼ਿਆਰਪੁਰ ਦੀਆਂ ਜੇਲ੍ਹਾਂ ਦਾ ਸਵਾਦ ਚਖਦਾ ਹੋਇਆ ਅਨੰਦਪੁਰ ਥਾਣੇ ਤੋਂ ਰਿਹਾਅ ਕੀਤਾ ਗਿਆ ਤੇ ਫ਼ਿਰ ਵੀ ਮੇਰੇ 'ਤੇ ਨਜ਼ਰ ਰੱਖੀ ਜਾਂਦੀ ਰਹੀ।

.....ਅਸੀਂ ਗੁਲਾਮੀ ਤੇ ਜ਼ੁਲਮ ਦੇ ਵਿਰੁੱਧ ਲੜੇ ਸਾਂ, ਸਿਰਫ਼ ਅੰਗਰੇਜ਼ਾਂ ਵਿਰੁੱਧ ਨਹੀਂ, ਅਸੀਂ ਤਾਂ ਪ੍ਰਣ ਕੀਤੇ ਸਨ ਕਿ ਇਹ ਜਦੋ-ਜਹਿਦ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਮਨੁੱਖ ਦਾ ਜ਼ੁਲਮ ਮਨੁੱਖ ਉਤੇ ਭਾਰੂ ਹੈ। ਅੱਜ ਦੀ ਅਜ਼ਾਦੀ ਸਾਡਾ ਮਕਸਦ ਨਹੀਂ ਸੀ ਜਿਥੇ 23 ਸਾਲ ਬਾਅਦ ਵੀ ਕਿਰਤੀ ਲੋਕ ਮੰਦਹਾਲੀ ਵਿਚ ਜੀਅ ਰਹੇ ਹਨ ਅਤੇ ਉਹਨਾਂ ਦੀ ਹੱਕ ਹਲਾਲ ਦੀ ਕਮਾਈ ਨੂੰ ਥੋਥੀ ਰਾਜਨੀਤੀ ਵਿਚ ਪਾਣੀ ਵਾਂਗ ਵਗਾਇਆ ਜਾ ਰਿਹਾ ਹੈ। ਅਜੇ ਸਾਡੇ ਦੇਸ਼ ਵਿਚ ਜ਼ਰੂਰਤ ਹੈ, ਵਿਦਿਆਰਥੀਆਂ ਅਤੇ ਕਿਸਾਨਾਂ ਲਈ ਜਾਗ੍ਰਿਤ ਹੋਣ ਦਾ ਵੇਲਾ ਹੈ, ਫੋਕੇ ਸ਼ੌਕਾਂ ਵਿਚ ਜ਼ਿੰਦਗੀ ਦੇ ਕੀਮਤੀ ਪਲ ਅਜਾਈਂ ਨਾ ਗਵਾਉ... ਮੈਂ ਆਸ ਰੱਖਦਾ ਹਾਂ ਉਸ ਦੇਸ਼ ਵਿਚ ਜਿਥੇ ਭਗਤ ਸਿੰਘ ਤੇ ਸਰਾਭੇ ਨੇ ਜਨਮ ਲਿਆ ਸੀ ਅੱਜ ਵੀ ਨੌਜਵਾਨ ਜੀਉਂਦੇ ਹਨ ਜਿਹਨਾਂ ਨੇ ਆਪਣੇ ਦੇਸ਼ ਦੀ ਖੁਸ਼ਹਾਲੀ ਲਈ ਹਰ ਕਦਮ ਚੁੱਕਣਾ ਹੈ। ...ਸਰਾਭੇ ਤੇ ਪਿੰਗਲੇ ਦਾ ਸੁਨੇਹਾ ਆਪਣੀਆਂ ਜ਼ਿੰਦਗੀਆਂ ਵਿਚ ਰਚਾ ਲਉ ਤੇ ਆਪਣੇ ਦੇਸ਼ ਦੀ ਡਿੱਗ ਰਹੀ ਹਾਲਤ ਤੇ ਗੌਰ ਕਰੋ ਤੇ ਹਨੇਰਿਆਂ ਦਾ ਫਸਤਾ ਵੱਢ ਕੇ ਹਰ ਚੌਂਕ ਵਿਚ ਸੱਚ ਦਾ ਦੀਵਾ ਜਗਾ ਦਿਉ।

(ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੀ ਪੁਸਤਕ
'ਸ਼ਹੀਦ ਕਰਤਾਰ ਸਿੰਘ ਸਰਾਭਾ' 'ਚੋਂ)

ਰਣਚੰਡੀ ਦੇ ਪਰਮ ਭਗਤ ਸ਼ਹੀਦ ਕਰਤਾਰ ਸਿੰਘ ਸਰਾਭਾ

-ਭਗਤ ਸਿੰਘ

ਰਣਚੰਡੀ ਦੇ ਉਸ ਪਰਮ ਭਗਤ ਬਾਗੀ ਕਰਤਾਰ ਸਿੰਘ ਦੀ ਉਮਰ ਉਸ ਵੇਲੇ 20 ਸਾਲ ਦੀ ਵੀ ਨਹੀਂ ਸੀ ਜਦੋਂ ਉਨ੍ਹਾਂ ਨੇ ਆਜ਼ਾਦੀ ਦੀ ਦੇਵੀ ਦੀ ਵੇਦੀ 'ਤੇ ਆਪਣੀ ਰੱਤ ਬੁੱਕਾਂ ਭਰ-ਭਰ ਭੇਟ ਕਰ ਦਿੱਤੀ ਸੀ। ਹਨੇਰੀ ਵਾਂਗ ਉਹ ਅਚਾਨਕ ਕਿਧਰਿਉਂ ਆਏ, ਅੱਗ ਭੜਕਾਈ, ਸੁੱਤੀ ਰਣਚੰਡੀ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ, ਕ੍ਰਾਂਤੀ ਯੱਗ ਰਚਿਆ, ਅਤੇ ਅੰਤ ਵਿਚ ਖੁਦ ਵੀ ਉਸੇ ਵਿਚ 'ਸਵਾਹਾ' ਹੋ ਗਏ। ਉਹ ਕੀ ਸਨ, ਕਿਸ ਲੋਕ ਤੋਂ ਅਚਾਨਕ ਆਏ ਸਨ ਤੇ ਫੇਰ ਅੱਖ ਦੇ ਫੋਰ ਵਿਚ ਕਿੱਧਰ ਚਲੇ ਗਏ, ਅਸੀਂ ਕੁਝ ਸਮਝ ਹੀ ਨਾ ਸਕੇ। 19 ਸਾਲ ਦੀ ਛੋਟੀ ਉਮਰ ਵਿਚ ਹੀ ਉਨ੍ਹਾਂ ਨੇ ਐਨੇ ਵੱਡੇ ਕੰਮ ਅੰਜਾਮ ਦਿੱਤੇ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਦਲੇਰੀ, ਐਨਾ ਆਤਮ-ਵਿਸ਼ਵਾਸ, ਐਨਾ ਸਵੈ-ਤਿਆਗ, ਐਨੀ ਫੁਰਤੀ, ਐਨੀ ਲਗਨ ਬਹੁਤ ਹੀ ਘੱਟ ਦੇਖਣ ਵਿਚ ਆਉਂਦੀ ਹੈ। ਭਾਰਤ ਵਰਸ਼ ਵਿਚ ਅਸਲੀ ਗ਼ਦਰੀ ਕਹੇ ਜਾਣ ਵਾਲੇ ਮੁੱਠੀ ਭਰ ਲੋਕ ਹੀ ਪੈਦਾ ਹੋਏ ਹਨ। ਪਰ ਇਨ੍ਹਾਂ ਗਿਣੇ-ਚੁਣੇ ਕ੍ਰਾਂਤੀਕਾਰੀਆਂ ਵਿਚ ਵੀ ਸ਼੍ਰੀ ਕਰਤਾਰ ਸਿੰਘ ਸਰਬੋਚ ਹਨ। ਉਨ੍ਹਾਂ ਦੀ ਨਸ-ਨਸ ਵਿਚ ਕ੍ਰਾਂਤੀ ਸਮਾਈ ਹੋਈ ਸੀ। ਉਨ੍ਹਾਂ ਦੇ ਜੀਵਨ ਦਾ ਇਕ ਮਾਤਰ ਆਦਰਸ਼, ਉਨ੍ਹਾਂ ਦੀ ਇਕ ਮਾਤਰ ਅਭਿਲਾਸ਼ਾ, ਇਕ ਮਾਤਰ ਆਸ ਜੋ ਵੀ ਸੀ ਇਹੀ ਗ਼ਦਰ ਸੀ। ਇਸੇ ਵਾਸਤੇ ਉਹ ਜ਼ਿੰਦਾ ਰਹੇ ਅਤੇ ਅੰਤ ਇਸੇ ਵਾਸਤੇ ਜਾਨ ਵਾਰ ਗਏ।

ਸੰਨ 1896 ਵਿਚ ਆਪਦਾ ਜਨਮ ਸਰਾਭਾ ਨਾਮਕ ਪਿੰਡ (ਜ਼ਿਲ੍ਹਾ ਲੁਧਿਆਣਾ) ਵਿਚ ਹੋਇਆ ਸੀ। ਆਪ ਮਾਂ-ਬਾਪ ਦੇ ਇਕਲੌਤੇ ਪੁੱਤਰ ਸਨ। ਬੜੇ ਲਾਡ-ਚਾਅ ਨਾਲ ਪਾਲਣ-ਪੋਸ਼ਣ ਹੋ ਰਿਹਾ ਸੀ। ਅਜੇ ਬਾਲੜੀ ਉਮਰ ਸੀ ਕਿ ਪਿਤਾ ਦੀ ਮੌਤ ਹੋ ਗਈ। ਪਰ ਆਪ ਦੇ ਦਾਦਾ ਨੇ ਬੜੇ ਯਤਨਾਂ ਨਾਲ ਆਪ ਨੂੰ ਪਾਲਿਆ। ਆਪ ਦੇ ਪਿਤਾ ਦਾ ਨਾਂ ਸਰਦਾਰ ਮੰਗਲ ਸਿੰਘ ਸੀ। ਆਪ ਦੇ ਇਕ ਚਾਚਾ ਤਾਂ ਸੰਯੁਕਤ-ਪ੍ਰਾਂਤ ਵਿਚ ਪੁਲਿਸ ਸਬ-ਇੰਸਪੈਕਟਰ ਸਨ ਅਤੇ ਦੂਜੇ ਉੜੀਸਾ ਦੇ ਮਹਿਕਮਾ ਜੰਗਲਾਤ ਵਿਚ ਕਿਸੇ ਉੱਚੇ ਆਹੁਦੇ ਤੇ ਕੰਮ ਕਰਦੇ ਸਨ। ਕਰਤਾਰ ਸਿੰਘ ਪਹਿਲਾਂ ਤਾਂ ਆਪਣੇ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਰਹੇ ਬਾਅਦ ਵਿਚ ਲੁਧਿਆਣਾ ਦੇ ਖਾਲਸਾ ਹਾਈ ਸਕੂਲ ਵਿਚ ਦਾਖਲ ਹੋ ਗਏ। ਪੜ੍ਹਨ-ਲਿਖਣ ਵਿਚ ਬਹੁਤੇ ਤੇਜ਼ ਨਹੀਂ ਸਨ, ਪਰ ਐਨੇ

ਮਾੜੇ ਵੀ ਨਹੀਂ ਸਨ। ਸ਼ਰਾਰਤੀ ਬਹੁਤ ਸਨ। ਛੇੜਖਾਨੀ ਨਾਲ ਹਰੇਕ ਦੀ ਜਾਨ ਆਫ਼ਤ ਵਿਚ ਪਾਈ ਰੱਖਦੇ। ਸਾਥੀ ਆਪ ਨੂੰ 'ਅਫਲਾਤੂਨ' ਕਿਹਾ ਕਰਦੇ ਸਨ। ਸਾਰੇ ਲੋਕ ਆਪ ਨੂੰ ਬੜਾ ਲਾਡ ਕਰਦੇ ਸਨ। ਸਕੂਲ ਵਿਚ ਆਪ ਦਾ ਇਕ ਵੱਖਰਾ ਜੁੱਟ ਸੀ। ਖੇਡਾਂ ਵਿਚ ਆਪ ਮੋਹਰੀ ਸਨ। ਨੇਤਾਗਿਰੀ ਦੇ ਸਾਰੇ ਗੁਣ ਆਪ ਵਿਚ ਮੌਜੂਦ ਸਨ। ਨੌਵੀਂ ਜਮਾਤ ਤੱਕ ਉੱਥੇ ਪੜ੍ਹ ਕੇ ਆਪ ਆਪਣੇ ਚਾਚਾ ਕੋਲ ਉੜੀਸਾ ਚਲੇ ਗਏ। ਉੱਥੇ ਜਾ ਕੇ ਦਸਵੀਂ ਕੀਤੀ ਤੇ ਕਾਲਜ ਵਿਚ ਪੜ੍ਹਨ ਲੱਗੇ। ਇਹੀ ਉਹੀ 1910-11 ਦੇ ਦਿਨ ਸਨ। ਉੱਥੇ ਆਪ ਨੂੰ ਸਕੂਲ-ਕਾਲਜ ਦੇ ਕੋਰਸ ਦੇ ਸੰਕੀਰਣ ਦਾਇਰੇ ਤੋਂ ਬਾਹਰ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ। ਅੰਦੋਲਨ ਦੇ ਦਿਨ ਸਨ। ਉਸੇ ਮਾਹੌਲ ਵਿਚ ਰਹਿ ਕੇ ਦੇਸ਼ ਅਤੇ ਆਜ਼ਾਦੀ ਪ੍ਰੇਮ ਦੀਆਂ ਭਾਵਨਾਵਾਂ ਆਪ ਦੇ ਸੀਨੇ ਵਿਚ ਹੋਰ ਪ੍ਰਬਲ ਹੋ ਉੱਠੀਆਂ।

ਅਮਰੀਕਾ ਜਾਣ ਦੀ ਚਾਹਨਾ ਹੋਈ। ਘਰ ਵਾਲਿਆਂ ਨੇ ਬਹੁਤੀ ਹੀਲ-ਹੁੱਜਤ ਨਾ ਕੀਤੀ। ਆਪ ਨੂੰ ਅਮਰੀਕਾ ਭੇਜ ਦਿੱਤਾ ਗਿਆ। ਸੰਨ 1912 ਵਿਚ ਆਪ ਸਾਨਫਰਾਂਸਿਸਕੋ ਬੰਦਰਗਾਹ 'ਤੇ ਪਹੁੰਚੇ। ਇਮੀਗ੍ਰੇਸ਼ਨ ਵਾਲਿਆਂ ਨੇ ਵਿਸ਼ੇਸ਼ ਪੁੱਛ-ਗਿੱਛ ਲਈ ਆਪ ਨੂੰ ਰੋਕ ਲਿਆ।

ਅਫ਼ਸਰ ਦੇ ਪੁੱਛਣ ਤੇ ਆਪ ਨੇ ਕਿਹਾ- ਇੱਥੇ ਪੜ੍ਹਨ ਵਾਸਤੇ ਆਇਆ ਹਾਂ।

ਅਫ਼ਸਰ ਨੇ ਕਿਹਾ- ਕੀ ਤੈਨੂੰ ਹਿੰਦੁਸਤਾਨ ਵਿਚ ਪੜ੍ਹਨ ਨੂੰ ਥਾਂ ਨਹੀਂ ਮਿਲੀ?

ਜਵਾਬ ਦਿੱਤਾ- ਮੈਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਵਾਸਤੇ ਹੀ ਕੈਲੇਫੋਰਨੀਆ ਯੂਨੀਵਰਸਿਟੀ ਵਿਚ ਦਾਖਲ ਹੋਣ ਦੇ ਵਿਚਾਰ ਨਾਲ ਆਇਆ ਹਾਂ।

'ਅਤੇ ਜੇ ਤੈਨੂੰ ਅਮਰੀਕਾ ਵਿਚ ਨਾ ਉੱਤਰਨ ਦਿੱਤਾ ਜਾਵੇ ਫੇਰ?'

ਇਸ ਸਵਾਲ ਦਾ ਜਵਾਬ ਕਰਤਾਰ ਸਿੰਘ ਨੇ ਬੜਾ ਸੋਹਣਾ ਦਿੱਤਾ- 'ਤਾਂ ਮੈਂ ਸਮਝਾਂਗਾ ਕਿ ਬੜੀ ਭਾਰੀ ਬੇਇਨਸਾਫ਼ੀ ਹੋਈ ਹੈ। ਵਿਦਿਆਰਥੀਆਂ ਦੇ ਰਾਹਾਂ ਵਿਚ ਅਜਿਹੇ ਅੜਿੱਕੇ ਪਾਉਣ ਨਾਲ ਤਾਂ ਦੁਨੀਆਂ ਦੀ ਤਰੱਕੀ ਰੁਕ ਜਾਵੇਗੀ। ਕੌਣ ਜਾਣਦਾ ਹੈ ਕਿ ਮੈਂ ਇੱਥੇ ਵਿੱਦਿਆ ਹਾਸਲ ਕਰਕੇ ਸੰਸਾਰ ਵਿਚ ਭਲਾਈ ਦਾ ਕੋਈ ਵੱਡਾ ਕੰਮ ਕਰਨ ਵਿਚ ਸਮਰੱਥ ਹੋ ਜਾਵਾਂ ਅਤੇ ਉਤਰਨ ਦੀ ਇਜਾਜ਼ਤ ਨਾ ਮਿਲਣ ਤੇ ਸੰਸਾਰ ਇਸ ਤੋਂ ਵਾਂਝਾ ਹੀ ਰਹਿ ਜਾਵੇ।'

ਅਫ਼ਸਰ ਸਾਹਿਬ ਨੇ ਇਸ ਜਵਾਬ ਤੋਂ ਪ੍ਰਭਾਵਿਤ ਹੋ ਕੇ ਉੱਤਰਨ ਦੀ ਇਜਾਜ਼ਤ ਦੇ ਦਿੱਤੀ।

ਆਜ਼ਾਦ ਮੁਲਕ ਵਿਚ ਜਾ ਕੇ ਕਦਮ-ਕਦਮ ਤੇ ਆਪ ਦੇ ਕੋਮਲ ਹਿਰਦੇ ਤੇ ਸੱਟਾਂ ਵੱਜਣ ਲੱਗੀਆਂ। 'ਡੈਮ ਹਿੰਦੂ' ਅਤੇ 'ਬਲੈਕ ਕੁਲੀ' ਵਰਗੇ ਸ਼ਬਦ ਉਨ੍ਹਾਂ ਭੂਸਰੇ ਹੋਏ ਗੋਰੇ ਅਮਰੀਕਨਾਂ ਦੇ ਮੂੰਹੋਂ ਸੁਣਦੇ ਹੀ ਉਹ ਪਾਗਲ ਜਿਹੇ ਹੋਣ ਲੱਗਦੇ। ਉਨ੍ਹਾਂ ਨੂੰ ਕਦਮ-ਕਦਮ ਤੇ ਦੇਸ਼ ਦਾ ਹੰਕਾਰ ਅੱਖਰਨ ਲੱਗਦਾ। ਘਰ ਯਾਦ ਆਉਣ ਤੇ ਗੁਲਾ . ਜ਼ੰਜੀਰਾਂ ਨਾਲ ਜਕੜਿਆ ਹੋਇਆ, ਅਪਮਾਣਤ, ਲੁੱਟਿਆ ਹੋਇਆ, ਨਿਸਤੇਜ ਭਾਰਤ

ਅੱਖਾਂ ਸਾਮ੍ਹਣੇ ਆ ਜਾਂਦਾ। ਉਹ ਕੋਮਲ ਹਿਰਦਾ ਹੌਲੀ-ਹੌਲੀ ਕਠੋਰ ਹੋਣ ਲੱਗਾ ਅਤੇ ਦੇਸ਼ ਦੀ ਆਜ਼ਾਦੀ ਵਾਸਤੇ ਜੀਵਨ ਅਰਪਣ ਕਰਨ ਦਾ ਨਿਸ਼ਚਾ ਵੀ ਹੌਲੀ-ਹੌਲੀ ਦ੍ਰਿੜ੍ਹ ਹੋਣ ਲੱਗਾ। ਉਸ ਵੇਲੇ ਦੇ ਉਸ ਭਾਵੁਕ ਹਿਰਦੇ ਦੀ ਟੀਸ ਨੂੰ ਅਸੀਂ ਕੀ ਸਮਝ ਸਕਾਂਗੇ?

ਹੁਣ ਉਹ ਚੈਨ ਨਾਲ ਨਹੀਂ ਬਹਿ ਸਕਦੇ ਸੀ, ਇਹ ਅਸੰਭਵ ਸੀ। ਨਾ ਭਰਾ! ਹੁਣ ਚੁੱਪ ਕਰਕੇ ਸ਼ਾਂਤੀ ਨਾਲ ਕੰਮ ਨਹੀਂ ਚੱਲਣਾ। ਦੇਸ਼ ਕਿਵੇਂ ਆਜ਼ਾਦ ਹੋਵੇ, ਇਹੀ ਇਕ ਮੁੱਖ ਪ੍ਰਸ਼ਨ ਹੁਣ ਉਨ੍ਹਾਂ ਦੀ ਨਜ਼ਰ ਵਿਚ ਸੀ। ਅਤੇ ਬਹੁਤਾ ਸੋਚੇ ਬਿਨ੍ਹਾਂ ਹੀ ਉਨ੍ਹਾਂ ਨੇ ਉੱਥੇ ਹੀ ਭਾਰਤੀ ਮਜ਼ਦੂਰਾਂ ਦੀ ਜੱਥੇਬੰਦੀ ਬਣਾਉਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿੱਚ ਆਜ਼ਾਦੀ ਪ੍ਰੇਮ ਦਾ ਭਾਵ ਜਾਗ੍ਰਿਤ ਕਰਨ ਲੱਗੇ। ਹਰੇਕ ਕੋਲ ਘੰਟਿਆਬਧੀ ਬੈਠ ਕੇ ਸਮਝਾਉਣਾ, ਇਸ ਅਪਮਾਨ ਭਰੇ ਗੁਲਾਮ ਜੀਵਨ ਤੋਂ ਤਾਂ ਮੌਤ ਹਜ਼ਾਰ ਦਰਜੇ ਚੰਗੀ ਹੈ। ਕਾਰਜ਼ ਸ਼ੁਰੂ ਹੋਣ ਤੇ ਕੁਝ ਹੋਰ ਲੋਕ ਵੀ ਉਨ੍ਹਾਂ ਦੇ ਨਾਲ ਆ ਮਿਲੇ ਅਤੇ ਮਈ, 1912 ਵਿਚ ਇਨ੍ਹਾਂ ਲੋਕਾਂ ਦੀ ਇਕ ਸਭਾ ਹੋਈ। ਕੋਈ 9 ਸੱਜਣ ਹੋਣਗੇ। ਸਭ ਨੇ ਤਨ-ਮਨ-ਧਨ ਦੇਸ਼ ਦੀ ਆਜ਼ਾਦੀ ਤੇ ਵਾਰਨ ਦੀ ਸਹੁੰ ਖਾਧੀ। ਇੱਧਰ ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਦੇ ਜਲਾਵਤਨ ਦੇਸ਼ ਭਗਤ ਸਰਦਾਰ ਭਗਵਾਨ ਸਿੰਘ ਵੀ ਉੱਥੇ ਹੀ ਪਹੁੰਚ ਗਏ। ਧੜਾਧੜ ਸਭਾਵਾਂ ਹੋਣ ਲੱਗੀਆਂ। ਉਪਦੇਸ਼ ਹੋਣ ਲੱਗੇ। ਕੰਮ ਚਲਦਾ ਰਿਹਾ। ਮੈਦਾਨ ਤਿਆਰ ਹੁੰਦਾ ਗਿਆ।

ਫੇਰ ਆਪ ਨੇ ਇਕ ਅਖ਼ਬਾਰ ਦੀ ਲੋੜ ਮਹਿਸੂਸ ਕੀਤੀ। 'ਗ਼ਦਰ' ਨਾਂ ਦਾ ਅਖ਼ਬਾਰ ਕੱਢਿਆ। ਉਸ ਦਾ ਪਹਿਲਾ ਅੰਕ ਪਹਿਲੀ ਨਵੰਬਰ 1913 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ। ਉਸ ਅਖ਼ਬਾਰ ਦੇ ਸੰਪਾਦਕੀ ਵਿਭਾਗ ਵਿੱਚ ਸਾਡੇ ਨਾਇਕ ਕਰਤਾਰ ਸਿੰਘ ਵੀ ਸਨ। ਆਪ ਬੜਾ ਜ਼ੋਰਦਾਰ ਲਿਖਦੇ। ਇਸ ਨੂੰ ਸੰਪਾਦਕ ਮੰਡਲ ਖੁਦ ਹੀ ਹੈਂਡ-ਪ੍ਰੈੱਸ ਤੇ ਛਾਪਦਾ ਵੀ ਸੀ। ਕਰਤਾਰ ਸਿੰਘ ਮਤਵਾਲੇ ਵਿਦਰੋਹੀ ਨੌਜਵਾਨ ਸਨ। ਹੈਂਡ-ਪ੍ਰੈੱਸ ਚਲਾਉਂਦੇ-ਚਲਾਉਂਦੇ ਥੱਕ ਜਾਣ ਤੇ ਉਹ ਇਹ ਪੰਜਾਬੀ ਗੀਤ ਗਾਇਆ ਕਰਦੇ;

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਇਸ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ॥

ਕਰਤਾਰ ਸਿੰਘ ਉਸ ਵੇਲੇ ਜਿਸ ਚਾਅ ਨਾਲ ਮਿਹਨਤ ਕਰਦੇ ਸਨ, ਸਖ਼ਤ ਮਿਹਨਤ ਕਰਦੇ ਹੋਏ ਵੀ ਉਹ ਜਿਸ ਤਰ੍ਹਾਂ ਹੱਸਦੇ-ਹਸਾਉਂਦੇ ਰਹਿੰਦੇ ਸਨ, ਉਸ ਨਾਲ ਸਾਰਿਆਂ ਦਾ ਹੌਸਲਾ ਦੂਣਾ-ਤੀਣਾ ਹੋ ਜਾਂਦਾ ਸੀ।

ਭਾਰਤ ਨੂੰ ਕਿਵੇਂ ਆਜ਼ਾਦ ਕਰਵਾਉਣਾ ਪਏਗਾ, ਇਹ ਹੋਰ ਕਿਸੇ ਨੂੰ ਪਤਾ ਹੋਵੇ ਜਾਂ ਨਾ, ਕਿਸੇ ਨੇ ਇਸ ਬਾਰੇ ਸੋਚਣ ਦੀ ਮਗਜ਼-ਮਾਰੀ ਕੀਤੀ ਹੋਵੇ ਜਾਂ ਨਾ, ਪਰ ਸਾਡੇ

ਨਾਇਕ ਨੇ ਤਾਂ ਐਨ ਸੋਚ ਰੱਖਿਆ ਸੀ। ਇਸੇ ਕਰਕੇ ਤਾਂ ਉਸੇ ਦੌਰਾਨ ਆਪ ਨਿਊਯਾਰਕ ਦੀ ਹਵਾਈ ਜਹਾਜ਼ਾਂ ਦੀ ਕੰਪਨੀ ਵਿਚ ਭਰਤੀ ਹੋਏ ਅਤੇ ਉੱਥੇ ਮਨ ਲਾ ਕੇ ਹਵਾਈ ਜਹਾਜ਼ ਚਲਾਉਣਾ, ਮੁਰੰਮਤ ਕਰਨਾ ਅਤੇ ਬਣਾਉਣਾ ਸਿੱਖਣ ਲੱਗ ਪਏ ਸਨ। ਛੇਤੀ ਹੀ ਇਸ ਕਲਾ ਵਿਚ ਮਾਹਿਰ ਹੋ ਗਏ। ਸਤੰਬਰ, 1914 ਵਿਚ ਕਾਮਾਗਾਟਾ ਮਾਰੂ ਜਹਾਜ਼ ਨੂੰ ਵਹਿਸ਼ੀ ਗੋਰੇਸ਼ਾਹੀ ਦੇ ਹੱਥੋਂ ਅਕੱਥ ਦੁੱਖ ਝੱਲ ਕੇ ਪਰਤਣਾ ਪਿਆ ਸੀ, ਉਦੋਂ ਹੀ ਸਾਡੇ ਨਾਇਕ ਕਰਤਾਰ ਸਿੰਘ, ਇਕ ਹੋਰ ਗ਼ਦਰੀ ਸ਼੍ਰੀ ਗੁਪਤਾ ਅਤੇ ਇਕ ਅਮਰੀਕੀ ਅਨਾਰਕਿਸਟ 'ਜੈਕ' ਨੂੰ ਨਾਲ ਲੈ ਕੇ ਹਵਾਈ ਜਹਾਜ਼ ਤੇ ਜਾਪਾਨ ਆਏ ਸਨ ਅਤੇ 'ਕੋਬ' ਵਿਚ ਬਾਬਾ ਗੁਰਦਿੱਤ ਸਿੰਘ ਜੀ ਨੂੰ ਮਿਲ ਕੇ ਸਾਰੀ ਗੱਲਬਾਤ ਕਰ ਗਏ ਸਨ।

ਯੁਗਾਂਤਰ-ਆਸ਼ਰਮ ਸਾਨਫਰਾਂਸਿਸਕੋ ਦੀ ਗ਼ਦਰ-ਪ੍ਰੈੱਸ ਵਿਚ 'ਗ਼ਦਰ' ਅਤੇ ਉਸ ਤੋਂ ਬਿਨ੍ਹਾਂ 'ਗ਼ਦਰ ਦੀ ਗੂੰਜ' ਆਦਿ ਅਨੇਕ ਕਿਤਾਬਾਂ ਛਾਪੀਆਂ ਤੇ ਵੰਡੀਆਂ ਗਈਆਂ ਸਨ। ਪ੍ਰਚਾਰ ਜ਼ੋਰ-ਸ਼ੋਰ ਨਾਲ ਹੁੰਦਾ ਗਿਆ। ਫਰਵਰੀ, 1914 ਵਿਚ ਹੀ ਸਟਾਕੱਟਨ ਦੀ ਜਨ ਸਭਾ ਵਿਚ ਤਿਰੰਗਾ ਝੰਡਾ ਲਹਿਰਾਇਆ ਗਿਆ, ਉਦੋਂ ਹੀ ਆਜ਼ਾਦੀ, ਸਮਾਨਤਾ ਅਤੇ ਭਾਈਵਾਲੀ ਦੇ ਨਾਂ ਤੇ ਹਲਫ਼ ਲਏ ਗਏ। ਉਸ ਸਭਾ ਦੇ ਪ੍ਰਭਾਵਸ਼ਾਲੀ ਬੁਲਾਰਿਆਂ ਵਿਚ ਨੌਜਵਾਨ ਕਰਤਾਰ ਸਿੰਘ ਵੀ ਸਨ। ਸਖ਼ਤ ਮਿਹਨਤ ਅਤੇ ਗਾੜ੍ਹੇ ਪਸੀਨੇ ਦੀ ਕਮਾਈ ਨੂੰ ਦੇਸ਼ ਦੀ ਆਜ਼ਾਦੀ ਵਾਸਤੇ ਖਰਚ ਕਰਨ ਦਾ ਨਿਸ਼ਚਾ ਸਾਰੇ ਸ੍ਰੋਤਿਆਂ ਨੇ ਐਲਾਨ ਦਿੱਤਾ ਸੀ। ਇਸੇ ਤਰ੍ਹਾਂ ਦਿਨ ਬੀਤ ਰਹੇ ਸਨ ਕਿ ਆਚਨਕ ਯੂਰਪ ਵਿਚ ਮਹਾਂਜੰਗ ਛਿੜਨ ਦੀ ਖ਼ਬਰ ਮਿਲੀ। ਹੁਣ ਕੀ ਸੀ, ਆਨੰਦ ਅਤੇ ਉਤਸ਼ਾਹ ਦੀ ਸੀਮਾ ਨਾ ਰਹੀ।

ਇਕ ਦਮ ਸਾਰੇ ਹੀ ਗਾਉਣ ਲੱਗੇ;
ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨੇ।
ਏਹੋ ਆਖਰੀ ਵਚਨ ਤੇ ਫਰਮਾਨ ਹੋ ਗਏ॥

ਗ਼ਦਰੀ ਕਰਤਾਰ ਨੇ ਦੇਸ਼ ਨੂੰ ਪਰਤਣ ਦਾ ਪ੍ਰਚਾਰ ਜ਼ੋਰ-ਸ਼ੋਰ ਨਾਲ ਕੀਤਾ ਅਤੇ ਖੁਦ ਵੀ 'ਨਿਪਨ ਮਾਰੂ' ਜਹਾਜ਼ ਰਾਹੀਂ ਅਮਰੀਕਾ ਤੋਂ ਚੱਲ ਪਏ ਅਤੇ 15-16 ਸਤੰਬਰ, 1914 ਨੂੰ ਕੋਲੰਬੋ ਪਹੁੰਚ ਗਏ। ਉਨ੍ਹਾਂ ਦਿਨਾਂ ਵਿਚ ਪੰਜਾਬ ਤੱਕ ਪੁੱਜਦੇ- ਪੁੱਜਦੇ ਆਮ ਤੌਰ ਤੇ ਅਮਰੀਕਾ ਤੋਂ ਆਉਣ ਵਾਲੇ 'ਭਾਰਤ ਰੱਖਿਆ ਕਾਨੂੰਨ' ਦੀ ਗ੍ਰਿਫ਼ਤ ਵਿਚ ਆ ਜਾਂਦੇ ਸਨ। ਬਹੁਤ ਘੱਟ ਲੋਕ ਆਜ਼ਾਦੀ ਨਾਲ ਪਹੁੰਚ ਪਾਉਂਦੇ ਸਨ। ਕਰਤਾਰ ਸਿੰਘ ਸਹੀ ਸਲਾਮਤ ਆ ਪਹੁੰਚੇ। ਜ਼ੋਰ-ਸੋਰ ਨਾਲ ਕੰਮ ਸ਼ੁਰੂ ਹੋ ਗਿਆ। ਸੰਗਠਨ ਦੀ ਕਮੀ ਸੀ ਪਰ ਜਿਵੇਂ-ਕਿਵੇਂ ਉਹ ਵੀ ਪੂਰੀ ਕਰ ਲਈ ਗਈ। ਦਸੰਬਰ, 1914 ਵਿਚ ਮਰਾਠਾ ਵੀਰ ਪਿੰਗਲੇ ਵੀ ਆ ਪੁੱਜਿਆ। ਉਸੇ ਦੀ ਕੋਸ਼ਿਸ਼ ਨਾਲ ਬਨਾਰਸ ਸਾਜਿਸ਼ ਦੇ ਨਾਇਕ ਸ਼੍ਰੀ ਸ਼ਚਿੰਦਰਨਾਥ ਸਾਨਿਆਲ ਅਤੇ ਰਾਸ ਬਿਹਾਰੀ ਪੰਜਾਬ ਵਿਚ ਆਏ। ਕਾਰਜ ਜਥੇਬੰਦ ਹੋਣਾ ਸ਼ੁਰੂ ਹੋ ਗਿਆ। ਕਰਤਾਰ ਸਿੰਘ ਹਰ ਥਾਂ ਹਰ ਵੇਲੇ ਮੌਜੂਦ ਹੁੰਦੇ। ਅੱਜ ਮੋਗਾ ਵਿਚ ਗੁਪਤ-ਸਮਿਤੀ ਦੀ ਮੀਟਿੰਗ ਹੈ, ਤਾਂ ਆਪ ਉੱਥੇ ਮੌਜੂਦ ਸਨ, ਕਲ ਲਾਹੌਰ ਦੇ

ਕਾਲਜਾਂ ਦੇ ਵਿਦਿਆਰਥੀਆਂ ਵਿਚ ਪ੍ਰਚਾਰ ਹੋ ਰਿਹਾ ਹੈ। ਪਰਸੋਂ ਕਿਸੇ ਡਕੈਤੀ ਵਾਸਤੇ ਹਥਿਆਰ ਇਕੱਠੇ ਕੀਤੇ ਜਾ ਰਹੇ ਹਨ, ਅਗਲੇ ਦਿਨ ਫ਼ਿਰੋਜ਼ਪੁਰ ਛਾਉਣੀ ਦੇ ਸਿਪਾਹੀਆਂ ਨਾਲ ਜੋੜ-ਤੋੜ ਹੋ ਰਿਹਾ ਹੈ। ਅਗਲੇ ਦਿਨ ਕਲਕੱਤੇ ਹਥਿਆਰਾਂ ਵਾਸਤੇ ਜਾ ਰਹੇ ਹਨ। ਪੈਸੇ ਦੀ ਕਮੀ ਪੂਰੀ ਕਰਨ ਲਈ ਆਪ ਨੇ ਇਕ ਬੰਦੇ ਦੇ ਘਰ ਡਾਕੇ ਦੀ ਯੋਜਨਾ ਬਣਾ ਲਈ। ਡਾਕੇ ਦਾ ਨਾਂ ਸੁਣਦੇ ਹੀ ਵਿਦਰੋਹੀ ਵੀਰ ਸੁੰਨ ਹੋ ਗਏ, ਪਰ ਆਪ ਨੇ ਕਹਿ ਦਿੱਤਾ-'ਕੋਈ ਡਰ ਨਹੀਂ, ਭਾਈ ਪਰਮਾਨੰਦ ਵੀ ਡਕੈਤੀ ਨਾਲ ਸਹਿਮਤ ਹਨ।' ਪੁੱਛ ਕੇ ਆਉਣ ਦਾ ਜ਼ਿੰਮਾ ਆਪ ਨੂੰ ਸੌਂਪਿਆ ਗਿਆ। ਅਗਲੇ ਦਿਨ ਬਿਨਾਂ ਮਿਲੇ ਹੀ ਜਾ ਕੇ ਕਹਿ ਦਿੱਤਾ-'ਪੁੱਛ ਆਇਆ ਹਾਂ। ਉਹ ਸਹਿਮਤ ਹਨ।'

ਗ਼ਦਰ ਦੀ ਤਿਆਰੀ ਵਿਚ ਸਿਰਫ਼ ਪੈਸੇ ਦੀ ਕਮੀ ਕਾਰਨ ਕੁਝ ਦੇਰ ਹੋ ਜਾਵੇ, ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ ਸੀ। ਉਸ ਦਿਨ ਉਹ ਡਕੈਤੀ ਵਾਸਤੇ ਰੱਬੋਂ ਨਾਮਕ ਪਿੰਡ ਵਿਚ ਗਏ ਸੀ। ਕਰਤਾਰ ਮੁੱਖੀ ਸਨ। ਡਕੈਤੀ ਹੋ ਰਹੀ ਸੀ। ਘਰ ਵਿਚ ਇਕ ਬੜੀ ਸੋਹਣੀ ਕੁੜੀ ਵੀ ਸੀ। ਉਸ ਨੂੰ ਦੇਖ ਕੇ ਇਕ ਪਾਪੀ ਦਾ ਮਨ ਫਿਰ ਗਿਆ। ਉਸ ਨੇ ਕੁੜੀ ਦਾ ਹੱਥ ਫੜ ਲਿਆ। ਉਸ ਕਾਮੀ ਨਰ ਪਸ਼ੂ ਦਾ ਰੰਗ-ਢੰਗ ਦੇਖ ਕੇ ਕੁੜੀ ਘਬਰਾ ਗਈ ਅਤੇ ਉਸ ਨੇ ਜ਼ੋਰ ਦੀ ਚੀਕ ਮਾਰੀ। ਫੌਰਨ ਨੌਜਵਾਨ ਕਰਤਾਰ ਰਿਵਾਲਵਰ ਤਾਣ ਕੇ ਉਸੇ ਥਾਂ ਪਹੁੰਚ ਗਏ। ਉਸ ਬੰਦੇ ਦੇ ਮੱਥੇ ਤੇ ਪਿਸਤੌਲ ਰੱਖ ਕੇ ਉਸ ਦਾ ਹਥਿਆਰ ਲੈ ਲਿਆ ਅਤੇ ਫੇਰ ਗੁੱਸੇ ਹੋਏ ਸ਼ੇਰ ਵਾਂਗ ਗਰਜ ਕੇ ਬੋਲੇ- 'ਪਾਮਰ! ਤੇਰਾ ਗੁਨਾਹ ਬੜਾ ਭਿਅੰਕਰ ਹੈ। ਇਸ ਵੇਲੇ ਤੂੰ ਮੌਤ ਦਾ ਹੱਕਦਾਰ ਹੈਂ। ਪਰ ਖਾਸ ਹਾਲਾਤ ਕਾਰਨ ਤੈਨੂੰ ਮਾਫ਼ ਕਰਨ ਤੇ ਮਜਬੂਰ ਹਾਂ। ਇਸ ਲਈ ਫੌਰਨ ਇਸ ਕੁੜੀ ਦੇ ਪੈਰਾਂ ਵਿਚ ਸਿਰ ਰੱਖ ਕੇ ਕਹਿ ਕਿ 'ਹੇ ਭੈਣ! ਮੈਨੂੰ ਮਾਫ਼ ਕਰ ਦੇ ਅਤੇ ਉੱਧਰ ਮਾਂ ਦੇ ਪੈਰ ਫੜ ਕੇ ਕਹਿ ਕਿ ਮਾਤਾ! ਮੈਂ ਇਸ ਨੀਚਤਾ ਵਾਸਤੇ ਮਾਫ਼ੀ ਚਾਹੁੰਦਾ ਹਾਂ। ਜੇ ਇਹ ਤੈਨੂੰ ਮਾਫ਼ ਕਰ ਦਏ ਤਾਂ ਤੈਨੂੰ ਜਿਊਂਦਾ ਛੱਡਾਂਗਾ ਨਹੀਂ ਤਾਂ ਹੁਣੇ ਗੋਲੀ ਮਾਰ ਦਿਆਂਗਾ।' ਉਸ ਨੇ ਉਵੇਂ ਹੀ ਕੀਤਾ। ਗੱਲ ਕੁਝ ਬਹੁਤੀ ਤਾਂ ਵਧੀ ਨਹੀ ਸੀ। ਇਹ ਦੇਖ ਕੇ ਦੋਹਾਂ ਔਰਤਾਂ ਦੀਆਂ ਅੱਖਾਂ ਭਰ ਆਈਆਂ। ਮਾਂ ਨੇ ਪਿਆਰ ਨਾਲ ਸੰਬੋਧਨ ਕੀਤਾ-'ਬੇਟਾ! ਅਜਿਹੇ ਧਰਮਾਤਮਾ ਅਤੇ ਸਾਊ ਨੌਜਵਾਨ ਹੋ ਕੇ ਤੁਸੀਂ ਇਸ ਭਿਆਨਕ ਕੰਮ ਵਿਚ ਕਿਵੇਂ ਸ਼ਾਮਲ ਹੋਏ ਹੋ?' ਕਰਤਾਰ ਦਾ ਜੀਅ ਭਰ ਆਇਆ। ਕਿਹਾ-'ਮਾਂ! ਰੁਪਏ ਦੇ ਲੋਭ ਵਿਚ ਨਹੀਂ, ਆਪਣਾ ਸਭ ਕੁਝ ਵਾਰ ਕੇ ਹੀ ਡਾਕੇ ਮਾਰਨ ਚੱਲੇ ਸੀ। ਅਸੀਂ ਅੰਗਰੇਜ਼ ਸਰਕਾਰ ਦੇ ਖਿਲਾਫ਼ ਗ਼ਦਰ ਦੀ ਤਿਆਰੀ ਕਰ ਰਹੇ ਹਾਂ। ਹਥਿਆਰ ਆਦਿ ਖਰੀਦਣ ਵਾਸਤੇ ਪੈਸੇ ਚਾਹੀਦੇ ਹਨ। ਉਹ ਕਿੱਥੋਂ ਲਈਏ? ਮਾਂ! ਉਸੇ ਮਹਾਨ ਕੰਮ ਵਾਸਤੇ ਅੱਜ ਇਹ ਨੀਚ ਕੰਮ ਕਰਨ ਲਈ ਅਸੀਂ ਮਜਬੂਰ ਹੋਏ ਹਾਂ।'

ਉਸ ਵੇਲੇ ਬੜਾ ਦਰਦਨਾਕ ਨਜ਼ਾਰਾ ਸੀ। ਮਾਂ ਨੇ ਫੇਰ ਕਿਹਾ-'ਇਸ ਕੁੜੀ ਦਾ ਵਿਆਹ ਕਰਨਾ ਹੈ। ਉਸ ਵਾਸਤੇ ਰੁਪਏ ਚਾਹੀਦੇ ਹਨ। ਕੁਝ ਦਿੰਦੇ ਜਾਉ ਤਾਂ ਚੰਗਾ ਹੈ।' ਸਾਰਾ ਧਨ ਉਸ ਦੇ ਸਾਹਮਣੇ ਰੱਖ ਦਿੱਤਾ ਗਿਆ ਅਤੇ ਕਿਹਾ- 'ਜਿੰਨਾਂ ਚਾਹੀਦਾ

ਹੈ ਲੈ ਲਉ!' ਕੁਝ ਧਨ ਲੈ ਕੇ ਬਾਕੀ ਸਾਰਾ ਉਸ ਨੇ ਖੁਦ ਖੁਸ਼ੀ ਨਾਲ ਕਰਤਾਰ ਦੀ ਝੋਲੀ ਵਿਚ ਪਾ ਦਿੱਤਾ ਅਤੇ ਆਸ਼ੀਰਵਾਦ ਦਿੱਤਾ ਕਿ ਜਾਉ ਬੇਟਾ, ਤੁਹਾਨੂੰ ਕਾਮਯਾਬੀ ਮਿਲੇ!

ਡਕੈਤੀ ਵਰਗੇ ਭਿਆਨਕ ਕੰਮ ਵਿਚ ਸ਼ਾਮਲ ਹੋਣ ਤੇ ਵੀ ਕਰਤਾਰ ਦਾ ਹਿਰਦਾ ਕਿੰਨਾ ਭਾਵੁਕ, ਕਿੰਨਾ ਪਵਿੱਤਰ, ਕਿੰਨਾ ਮਹਾਨ ਸੀ ਉਹ ਉਕਤ ਘਟਨਾ ਤੋਂ ਸਪੱਸ਼ਟ ਹੈ।

ਬੰਗਾਲ ਦਲ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਹੀ ਆਪ ਨੇ ਹਥਿਆਰਾਂ ਵਾਸਤੇ ਲਾਹੌਰ-ਛਾਉਣੀ ਦੀ ਮੈਗਜ਼ੀਨ ਤੇ ਹਮਲਾ ਕਰਨ ਦੀ ਤਿਆਰੀ ਕਰ ਲਈ ਸੀ। ਇਕ ਦਿਨ ਟਰੇਨ ਵਿਚ ਜਾਂਦੇ ਹੋਏ ਇਕ ਫੌਜੀ ਨਾਲ ਮੁਲਾਕਾਤ ਹੋ ਗਈ। ਉਹ ਮੈਗਜ਼ੀਨ ਦਾ ਇੰਚਾਰਜ ਸੀ। ਉਸ ਨੇ ਚਾਬੀਆਂ ਦੇਣ ਦਾ ਵਾਅਦਾ ਕੀਤਾ। 25 ਨਵੰਬਰ ਨੂੰ ਆਪ ਕੁਝ ਸੂਰਮੇ ਸਾਥੀਆਂ ਨੂੰ ਲੈ ਕੇ ਉੱਥੇ ਜਾ ਧਮਕੇ। ਪਰ ਇਕ-ਅੱਧ ਦਿਨ ਪਹਿਲਾਂ ਉਕਤ ਸਿਪਾਹੀ ਦਾ ਕਿਸੇ ਹੋਰ ਥਾਂ ਤਬਾਦਲਾ ਹੋ ਜਾਣ ਕਾਰਨ ਸਾਰਾ ਕੰਮ ਵਿਗੜ ਗਿਆ। ਪਰ ਦਿਲ ਛੱਡਣਾ, ਘਬਰਾ ਜਾਣਾ ਅਜਿਹੇ ਕ੍ਰਾਂਤੀਕਾਰੀਆਂ ਦੇ ਚਰਿੱਤਰ ਵਿਚ ਨਹੀਂ ਹੁੰਦਾ।

ਫਰਵਰੀ ਵਿਚ ਗ਼ਦਰ ਦੀ ਤਿਆਰੀ ਸੀ। ਪਹਿਲੇ ਹਫ਼ਤੇ ਆਪ, ਪਿੰਗਲੇ ਅਤੇ ਦੋ-ਇਕ ਹੋਰ ਸਾਥੀਆਂ ਸਮੇਤ ਆਗਰਾ, ਕਾਨਪੁਰ, ਇਲਾਹਾਬਾਦ, ਬਨਾਰਸ, ਲਖਨਊ ਅਤੇ ਮੇਰਠ ਆਦਿ ਗਏ ਅਤੇ ਗ਼ਦਰ ਵਾਸਤੇ ਫੌਜਾਂ ਨਾਲ ਗੱਠਜੋੜ ਕਰ ਆਏ।

ਆਖ਼ਰ ਉਹ ਦਿਨ ਵੀ ਨੇੜੇ ਆਉਣ ਲੱਗਾ ਜਿਸ ਦਾ ਖ਼ਿਆਲ ਆਉਂਦੇ ਹੀ ਇਨ੍ਹਾਂ ਲੋਕਾਂ ਦੇ ਹਿਰਦੇ ਖੁਸ਼ੀ, ਚਾਅ ਅਤੇ ਭੈਅ ਆਦਿ ਅਨੇਕਾਂ ਭਾਵਾਂ ਨਾਲ ਧੜਕਣ ਲੱਗਦੇ ਸਨ। 21 ਫਰਵਰੀ 1915 ਸਮੁੱਚੇ ਭਾਰਤ ਵਿਚ ਗ਼ਦਰ ਕਰਨ ਦਾ ਦਿਨ ਨਿਸ਼ਚਿਤ ਹੋਇਆ ਸੀ। ਤਿਆਰੀ ਇਸੇ ਵਿਚਾਰ ਨਾਲ ਹੋ ਰਹੀ ਸੀ। ਪਰ ਠੀਕ ਉਸੇ ਵੇਲੇ ਉਨ੍ਹਾਂ ਦੀ ਆਸ ਦੇ ਬੂਟੇ ਦੀ ਜੜ੍ਹ ਵਿਚ ਬੈਠਾ ਇਕ ਚੂਹਾ ਉਸ ਨੂੰ ਹੇਠੋਂ ਖੋਖਲਾ ਕਰ ਰਿਹਾ ਸੀ। ਤਣੇ ਦੇ ਇਕ ਦਮ ਖੋਖਲੇ ਹੋ ਜਾਣ ਤੇ ਹਨੇਰੀ ਦੇ ਇਕ ਹੀ ਬੁੱਲੇ ਨਾਲ ਉਹ ਧਰਤੀ ਤੇ ਡਿੱਗ ਪਏਗਾ, ਇਹ ਉਹ ਨਹੀਂ ਜਾਣਦੇ ਸਨ। ਚਾਰ-ਪੰਜ ਦਿਨ ਪਹਿਲਾਂ ਸ਼ੱਕ ਪੈ ਗਿਆ। ਕਿਰਪਾਲ ਦੀ ਕਿਰਪਾ ਨਾਲ ਸਭ ਗੁੜ-ਗੋਬਰ ਹੋ ਜਾਏਗਾ, ਇਸੇ ਡਰ ਕਾਰਨ ਕਰਤਾਰ ਸਿੰਘ ਨੇ ਰਾਸਬਿਹਾਰੀ ਨੂੰ 21 ਦੀ ਥਾਂ 19 ਫਰਵਰੀ ਨੂੰ ਗ਼ਦਰ ਕਰਨ ਨੂੰ ਕਹਿ ਦਿੱਤਾ ਸੀ। ਇਸ ਤਰ੍ਹਾਂ ਹੋ ਜਾਣ ਤੇ ਵੀ ਕਿਰਪਾਲ ਨੂੰ ਭੇਤ ਲੱਗ ਗਿਆ। ਉਸ ਮਹਾਨ ਗ਼ਦਰ ਯੋਜਨਾ ਵਿਚ ਉਸ ਇਕ ਨਰ-ਪਿਸ਼ਾਚ ਦੀ ਹੋਂਦ ਦਾ ਕਿੰਨਾ ਭੈੜਾ ਸਿੱਟਾ ਨਿੱਕਲਿਆ। ਰਾਸਬਿਹਾਰੀ ਅਤੇ ਕਰਤਾਰ ਸਿੰਘ ਵੀ ਕੋਈ ਢੁੱਕਵਾਂ ਪ੍ਰਬੰਧ ਕਰਕੇ ਆਪਣਾ ਭੇਤ ਨਾ ਛੁਪਾ ਸਕੇ, ਇਸ ਦਾ ਕਾਰਨ ਭਾਰਤ ਦੀ ਬਦਕਿਸਮਤੀ ਤੋਂ ਬਿਨ੍ਹਾਂ ਹੋਰ ਕੀ ਹੋ ਸਕਦਾ ਹੈ?

ਸ਼ੁਦਾਈ ਕਰਤਾਰ 50-60 ਬੰਦੇ ਲੈ ਕੇ ਕੀਤੇ ਫੈਸਲੇ ਅਨੁਸਾਰ 19 ਫਰਵਰੀ ਨੂੰ ਫ਼ਿਰੋਜ਼ਪੁਰ ਛਾਉਣੀ ਜਾ ਪਹੁੰਚੇ। ਅੱਜ-ਹੁਣੇ ਕੁਝ ਘੰਟੇ ਬਾਅਦ-ਰਣਚੰਡੀ ਦਾ ਤਾਂਡਵ

ਨਰਿਤ ਸ਼ੁਰੂ ਹੋ ਜਾਵੇਗਾ। ਕਰਤਾਰ ਸਿੰਘ ਆਪਣੇ ਤਿਰੰਗੇ ਝੰਡੇ ਨੂੰ ਹੁਣੇ ਹੀ ਭਾਰਤ ਭੂਮੀ ਤੇ ਫਹਿਰਾ ਦੇਣਗੇ। ਅੱਜ ਹੀ ਅਤੇ ਹੁਣੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਕਰਤਾਰ ਅਤੇ ਉਨ੍ਹਾਂ ਦੇ ਸਹਿਯੋਗੀਆਂ ਵਿਚ ਵੱਧ-ਚੜ੍ਹ ਕੇ ਮਰਨ-ਮਾਰਨ ਦੀ ਤਮੰਨਾ ਪੈਦਾ ਹੋ ਜਾਵੇਗੀ।

ਕਰਤਾਰ ਸਿੰਘ ਛਾਉਣੀ ਵਿਚ ਵੜ ਗਏ। ਆਪਣੇ ਸਾਥੀ ਫੌਜੀ ਹੌਲਦਾਰ ਨੂੰ ਮਿਲੇ। ਗ਼ਦਰ ਦੀ ਗੱਲ ਕਹੀ। ਪਰ ਕਿਰਪਾਲ ਨੇ ਤਾਂ ਪਹਿਲਾਂ ਹੀ ਸਭ ਕੁਝ ਵਿਗਾੜ ਰੱਖਿਆ ਸੀ। ਭਾਰਤੀ ਫੌਜੀ ਨਿਹੱਥੇ ਕਰ ਦਿੱਤੇ ਗਏ। ਧੜਾਧੜ ਗ੍ਰਿਫ਼ਤਾਰੀਆਂ ਹੋ ਰਹੀਆਂ ਸਨ। ਹੌਲਦਾਰ ਪਰਤ ਆਏ। ਸਾਰੀ ਕੋਸ਼ਿਸ਼, ਸਾਰੀ ਮਿਹਨਤ ਇਕ ਦਮ ਬੇਕਾਰ ਹੋ ਗਈ ਸੀ। ਪੰਜਾਬ ਵਿਚ ਗ੍ਰਿਫ਼ਤਾਰੀਆਂ ਦਾ ਬਾਜ਼ਾਰ ਗਰਮ ਹੋ ਗਿਆ। ਮੁਸੀਬਤ ਵਿਚ ਪੈਂਦੇ ਹੀ ਅਨੇਕਾਂ ਗ਼ਦਰੀ ਅਕਲਮੰਦ ਬਣਨ ਲੱਗੇ। ਉਨ੍ਹਾਂ ਨੂੰ ਆਪਣੇ ਪੁਰਾਣੇ ਆਦਰਸ਼ ਵਿਚ ਭਰਮ ਦਿਸਣ ਲੱਗਾ। ਅੱਜ ਉਹ ਫੜਿਆ ਗਿਆ, ਕੱਲ੍ਹ ਉਹ ਫੁੱਟ ਪਿਆ। ਅਜਿਹੀ ਹੀ ਹਾਲਤ ਵਿਚ ਰਾਸ ਬਾਬੂ ਨਿਰਾਸ਼ ਹੋ ਕੇ ਇਕ ਮੁਰਦੇ ਵਾਂਗ ਲਾਹੌਰ ਦੇ ਇਕ ਮਕਾਨ ਵਿਚ ਪਏ ਸੀ। ਕਰਤਾਰ ਸਿੰਘ ਵੀ ਆ ਕੇ ਇਕ ਹੋਰ ਮੰਜੇ ਤੇ ਦੂਜੇ ਪਾਸੇ ਮੂੰਹ ਕਰਕੇ ਪੈ ਗਏ। ਉਹ ਇਕ-ਦੂਜੇ ਨੂੰ ਕੁਝ ਵੀ ਨਹੀਂ ਬੋਲੇ। ਪਰ ਚੁੱਪ ਹੀ ਚੁੱਪ ਵਿਚ ਇਕ-ਦੂਜੇ ਦੇ ਹਿਰਦੇ ਵਿਚ ਵੜ ਕੇ ਉਹ ਸਭ ਕੁਝ ਸਮਝ ਗਏ ਸੀ। ਉਨ੍ਹਾਂ ਦੀ ਉਸ ਵੇਲੇ ਦੀ ਵੇਦਨਾ ਦਾ ਅਨੁਮਾਨ ਅਸੀਂ ਕੀ ਲਾ ਸਕਾਂਗੇ?

ਦਰੇ ਤਦਬੀਰ ਪਰ ਸਰ ਫੋੜਨਾ ਸ਼ੇਵਾ ਰਹਾ ਅਪਨਾ।
ਵਸੀਲੇ ਹਾਥ ਹੀ ਆਏ ਨ ਕਿਸਮਤ ਆਜ਼ਮਾਈ ਕੇ॥

ਫੈਸਲਾ ਹੋਇਆ, ਸਾਰੇ ਪੱਛਮੀ ਸੀਮਾ ਤੋਂ ਉਸ ਪਾਰ ਲੰਘ ਕੇ ਵਿਦੇਸ਼ਾਂ ਵਿਚ ਚਲੇ ਜਾਣ। ਰਾਸ ਬਾਬੂ ਕਲਮਾ ਪੜ੍ਹਨ ਲੱਗੇ। ਪਰ ਉਨ੍ਹਾਂ ਨੇ ਅਚਾਨਕ ਨਿਸ਼ਚਾ ਬਦਲ ਦਿੱਤਾ। ਉਹ ਬਨਾਰਸ ਚਲੇ ਗਏ। ਕਰਤਾਰ ਸਿੰਘ ਪੱਛਮ ਵੱਲ ਨੂੰ ਤੁਰ ਪਏ। ਉਹ ਤਿੰਨ ਵਿਅਕਤੀ ਸਨ- ਸ੍ਰੀ ਕਰਤਾਰ ਸਿੰਘ, ਸ਼੍ਰੀ ਜਗਤ ਸਿੰਘ ਅਤੇ ਸ਼੍ਰੀ ਹਰਨਾਮ ਸਿੰਘ ਟੁੰਡਾ, ਬ੍ਰਿਟਿਸ਼ ਭਾਰਤ ਦੀ ਸੀਮਾ ਪਾਰ ਕਰ ਗਏ। ਖੁਸ਼ਕ ਪਹਾੜਾਂ ਵਿਚ ਪਹੁੰਚ ਕੇ ਇਕ ਰਮਣੀਕ ਥਾਂ ਆਈ। ਛੋਟੀ ਜਿਹੀ ਸੁੰਦਰ ਨਦੀ ਵਗ ਰਹੀ ਸੀ। ਉਸੇ ਦੇ ਕਿਨਾਰੇ ਬਹਿ ਗਏ। ਗੱਠ ਖੋਲ੍ਹ ਕੇ ਛੋਲੇ ਚੱਬਣ ਲੱਗੇ। ਕੁਝ ਨਾਸ਼ਤਾ-ਪਾਣੀ ਕਰਕੇ ਕਰਤਾਰ ਸਿੰਘ ਗਾਉਣ ਲੱਗੇ:

'ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।'

ਭਾਵੁਕ ਕਰਤਾਰ ਕਵੀ ਵੀ ਸਨ। ਅਮਰੀਕਾ ਵਿਚ ਉਨ੍ਹਾਂ ਨੇ ਇਹ ਕਵਿਤਾ ਲਿਖੀ ਸੀ। ਸੁਰੀਲੀ ਆਵਾਜ਼ ਵਿਚ ਇਕ ਸਤਰ ਹੀ ਗਾਈ ਸੀ, ਝੱਟ ਰੁਕ ਗਏ ਤੇ ਬੋਲੇ- 'ਕਿਉਂ ਜਗਤ ਸੀ, ਕੀ ਇਹ ਕਵਿਤਾ ਦੂਜਿਆਂ ਵਾਸਤੇ ਹੀ ਲਿਖੀ ਗਈ ਸੀ? ਕੀ ਸਾਡੇ ਤੇ ਇਸ ਦੀ ਕੋਈ ਜ਼ਿੰਮੇਵਾਰੀ ਨਹੀਂ? ਅੱਜ ਸਾਡੇ ਸਾਥੀ ਮੁਸੀਬਤਾਂ ਵਿਚ ਫਸੇ ਪਏ ਹਨ ਅਤੇ ਅਸੀਂ ਆਪਣਾ ਸਿਰ ਛੁਪਾਉਣ ਦੇ ਫ਼ਿਕਰ ਵਿਚ ਕਾਹਲੇ ਪੈ ਰਹੇ ਹਾਂ?'

ਇਕ-ਦੂਜੇ ਵੱਲ ਦੇਖਿਆ। ਫੈਸਲਾ ਹੋਇਆ, ਭਾਰਤ ਪਰਤ ਕੇ ਉਨ੍ਹਾਂ ਨੂੰ ਛੁਡਾਉਣ ਦਾ ਪ੍ਰਬੰਧ ਕੀਤਾ ਜਾਵੇ। ਫੇਰ ਅੱਗੇ ਨਹੀਂ ਤੁਰੇ। ਉੱਥੋਂ ਹੀ ਵਾਪਸ ਹੋ ਗਏ। ਜਾਣਦੇ ਸਨ ਕਿ ਮੌਤ ਮੂੰਹ ਖੋਲ੍ਹੀ ਉਨ੍ਹਾਂ ਦੇ ਇੰਤਜ਼ਾਰ ਵਿਚ ਖੜ੍ਹੀ ਹੈ। ਪਰ ਇਸ ਨਾਲ ਕੀ ਹੁੰਦਾ ਸੀ? ਉਨ੍ਹਾਂ ਦੀ ਤਾਂ ਤੀਬਰ ਇੱਛਾ ਸੀ ਕਿ ਕਿਤੇ ਕੋਈ ਘਮਾਸਾਨ ਸ਼ੁਰੂ ਹੋ ਜਾਵੇ, ਲੜਦੇ-ਲੜਦੇ ਜਾਨ ਦੇ ਦੇਣ।

ਸਰਗੋਧਾ ਕੋਲ ਚੱਕ ਨੰਬਰ 5 ਵਿਚ ਗਏ। ਫੇਰ ਤੋਂ ਗ਼ਦਰ ਦੀ ਚਰਚਾ ਛੇੜ ਦਿੱਤੀ। ਉੱਥੇ ਹੀ ਫੜੇ ਗਏ। ਜ਼ੰਜ਼ੀਰਾਂ ਨਾਲ ਜਕੜ ਦਿੱਤੇ ਗਏ। ਨਿਡਰ ਬੰਦੀ ਗ਼ਦਰੀ ਕਰਤਾਰ ਸਿੰਘ ਲਾਹੌਰ ਸਟੇਸ਼ਨ ਤੇ ਲਿਆਂਦੇ ਗਏ। ਪੁਲਿਸ ਕਪਤਾਨ ਨੂੰ ਕਿਹਾ- 'ਮਿ. ਟਾਮਕਿਨ! ਕੁਝ ਖਾਣ ਨੂੰ ਤਾਂ ਲਿਆ ਦਿਉ!' ਉਹ! ਕਿੰਨਾ ਮਸਤਪਣ ਸੀ! ਉਸ ਸੁੰਦਰ ਮੂਰਤ ਨੂੰ ਦੇਖ ਕੇ ਦੋਸਤ-ਦੁਸ਼ਮਨ ਸਭ ਮੁਗਧ ਹੋ ਜਾਂਦੇ ਸਨ। ਗ੍ਰਿਫਤਾਰੀ ਵੇਲੇ ਉਹ ਬੜੇ ਪ੍ਰਸੰਨ ਸਨ। ਅਕਸਰ ਕਿਹਾ ਕਰਦੇ ਸਨ- 'ਹਿੰਮਤ ਨਾਲ ਮਰ ਜਾਣ ਤੇ ਮੈਨੂੰ 'ਬਾਗ਼ੀ' ਦਾ ਖਿਤਾਬ ਦੇਣਾ। ਕੋਈ ਯਾਦ ਕਰੇ ਤਾਂ 'ਬਾਗ਼ੀ' ਕਹਿ ਕੇ ਯਾਦ ਕਰੇ।'

ਜੇਲ੍ਹ ਵਿਚ ਬੰਦ ਹੋ ਕੇ ਵੀ ਉਸ ਅਸ਼ਾਂਤ ਹਿਰਦੇ ਨੂੰ ਸ਼ਾਂਤੀ ਨਾ ਮਿਲੀ। ਇਕ ਦਿਨ ਲੋਹਾ ਵੱਢਣ ਦੇ ਸੰਦ ਮੰਗਵਾ ਲਏ। 60-70 ਕੈਦੀਆਂ ਨੂੰ ਇਕੱਠਾ ਕੀਤਾ। ਫੈਸਲਾ ਹੋਇਆ, ਚਾਰ-ਪੰਜ ਤੋਂ ਇਲਾਵਾ-ਜੋ ਕਿ ਬਿਲਕੁਲ ਕਮਜ਼ੋਰ ਤੇ ਨਿਰਦੋਸ਼ ਸਨ-ਸਾਰੇ ਲੋਕ ਰਾਤ ਜੇਲ੍ਹ ਤੋਂ ਭੱਜ ਨਿਕਲਣ। ਬਾਹਰੋਂ ਇਹ ਖ਼ਬਰ ਵੀ ਆ ਗਈ ਸੀ ਕਿ ਲਾਹੌਰ-ਛਾਉਣੀ ਮੈਗਜ਼ੀਨ ਦੇ ਇੰਚਾਰਜ ਮਹਾਸ਼ਾ ਮਦਦ ਵਾਸਤੇ ਤਿਆਰ ਹਨ। ਫੈਸਲਾ ਹੋਇਆ ਕਿ 50-60 ਬੰਦੇ ਜੇਲ੍ਹ ਤੋਂ ਨਿਕਲਦੇ ਹੀ ਸਿੱਧੇ ਲਾਹੌਰ-ਛਾਉਣੀ ਜਾਣ। ਉਨ੍ਹਾਂ ਲੋਕਾਂ ਦੀ ਮਦਦ ਨਾਲ ਮੈਗਜ਼ੀਨ ਤੋਂ ਹਥਿਆਰ ਕੱਢ ਕੇ ਸਾਰਿਆਂ ਨੂੰ ਹਥਿਆਰ ਵੰਡ ਦਿੱਤੇ ਜਾਣ ਅਤੇ ਉਸ ਤੋਂ ਬਾਅਦ ਫੇਰ ਗ਼ਦਰ ਕੀਤਾ ਜਾਵੇ। ਵਿਚਾਰ ਸੀ, ਜੇਲ੍ਹਾਂ ਤੋੜ ਕੇ ਕੈਦੀਆਂ ਨੂੰ ਕੱਢਿਆ ਜਾਵੇ ਤਾਂ ਕਿ ਉਹ ਸਾਰੇ ਲੋਕ ਗ਼ਦਰ ਦੀ ਤਿਆਰੀ ਵਿਚ ਜੁਟ ਜਾਣ। ਪਰ ਕਰਤਾਰ ਸਿੰਘ ਵਾਸਤੇ ਉਸ ਨਿਰਾਸ਼ਾ ਅਤੇ ਅਸਫ਼ਲਤਾ ਦੇ ਦੌਰ ਵਿਚ ਅਜਿਹੀ ਆਸ ਕਰਨੀ ਅੱਕ-ਫੰਭੜੀ ਦੀ ਛਾਂ ਵਾਂਗ ਸੀ। ਕਿਸੇ ਇਕ ਸਾਧਾਰਨ ਕੈਦੀ ਨੂੰ ਭੇਤ ਲੱਗ ਗਿਆ। ਸਾਰਿਆਂ ਨੂੰ ਕੋਠੜੀਆਂ ਵਿਚ ਡੱਕ ਦਿੱਤਾ ਗਿਆ। ਬੇੜੀਆਂ ਲਾ ਦਿੱਤੀਆਂ ਗਈਆਂ। ਤਲਾਸ਼ੀ ਹੋਈ, ਸਾਰੀਆਂ ਚੀਜ਼ਾਂ ਕਰਤਾਰ ਸਿੰਘ ਦੀ ਕੋਠੜੀ ਵਿਚ ਪਾਣੀ ਦੀ ਸੁਰਾਹੀ ਹੇਠਾਂ ਧਰਤੀ ਵਿਚ ਪੁੱਟੇ ਹੋਏ ਟੋਏ ਵਿਚੋਂ ਮਿਲ ਗਈਆਂ। ਸਾਰੀ ਕੋਸ਼ਿਸ਼ ਬੇਕਾਰ ਗਈ।

ਮੁਕੱਦਮਾ ਚੱਲਿਆ। ਉਸ ਵੇਲੇ ਕਰਤਾਰ ਸਿੰਘ ਦੀ ਉਮਰ ਸਿਰਫ਼ ਸਾਢੇ ਅਠਾਰਾਂ ਸਾਲ ਸੀ। ਸਾਰੇ ਹਵਾਲਾਤੀਆਂ ਵਿਚੋਂ ਆਪ ਸਭ ਤੋਂ ਘੱਟ ਉਮਰ ਦੇ ਸਨ। ਪਰ ਜੱਜ ਮਹੋਦਿਆ ਲਿਖਦੇ ਹਨ:

ਇਹ ਇਨ੍ਹਾਂ ਸਾਰੇ 61 ਦੋਸ਼ੀਆਂ ਵਿਚੋਂ ਸਭ ਤੋਂ ਮਹੱਤਵਪੂਰਨ ਹੈ; ਅਤੇ ਇਸ ਦੀ ਮਿਸਾਲ ਸਭ ਤੋਂ ਲੰਮੀ ਹੈ। ਅਮਰੀਕਾ ਸਫਰ ਵੇਲੇ ਅਤੇ ਭਾਰਤ ਵਿਚ ਇਸ ਸਾਜਿਸ਼ ਦਾ

ਕੋਈ ਖੇਤਰ ਨਹੀਂ ਜਿੱਥੇ ਇਸ ਦੋਸ਼ੀ ਨੇ ਕੋਈ ਭੂਮਿਕਾ ਨਾ ਨਿਭਾਈ ਹੋਵੇ।

ਇਕ ਦਿਨ ਆਪਦੇ ਬਿਆਨ ਦੇਣ ਦੀ ਵਾਰੀ ਆਈ। ਆਪ ਨੇ ਸਭ ਮੰਨ ਲਿਆ। ਸਭ ਕੁਝ ਮੰਨਦਾ ਦੇਖ ਕੇ ਜੱਜ ਮਹੋਦਿਆ ਲਿਖਣ ਤੋਂ ਰੁਕ ਗਏ। ਸਾਰਾ ਦਿਨ ਕਰਤਾਰ ਸਿੰਘ ਬਿਆਨ ਦਿੰਦੇ ਰਹੇ। ਮੂੰਹ ਵਿਚ ਕਲਮ ਫਸਾਈ ਜੱਜ ਦੇਖਦੇ ਰਹੇ। ਕੁਝ ਲਿਖਿਆ ਨਹੀਂ। ਬਾਅਦ ਵਿਚ ਐਨਾ ਹੀ ਕਿਹਾ-'ਕਰਤਾਰ ਸਿੰਘ! ਅੱਜ ਤੇਰੇ ਬਿਆਨ ਨਹੀਂ ਲਿਖੇ ਗਏ। ਤੂੰ ਸੋਚ-ਸਮਝ ਕੇ ਬਿਆਨ ਦੇਹ। ਤੂੰ ਜਾਣਦਾ ਹੈਂ, ਤੇਰੇ ਆਪਣੇ ਹੀ ਬਿਆਨਾਂ ਦਾ ਕੀ ਨਤੀਜਾ ਨਿੱਕਲ ਸਕਦਾ ਹੈ?'

ਦੇਖਣ ਵਾਲੇ ਦੱਸਦੇ ਹਨ, ਜੱਜ ਦੇ ਇਨ੍ਹਾਂ ਸ਼ਬਦਾਂ ਤੇ ਉਸ ਨੇ ਇਕ ਮਸਤਾਨੀ ਅਦਾ ਨਾਲ ਸਿਰਫ਼ ਐਨਾ ਹੀ ਕਿਹਾ ਸੀ- 'ਫਾਂਸੀ ਹੀ ਲਾ ਦਿਉਂਗੇ ਨਾ, ਹੋਰ ਕੀ? ਅਸੀਂ ਉਸ ਤੋਂ ਡਰਦੇ ਨਹੀਂ।'

ਉਸ ਦਿਨ ਕਚਹਿਰੀ ਉੱਠ ਗਈ। ਜੱਜ ਲੋਕਾਂ ਦੀ ਪਹਿਲੇ ਦਿਨ ਕੁਝ ਅਜਿਹੀ ਧਾਰਨਾ ਸੀ ਕਿ ਕਰਤਾਰ ਸਿੰਘ ਇਸ ਤਰ੍ਹਾਂ ਦਾ ਬਿਆਨ ਭਾਈ ਪਰਮਾਨੰਦ ਦੇ ਇਸ਼ਾਰੇ ਤੇ ਦੇ ਰਿਹਾ ਹੈ। ਪਰ ਉਹ ਗ਼ਦਰੀ ਨੌਜਵਾਨ ਦੇ ਹਿਰਦੇ ਦੀ ਡੂੰਘਾਈ ਦੀ ਥਾਹ ਨਹੀਂ ਪਾ ਸਕੇ। ਕਰਤਾਰ ਸਿੰਘ ਦਾ ਬਿਆਨ ਜ਼ਿਆਦਾ ਜ਼ੋਰਦਾਰ, ਜ਼ਿਆਦਾ ਜੋਸ਼ੀਲਾ ਅਤੇ ਪਹਿਲੇ ਦਿਨ ਵਾਂਗ ਹੀ ਸੱਚ ਸੀ।

ਅੰਤ ਵਿਚ ਆਪ ਨੇ ਕਿਹਾ- 'ਮੇਰੇ ਗੁਨਾਹ ਲਈ ਜਾਂ ਤਾਂ ਮੈਨੂੰ ਉਮਰ ਕੈਦ ਦੀ ਸਜ਼ਾ ਮਿਲੇਗੀ ਤੇ ਜਾਂ ਫਾਂਸੀ। ਪਰ ਮੈਂ ਤਾਂ ਫਾਂਸੀ ਨੂੰ ਹੀ ਤਰਜੀਹ ਦਿਆਂਗਾ। ਤਾਂ ਕਿ ਛੇਤੀ ਹੀ ਫੇਰ ਜਨਮ ਲੈ ਕੇ ਭਾਰਤ ਦੀ ਆਜ਼ਾਦੀ ਦੀ ਜੰਗ ਵਾਸਤੇ ਤਿਆਰ ਹੋ ਸਕਾਂ। ਜਦੋਂ ਤੱਕ ਭਾਰਤ ਆਜ਼ਾਦ ਨਹੀਂ ਹੁੰਦਾ ਉਦੋਂ ਤੱਕ ਇਵੇਂ ਹੀ ਵਾਰ-ਵਾਰ ਜਨਮ ਲੈ ਕੇ ਫਾਂਸੀ ਤੇ ਚੜ੍ਹਦਾ ਰਹਾਂ, ਇਹੀ ਮੇਰੀ ਤਮੰਨਾ ਹੈ। ਅਤੇ ਜੇ ਅਗਲੇ ਜਨਮ ਵਿਚ ਔਰਤ ਬਣਿਆਂ ਤਾਂ ਵੀ ਅਜਿਹੇ ਹੀ ਬਾਗ਼ੀ ਪੁੱਤਰਾਂ ਨੂੰ ਜਨਮ ਦਿਆਂਗਾ।'

ਆਪਦੀ ਦ੍ਰਿੜ੍ਹਤਾ ਨੇ ਜੱਜ ਲੋਕਾਂ ਨੂੰ ਪ੍ਰਭਾਵਿਤ ਕੀਤਾ, ਪਰ ਉਨ੍ਹਾਂ ਨੇ ਇਕ ਉਦਾਰ ਦੁਸ਼ਮਨ ਵਾਂਗ ਆਪਣੀ ਦਲੇਰੀ ਨੂੰ ਦਲੇਰੀ ਨਾ ਕਹਿ ਕੇ ਢੀਠਤਾ ਦਾ ਨਾਂ ਦਿੱਤਾ। ਜੱਜ ਮਹੋਦਿਆ ਲਿਖਦੇ ਹਨ:

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਨੌਜਵਾਨ ਹੈ; ਪਰ ਨਿਸ਼ਚੇ ਹੀ ਇਹ ਇਨ੍ਹਾਂ ਸਾਰਿਆਂ ਸਾਜ਼ਿਸ਼ੀਆਂ ਤੋਂ ਭੈੜਾ ਹੈ, ਪੂਰੀ ਤਰ੍ਹਾਂ ਪਾਜੀ ਹੈ, ਆਪਣੇ ਕੀਤੇ ਤੇ ਫ਼ਖਰ ਕਰਦਾ ਹੈ, ਇਸ ਵਾਸਤੇ ਕੋਈ ਤਰਸ ਨਹੀਂ ਦਿਖਾਇਆ ਜਾ ਸਕਦਾ।

ਦਲੇਰ ਅਤੇ ਉਦਾਰ ਦੁਸ਼ਮਨ ਹਾਰੇ ਹੋਏ ਸੈਨਿਕ ਨਾਲ ਅਜਿਹਾ ਵਿਹਾਰ ਨਹੀਂ ਕਰਿਆ ਕਰਦੇ। ਪਰ ਇੱਥੇ ਅਜਿਹਾ ਹੀ ਹੋਇਆ। ਕਰਤਾਰ ਸਿੰਘ ਨੂੰ ਸਿਰਫ਼ ਗਾਲ੍ਹਾਂ ਹੀ ਮਿਲੀਆਂ ਹੋਣ, ਅਜਿਹਾ ਵੀ ਨਹੀਂ, ਮੌਤ ਦੀ ਸਜ਼ਾ ਵੀ ਮਿਲੀ। ਉਨ੍ਹਾਂ ਨੂੰ ਹੀ ਲੱਭਣ ਵਾਲੇ ਪੁਲਸੀਆਂ ਦੇ ਹੱਥੋਂ ਪਾਣੀ ਪੀ ਕੇ ਕਈ ਵਾਰੀ ਨਿੱਕਲ ਜਾਣ ਵਾਲਾ ਸੂਰਮਾ ਕਰਤਾਰ ਸਿੰਘ ਅੱਜ ਬਗਾਵਤ-ਗ਼ਦਰ- ਦੇ ਅਪਰਾਧ ਵਿਚ ਮੌਤ ਦੀ ਸਜ਼ਾ ਦੇ ਭਾਗੀ

ਬਣੇ। ਆਪ ਨੇ ਦਲੇਰੀ ਨਾਲ ਮੁਸਕਰਾਉਂਦੇ ਹੋਏ ਜੱਜ ਨੂੰ ਕਿਹਾ- 'Thank you !'

ਕਰਤਾਰ, ਤੇਰੇ ਜੀਵਨ ਵਿਚ ਅਜਿਹੀ ਕਿਹੜੀ ਖਾਸ ਘਟਨਾ ਵਾਪਰ ਗਈ ਸੀ, ਜਿਸ ਕਰਕੇ ਤੂੰ ਮੌਤ ਦੀ ਦੇਵੀ ਦਾ ਐਨਾ ਸ਼ਰਧਾਲੂ ਬਣ ਗਿਆ? ਕਰਤਾਰ ਸਿੰਘ ਫਾਂਸੀ ਦੀ ਕੋਠੜੀ ਵਿਚ ਬੰਦ ਸਨ। ਦਾਦਾ ਆ ਕੇ ਪੁੱਛਦੇ ਹਨ- 'ਕਰਤਾਰ ਸਿੰਘ, ਕਿਨ੍ਹਾਂ ਵਾਸਤੇ ਮਰ ਰਿਹਾ ਹੈਂ? ਜੋ ਤੈਨੂੰ ਗਾਲ੍ਹਾਂ ਕੱਢਦੇ ਹਨ? ਤੇਰੇ ਮਰਨ ਨਾਲ ਦੇਸ਼ ਦਾ ਕੁਝ ਫਾਇਦਾ ਹੋਵੇ, ਉਹ ਵੀ ਨਹੀਂ ਦਿਸਦਾ।

ਕਰਤਾਰ ਸਿੰਘ ਨੇ ਹੌਲੀ ਜਿਹੀ ਪੁੱਛਿਆ- 'ਦਾਦਾ ਜੀ, ਫਲਾਣਾ ਬੰਦਾ ਕਿੱਥੇ ਗਿਆ?'

'ਪਲੇਗ ਨਾਲ ਮਰ ਗਿਆ।'

'ਫਲਾਣਾ ਕਿੱਥੇ ਹੈ?'

'ਹੈਜ਼ੇ ਨਾਲ ਮਰ ਗਿਆ।'

'ਤਾਂ ਕੀ ਤੁਸੀਂ ਵੀ ਚਾਹੁੰਦੇ ਸੀ ਕਿ ਕਰਤਾਰ ਸਿੰਘ ਵੀ ਬਿਸਤਰੇ ਤੇ ਮਹੀਨਿਆਂ ਬੱਧੀ ਪਿਆ ਰਹਿ ਕੇ ਦਰਦ ਨਾਲ ਤੜਫਦਾ ਹੋਇਆ ਕਿਸੇ ਰੋਗ ਨਾਲ ਮਰਦਾ? ਕੀ ਉਸ ਮੌਤ ਨਾਲੋਂ ਇਹ ਮੌਤ ਚੰਗੀ ਨਹੀਂ ਜੋ ਦੇਸ਼ ਦੇ ਲੇਖੇ ਲੱਗੀ ਹੈ। ਆਖਰ ਮਰਨਾ ਤਾਂ ਸਾਰਿਆਂ ਨੇ ਹੀ ਹੈ?'

ਦਾਦਾ ਚੁੱਪ ਹੋ ਗਏ।

ਅੱਜ ਦੁਨੀਆਂ ਵਿਚ ਫੇਰ ਸਵਾਲ ਖੜ੍ਹਾ ਹੁੰਦਾ ਹੈ, ਉਨ੍ਹਾਂ ਦੇ ਮਰਨ ਦਾ ਕੀ ਫਾਇਦਾ ਹੋਇਆ? ਉਹ ਕਿਨ੍ਹਾਂ ਵਾਸਤੇ ਮਰੇ? ਜਵਾਬ ਸਾਫ਼ ਹੈ। ਮਰਨ ਵਾਸਤੇ ਮਰੇ। ਉਨ੍ਹਾਂ ਦਾ ਆਦਰਸ਼ ਹੀ ਦੇਸ਼-ਸੇਵਾ ਵਿਚ ਮਰਨਾ ਸੀ, ਇਸ ਤੋਂ ਵੱਧ ਉਹ ਕੁਝ ਹੋਰ ਚਾਹੁੰਦੇ ਹੀ ਨਹੀਂ ਸੀ। ਮਰਨਾ ਵੀ ਅਗਿਆਤ ਰਹਿ ਕੇ ਹੀ ਚਾਹੁੰਦੇ ਸੀ। ਉਨ੍ਹਾਂ ਦਾ ਆਦਰਸ਼ ਸੀ: ਅਨਸੰਗ, ਅਨਆਨਰਡ ਅਤੇ ਅਨਵੈਪਟ ਮੌਤ!

'ਚਮਨ ਜ਼ਾਰੇ ਮੁਹੱਬਤ ਮੇਂ ਉਸ ਨੇ ਬਾਗ਼ਵਾਨੀ ਕੀ,
ਕਿ ਜਿਸ ਨੇ ਆਪਣੀ ਮੇਹਨਤ ਕੋ ਹੀ ਮੇਹਨਤ ਕਾ ਸਮਰ ਜਾਨਾ।
ਨਹੀਂ ਹੋਤਾ ਹੈ ਮੋਹਤਾਜੇ ਨੁਮਾਇਸ਼ ਫ਼ੈਜ਼ ਸ਼ਬਨਮ ਕਾ,
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ॥

ਡੇਢ ਸਾਲ ਤੱਕ ਮੁਕੱਦਮਾ ਚੱਲਿਆ। ਸ਼ਾਇਦ ਇਹ 1916 ਦਾ ਹੀ ਨਵੰਬਰ ਸੀ ਜਦੋਂ ਉਨ੍ਹਾਂ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਉਹ ਉਸ ਦਿਨ ਵੀ ਹਮੇਸ਼ਾ ਵਾਂਗ ਖ਼ੁਸ਼ ਸਨ। ਉਨ੍ਹਾਂ ਦਾ ਵਜ਼ਨ 10 ਪਾਊਂਡ ਵਧ ਗਿਆ ਸੀ। 'ਭਾਰਤ ਮਾਤਾ ਦੀ ਜੈ' ਕਹਿੰਦੇ ਹੋਏ ਉਹ ਫਾਂਸੀ ਦੇ ਤਖ਼ਤੇ ਤੇ ਚੜ੍ਹ ਗਏ।

***

ਪੰਜਾਬ ਵਿਚ ਦੇਸ਼ ਦੀ ਆਜ਼ਾਦੀ ਲਈ ਚਲਾਏ ਗਏ ਅੰਦੋਲਨ

-ਡਾ. ਹਰਬੰਸ ਸਿੰਘ ਚਾਵਲਾ

ਸਾਡੇ ਦੇਸ਼ ਦੀ ਆਜ਼ਾਦੀ ਹਾਸਲ ਕਰਨ ਲਈ ਬੜੀ ਲੰਬੀ ਜੱਦੋ-ਜਹਿਦ ਕਰਨੀ ਪਈ ਹੈ। ਜਿਹੜਾ ਸੰਘਰਸ਼ ਸੰਨ 1857 ਈ. ਦੀ ਕ੍ਰਾਂਤੀ ਨਾਲ ਸ਼ੁਰੂ ਹੋਇਆ ਸੀ, ਉਸ ਦੀ ਪੂਰਨ ਸਫਲਤਾ 15 ਅਗਸਤ 1947 ਈ. ਨੂੰ ਹਾਸਲ ਹੋਈ। ਇਸ ਲੰਬੀ ਲੜਾਈ ਵਿਚ ਪੰਜਾਬ ਨੇ ਜੋ ਹਿੱਸਾ ਪਾਇਆ ਹੈ, ਉਸ ਕਿਸੇ ਤੋਂ ਗੁੱਝਾ ਨਹੀਂ। 19ਵੀਂ ਸਦੀ ਦੇ ਦੂਸਰੇ ਅੱਧ ਤੋਂ 20ਵੀਂ ਸਦੀ ਦੇ ਪਹਿਲੇ 47 ਵਰ੍ਹਿਆਂ ਵਿਚ ਪੰਜਾਬ ਵਿਚ ਅਨੇਕ ਅੰਦੋਲਨ ਚਲਾਏ ਗਏ, ਜਿਨ੍ਹਾਂ ਦਾ ਸਰੂਪ ਭਾਵੇਂ ਕੁਝ ਵੀ ਸੀ, ਉਨ੍ਹਾਂ ਦਾ ਅੰਤਮ ਨਿਸ਼ਾਨਾ ਦੇਸ਼ ਨੂੰ ਬਦੇਸ਼ੀਆਂ ਦੀ ਗੁਲਾਮੀ ਤੋਂ ਮੁਕਤ ਕਰਾਉਣਾ ਸੀ। ਇੱਥੇ ਇਹ ਸੰਭਵ ਨਹੀਂ ਕਿ ਅਸੀਂ ਉਨ੍ਹਾਂ ਸਾਰੇ ਅੰਦੋਲਨਾਂ ਦੀ ਚਰਚਾ ਵਿਸਥਾਰ ਵਿਚ ਕਰ ਸਕੀਏ, ਪਰ ਤਾਂ ਵੀ ਕੁਝ ਇਕ ਪ੍ਰਮੁੱਖ ਅੰਦੋਲਨਾਂ ਦੇ ਨਾਮ ਇਸ ਪ੍ਰਕਾਰ ਹਨ- ਨਾਮਧਾਰੀ ਜਾਂ ਕੂਕਾ ਅੰਦੋਲਨ, ਗ਼ਦਰ ਲਹਿਰ, ਅਕਾਲੀ ਲਹਿਰ ਅਥਵਾ ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਕਿਸਾਨ ਅੰਦੋਲਨ, ਨੌਜਵਾਨ ਭਾਰਤ ਸਭਾ, ਪੰਜਾਬ ਪ੍ਰਜਾ ਮੰਡਲ ਅਤੇ ਆਈ.ਐਨ.ਏ. ਆਦਿ।

ਪੰਜਾਬ ਵਿਚ ਆਜ਼ਾਦੀ ਦੀ ਲੜਾਈ ਦਾ ਮੁੱਢ ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਲੜੀਆਂ ਗਈਆਂ ਦੋ ਲੜਾਈਆਂ ਤੋਂ ਹੀ ਸਮਝਿਆ ਜਾਣਾ ਚਾਹੀਦਾ ਹੈ, ਜਦੋਂ ਸ੍ਰ. ਸ਼ਾਮ ਸਿੰਘ ਅਟਾਰੀਵਾਲਾ, ਸ੍ਰ. ਚਤਰ ਸਿੰਘ, ਸ੍ਰ. ਸ਼ੇਰ ਸਿੰਘ, ਦੀਵਾਨ ਮੂਲ ਰਾਜ, ਮਹਾਰਾਣੀ ਜਿੰਦਾਂ ਅਤੇ ਭਾਈ ਮਹਾਰਾਜ ਸਿੰਘ ਨੇ ਅੰਗਰੇਜ਼ਾਂ ਨੂੰ ਦੇਸ਼ 'ਚੋਂ ਕੱਢ ਦੇਣ ਲਈ ਸਿਰਧੜ ਦੀ ਬਾਜ਼ੀ ਲਗਾ ਦਿੱਤੀ ਸੀ।

ਬੇਸ਼ਕ 1848 ਈ. ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਦਾ ਇਕ ਹਿੱਸਾ ਬਣਾ ਲਿਆ ਗਿਆ ਪਰ ਨੌਰੰਗਾਬਾਦ ਦੇ ਭਾਈ ਮਹਾਰਾਜ ਸਿੰਘ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਝੰਡਾ ਖੜ੍ਹਾ ਕਰ ਦਿੱਤਾ। ਉਨ੍ਹਾਂ ਬਾਰੇ ਜ਼ਿਕਰ ਕਰਦਿਆਂ ਸਰ ਹੈਨਰੀ ਲਾਰੰਸ ਲਿਖਦਾ ਹੈ ਕਿ, "ਭਾਈ ਮਹਾਰਾਜ ਸਿੰਘ ਨਾਂ ਦਾ ਇਕ ਸਿੱਖ ਸੰਤ, ਜੋ ਆਪਣੇ ਆਚਰਨ ਦੇ ਕਾਰਨ ਬੜਾ ਉੱਘਾ ਤੇ ਚੋਖੇ ਅਸਰ ਰਸੂਖ ਦਾ ਮਾਲਕ ਸੀ, ਇਸ ਵੇਲੇ ਲਾਹੌਰ ਵਿਚ ਪੰਜਾਬੀ ਰਸਾਲੇ ਦੇ ਕੁਝ ਸਿੱਖਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਿਹਾ ਹੈ।"

ਮੁਲਤਾਨ ਦੀ ਲੜਾਈ ਤੋਂ ਬਾਅਦ ਇਹ ਪਹਿਲਾ ਪੁਰਸ਼ ਸੀ ਜਿਸ ਨੇ ਬਗਾਵਤ ਦਾ ਝੰਡਾ ਖੜ੍ਹਾ ਕੀਤਾ।

ਜਲੰਧਰ ਦੇ ਡਿਪਟੀ ਕਮਿਸ਼ਨਰ ਨੇ ਸਰਕਾਰ ਨੂੰ ਸਾਵਧਾਨ ਕਰਦਿਆਂ ਲਿਖਿਆ ਸੀ ਕਿ:

"ਜੇ ਮਹਾਰਾਜ ਸਿੰਘ ਬਚ ਕੇ ਨਿਕਲ ਗਿਆ ਤੇ ਮੁੜ ਕੇ ਗ੍ਰਿਫ਼ਤਾਰ ਨਾ ਹੋ ਸਕਿਆ ਤਾਂ ਪੰਜਾਬ ਦੀ ਸਾਰੀ ਜਨਤਾ ਇਕਮੁੱਠ ਹੋ ਕੇ ਉਸ ਦੇ ਮਗਰ ਲੱਗ ਤੁਰੇਗੀ। ਇਹ ਅੰਗਰੇਜ਼ੀ ਹਕੂਮਤ ਲਈ ਬੜੇ ਦੁਰਭਾਗ ਦੀ ਗੱਲ ਹੋਵੇਗੀ।"

ਇਸ ਤੋਂ ਪਹਿਲਾਂ ਕਿ ਭਾਈ ਮਹਾਰਾਜ ਸਿੰਘ ਦੀ ਬਗਾਵਤ ਜਨ-ਅੰਦੋਲਨ ਦਾ ਰੂਪ ਧਾਰ ਸਕਦੀ, ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਪਹਿਲਾਂ ਕਲਕੱਤੇ ਤੇ ਫਿਰ ਨਜ਼ਰਬੰਦ ਕਰਕੇ ਸਿੰਘਾਪੁਰ ਭੇਜ ਦਿੱਤਾ ਗਿਆ। ਇੱਥੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ, ਜਿਸ ਦੇ ਫਲਸਰੂਪ ਉਹ 5 ਜੁਲਾਈ 1846 ਈ. ਨੂੰ ਸ਼ਹੀਦ ਹੋ ਗਏ। ਉਨ੍ਹਾਂ ਨੇ ਆਪਣੀ ਮੌਤ ਤੋਂ ਪਹਿਲਾਂ ਜੇਲ੍ਹ ਦੇ ਸੁਪਰਿਟੈਂਡੈਂਟ ਨੂੰ ਕਿਹਾ ਸੀ:

"ਮੈਨੂੰ, ਤੁਹਾਡੇ ਵੱਲੋਂ ਦਿੱਤੇ ਜਾ ਰਹੇ ਕਸ਼ਟਾਂ ਦੀ ਜ਼ਰਾ ਵੀ ਪ੍ਰਵਾਹ ਨਹੀਂ ਤੇ ਨਾ ਹੀ ਮੈਂ ਮੌਤ ਤੋਂ ਡਰਦਾ ਹਾਂ-ਮੈਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਅੰਗਰੇਜ਼ੀ ਰਾਜ ਦਾ ਅੰਤ ਬੜੀ ਜਲਦੀ ਹੋਵੇਗਾ ਤੇ ਮੇਰਾ ਦੇਸ਼ ਆਜ਼ਾਦੀ ਤੇ ਸੁੱਖ ਦਾ ਸਾਹ ਲੈ ਸਕੇਗਾ।"

ਭਾਈ ਮਹਾਰਾਜ ਸਿੰਘ ਦੀ ਸ਼ਹੀਦੀ ਤੋਂ ਕੇਵਲ 6 ਸਾਲ ਮਗਰੋਂ ਪੰਜਾਬ ਦੇ ਇਕ ਛੋਟੇ ਜਿਹੇ ਪਿੰਡ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ ਵਿਖੇ ਆਜ਼ਾਦੀ ਦੀ ਇਕ ਹੋਰ ਅਜਿਹੀ ਲਾਟ ਪ੍ਰਜਵਲਤ ਹੋਈ, ਜਿਸ ਨੇ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਬਾਬਾ ਰਾਮ ਸਿੰਘ ਨੇ ਨਾਮਧਾਰੀ ਅਥਵਾ ਕੂਕਾ ਲਹਿਰ ਨੂੰ ਜਨਮ ਦਿੱਤਾ, ਜਿਸ ਦਾ ਮੁੱਖ ਨਿਸ਼ਾਨਾ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਤੇ ਆਪਣੀ ਮਾਤਭੂਮੀ ਨੂੰ ਮੁਕਤ ਕਰਾਉਣਾ ਸੀ। ਜਿੱਥੇ ਉਨ੍ਹਾਂ ਨੇ ਧਰਮ ਤੇ ਸਮਾਜ ਵਿਚ ਆ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਯਤਨ ਕੀਤਾ, ਉੱਥੇ ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਇਹ ਆਦੇਸ਼ ਦਿੱਤੇ ਕਿ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਨਹੀਂ ਭੇਜਣਾ, ਅੰਗਰੇਜ਼ੀ ਕਚਹਿਰੀਆਂ ਵਿਚ ਆਪਣੇ ਝਗੜੇ ਲੈ ਕੇ ਨਹੀਂ ਜਾਣੇ, ਵਿਦੇਸ਼ੀ ਕੱਪੜਾ ਨਹੀਂ ਪਹਿਨਣਾ ਅਤੇ ਅੰਗਰੇਜ਼ਾਂ ਦੀ ਨੌਕਰੀ ਨਹੀਂ ਕਰਨੀ। ਅਸਲ ਵਿਚ ਇਹ ਇਕ ਤਰ੍ਹਾਂ ਨਾਲ ਉਸ ਅਸਹਿਯੋਗ ਅੰਦੋਲਨ ਦਾ ਮੁੱਢ ਸੀ, ਜਿਸ ਨੂੰ ਅੱਗੇ ਚੱਲ ਕੇ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਵਿਰੁੱਧ ਇਕ ਸਫ਼ਲ ਹਥਿਆਰ ਵਜੋਂ ਵਰਤਿਆ।

ਬਾਬਾ ਰਾਮ ਸਿੰਘ ਜੀ ਨੇ ਪੰਜਾਬ ਦੇ ਲੋਕਾਂ ਨੂੰ ਸੰਗਠਿਤ ਕਰਨ ਲਈ ਆਪਣੇ ਪ੍ਰਚਾਰ ਖੇਤਰ ਨੂੰ 22 ਸੂਬਿਆਂ ਵਿਚ ਵੰਡਿਆ। ਪੰਜਾਬ ਤੋਂ ਬਾਹਰ ਗਵਾਲੀਅਰ, ਬਨਾਰਸ, ਕਾਬਲ, ਨੇਪਾਲ ਅਤੇ ਰੂਸ ਵਿਚ ਆਪਣੇ ਸੂਬੇ ਨੀਯਤ ਕੀਤੇ ਤੇ ਕੁਝ ਦੇਸੀ ਰਜਵਾੜਿਆਂ ਨਾਲ ਵੀ ਸੰਪਰਕ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਲੋੜ ਪੈਣ ਤੇ ਇਨ੍ਹਾਂ ਦੀ ਸਹਾਇਤਾ ਲਈ ਜਾ ਸਕੇ।

ਬਾਬਾ ਜੀ ਜਲਦੀ ਵਿਚ ਕੋਈ ਕਦਮ ਨਹੀਂ ਸਨ ਚੁੱਕਣਾ ਚਾਹੁੰਦੇ, ਜਿਸ ਨਾਲ ਕਿ ਉਨ੍ਹਾਂ ਦੇ ਮਿਸ਼ਨ ਨੂੰ ਕੋਈ ਢਾਹ ਲੱਗੇ। ਪਰ 1871-72 ਈ. ਵਿਚ ਕੁਝ ਨੌਜਵਾਨ ਤੇ ਉਤਸ਼ਾਹੀ ਨਾਮਧਾਰੀਆਂ ਨੇ ਪੰਜਾਬ 'ਚੋਂ ਗਊ ਹੱਤਿਆ ਰੋਕਣ ਲਈ ਬੁੱਚੜਾਂ ਦਾ ਕਤਲ ਕਰ ਦਿੱਤਾ। ਅੰਗਰੇਜ਼ ਹਕੂਮਤ ਜੋ ਕਿ ਇਸ ਲਹਿਰ ਨੂੰ ਖ਼ਤਮ ਕਰਨ ਲਈ ਮੌਕਾ ਤਲਾਸ਼ ਕਰ ਰਹੀ ਸੀ, ਉਨ੍ਹਾਂ ਨੇ ਥਾਂ-ਥਾਂ ਤੇ ਕੂਕਿਆਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਪਿੰਡ ਭੈਣੀ ਉੱਪਰ ਪੁਲਿਸ ਚੌਂਕੀ ਬਿਠਾ ਦਿੱਤੀ। 68 ਕੂਕਿਆਂ ਨੂੰ ਤੋਪਾਂ ਦੇ ਮੂੰਹ ਅੱਗੇ ਬੰਨ੍ਹ ਕੇ ਉਡਾ ਦਿੱਤਾ ਗਿਆ, ਅਨੇਕਾਂ ਨੂੰ ਫਾਂਸੀ ਦਿੱਤੀ ਗਈ ਤੇ ਬਾਬਾ ਰਾਮ ਸਿੰਘ ਜੀ ਨੂੰ ਨਜ਼ਰਬੰਦ ਕਰਕੇ ਰੰਗੂਨ ਭੇਜ ਦਿੱਤਾ ਗਿਆ। ਇੱਥੇ ਹੀ ਸੰਨ 1885 ਈ. ਵਿਚ ਜਲਾਵਤਨੀ ਦੇ ਦੌਰਾਨ ਬਾਬਾ ਜੀ ਦਾ ਦੇਹਾਂਤ ਹੋ ਗਿਆ।

19ਵੀਂ ਸਦੀ ਦੇ ਦੂਜੇ ਅੱਧ ਵਿਚ ਅਨੇਕ ਧਾਰਮਿਕ ਅਤੇ ਸਮਾਜਿਕ ਲਹਿਰਾਂ ਸ਼ੁਰੂ ਹੋਈਆਂ, ਜਿਨ੍ਹਾਂ ਵਿਚ ਬ੍ਰਹਮੋ ਸਮਾਜ, ਪ੍ਰਾਰਥਨਾ ਸਮਾਜ, ਰਾਮਾ-ਕ੍ਰਿਸ਼ਨਾ ਮਿਸ਼ਨ, ਥਿਊਸੋਫੀਕਲ ਸੁਸਾਇਟੀ, ਆਰੀਆ ਸਮਾਜ ਅਤੇ ਸਿੰਘ ਸਭਾ ਲਹਿਰ ਦੇ ਨਾਮ ਵਰਣਨਯੋਗ ਹਨ। ਇਨ੍ਹਾਂ ਲਹਿਰਾਂ ਨੇ ਜਿੱਥੇ ਦੇਸ਼ ਵਾਸੀਆਂ ਨੂੰ ਆਪਣੇ ਪੁਰਾਣੇ ਵਿਰਸੇ ਤੋਂ ਜਾਣੂ ਕਰਵਾਇਆ ਉੱਥੇ ਨਾਲ ਹੀ ਮੱਧਵਰਗ ਦੇ ਪੜ੍ਹੇ-ਲਿਖੇ ਲੋਕਾਂ ਵਿਚ ਰਾਸ਼ਟਰੀ ਭਾਵਨਾ ਨੂੰ ਮਜ਼ਬੂਤ ਕੀਤਾ। ਪੰਜਾਬ ਵਿਚ ਇਸ ਦਾ ਸਿਹਰਾ ਸਵਾਮੀ ਦਯਾ ਨੰਦ, ਭਾਈ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ ਅਤੇ ਅਨੇਕ ਸਿੰਘ ਸਭਾਈਆਂ ਦੇ ਸਿਰ 'ਤੇ ਹੈ। ਇਨ੍ਹਾਂ ਲਹਿਰਾਂ ਦੇ ਫਲਸਰੂਪ ਭਾਰਤੀ ਭਾਸ਼ਾਵਾਂ ਵਿਚ ਛਪਣ ਵਾਲੇ ਅਨੇਕ ਪਰਚਿਆਂ ਤੇ ਰਸਾਲਿਆਂ ਦਾ ਜਨਮ ਹੋਇਆ, ਜਿਨ੍ਹਾਂ ਨੇ ਅੱਗੇ ਚਲ ਕੇ ਦੇਸ਼ ਦੀ ਆਜ਼ਾਦੀ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ।

ਸੰਨ 1907 ਵਿਚ ਪੰਜਾਬ ਵਿਚ ਇਕ ਜ਼ਬਰਦਸਤ ਅੰਦੋਲਨ ਨੇ ਜਨਮ ਲਿਆ, ਜਿਸ ਨੂੰ ਕਿਸਾਨ ਅੰਦੋਲਨ ਦਾ ਨਾਮ ਦਿੱਤਾ ਗਿਆ ਹੈ। ਇਸ ਦੇ ਸੰਚਾਲਕ ਦੇਸ਼ਭਗਤ ਸ੍ਰ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਸਨ। ਇਹ ਅੰਦੋਲਨ ਅੰਗਰੇਜ਼ ਸਰਕਾਰ ਵਲੋਂ ਪਾਸ ਕੀਤੇ ਗਏ ਨਹਿਰੀ ਆਬਾਦੀ ਬਾਰੇ ਇਕ ਕਾਨੂੰਨ ਅਤੇ ਜ਼ਮੀਨਾਂ ਉੱਪਰ ਵਧਾਏ ਗਏ ਮਾਲੀਏ ਦੇ ਵਿਰੋਧ ਵਿਚ ਸੀ। ਇਨ੍ਹਾਂ ਦੋਹਾਂ ਨੇਤਾਵਾਂ ਨੇ ਥਾਂ-ਥਾਂ ਤੇ ਜਲਸੇ ਕਰਕੇ ਕਿਸਾਨਾਂ ਨੂੰ ਆਪਣੇ ਹੱਕਾਂ ਲਈ ਲੜਨ ਤੇ ਕੁਰਬਾਨੀਆਂ ਕਰਨ ਲਈ ਤਿਆਰ ਕੀਤਾ। ਸ੍ਰ. ਅਜੀਤ ਸਿੰਘ, ਸੂਫੀ ਅੰਬਾ ਪ੍ਰਸ਼ਾਦ ਅਤੇ ਆਰਾ ਹੈਦਰ ਨੇ ਅੰਜੁਮਨੇ ਮੁਹਿਬਾਨ-ਏ-ਵਤਨ ਨਾਂ ਦੀ ਇਕ ਸਭਾ ਬਣਾ ਕੇ ਇਨ੍ਹਾਂ ਕਾਨੂੰਨਾਂ ਵਿਰੁੱਧ ਇਕ ਜ਼ੋਰਦਾਰ ਐਜੀਟੇਸ਼ਨ ਸ਼ੁਰੂ ਕਰ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਲਾਇਲਪੁਰ ਦੇ ਇਕ ਜਲਸੇ ਵਿਚ ਲਾਲਾ ਬਾਂਕੇ ਦਿਆਲ, ਐਡੀਟਰ 'ਝੰਗ ਸਿਆਲ' ਨੇ ਆਪਣੀ ਉਹ ਪ੍ਰਸਿੱਧ ਕਵਿਤਾ ਪੜ੍ਹੀ, ਜਿਸ ਦੀ ਗੂੰਜ ਪੰਜਾਬ ਤੇ ਪਿੰਡ-ਪਿੰਡ ਤੇ ਘਰ-ਘਰ ਵਿਚ ਸੁਣਾਈ ਦੇਣ ਲਗ ਪਈ :

ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਉਏ,

ਫਰੰਗੀ ਨੇ ਲੁੱਟ ਖੜਿਆ ਤੇਰਾ, ਧਨ ਮਾਲ ਉਏ।
ਫ਼ਸਲਾਂ ਨੂੰ ਖਾ ਗਏ ਕੀੜੇ,
ਤਨ ਤੇ ਨਹੀਂ ਤੇਰੇ ਲੀੜੇ,
ਭੁੱਖਾਂ ਨੇ ਖੂਬ ਨਚੋੜੇ, ਰੋਂਦੇ ਨੇ ਬਾਲ।
ਉਏ, ਪਗੜੀ ਸੰਭਾਲ...
ਹਿੰਦ ਹੈ ਤੇਰਾ ਮੰਦਰ,
ਇਸ ਦਾ ਪੁਜਾਰੀ ਤੂੰ,
ਝਲੇਂਗਾ ਕਦੋਂ ਤਕ,
ਆਪਣੀ ਖੁਆਰੀ ਤੂੰ,
ਲੜਨੇ ਤੇ ਮਰਨੇ ਦੀ ਹੁਣ,
ਕਰ ਲੈ ਤਿਆਰੀ ਤੂੰ,
ਹੋ ਕੇ ਇਕੱਠੇ ਵੀਰੋ, ਮਾਰੋ ਲਲਕਾਰ ਉਏ,
ਪਗੜੀ ਸੰਭਾਲ...।

ਸਰਕਾਰ ਨੇ ਇਸ ਲਹਿਰ ਦੇ ਵਧ ਰਹੇ ਵੇਗ ਤੇ ਉਸ ਤੋਂ ਪੈਦਾ ਹੋਣ ਵਾਲੇ ਖ਼ਤਰਿਆਂ ਨੂੰ ਮੁੱਖ ਰੱਖ ਕੇ ਸ੍. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੂੰ ਗ੍ਰਿਫ਼ਤਾਰ ਕਰਕੇ ਮਾਂਡਲੇ ਜੇਲ੍ਹ ਵਿਚ ਭੇਜ ਦਿੱਤਾ। ਕਿਸਾਨਾਂ ਨੂੰ ਖ਼ੁਸ਼ ਕਰਨ ਲਈ ਪਾਸ ਕੀਤਾ ਗਿਆ ਨਹਿਰੀ ਆਬਾਦੀ ਕਾਨੂੰਨ ਵਾਪਸ ਲੈ ਲਿਆ ਗਿਆ ਤੇ ਜ਼ਮੀਨ ਉੱਪਰ ਵਧਾਏ ਗਏ ਮਾਲੀਏ ਦੀ ਦਰ ਘਟਾ ਦਿੱਤੀ ਗਈ।

ਜਿਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਕਿਸਾਨ ਅੰਦੋਲਨ ਚਲ ਰਿਹਾ ਸੀ, ਉਨ੍ਹਾਂ ਦਿਨਾਂ ਵਿਚ ਹੀ ਅੰਮ੍ਰਿਤਸਰ ਦੇ ਇਕ ਨੌਜਵਾਨ ਵਿਦਿਆਰਥੀ ਮਦਨ ਲਾਲ ਢੀਂਗਰਾ ਨੇ, ਜਿਹੜਾ ਕਿ ਲੰਡਨ ਵਿਚ ਵਿਦਿਆ ਪ੍ਰਾਪਤੀ ਲਈ ਗਿਆ ਹੋਇਆ ਸੀ, ਸਰ ਵਿਲੀਅਮ ਕਰਜ਼ਨ ਵਿਲੀ ਨੂੰ ਗੋਲੀ ਮਾਰ ਕੇ ਪਾਰ ਬੁਲਾ ਦਿੱਤਾ। ਇਹ ਅਫ਼ਸਰ ਭਾਰਤੀ ਨੌਜਵਾਨਾਂ ਵਿਚ ਫੁੱਟ ਪਾਉਣ ਤੇ ਹਿੰਦੁਸਤਾਨ ਵਿਰੁੱਧ ਘਟੀਆ ਪ੍ਰਚਾਰ ਕਰਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਇਆ ਕਰਦਾ ਸੀ। ਵਿਲੀ ਦੇ ਕਤਲ ਦੇ ਕੇਸ ਵਿਚ ਮਦਨ ਲਾਲ ਨੂੰ 16 ਅਗਸਤ 1909 ਈ. ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਉਸ ਨੇ ਆਪਣੇ ਇਕ ਬਿਆਨ ਵਿਚ ਕਿਹਾ ਸੀ :

"ਮੇਰਾ ਨਿਸਚਾ ਹੈ ਜਿਸ ਕੌਮ ਨੂੰ ਵਿਦੇਸ਼ੀ ਸੰਗੀਨਾਂ ਨਾਲ ਦਬਾ ਕੇ ਰੱਖਿਆ ਜਾਏ, ਉਹ ਸਦੀਵੀ ਜੰਗ ਦੀ ਅਵਸਥਾ ਵਿਚ ਹੁੰਦੀ ਹੈ-ਤੇ ਸਾਡੀ ਜੰਗ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਕਿ ਸਾਡਾ ਦੇਸ਼ ਆਜ਼ਾਦ ਨਹੀਂ ਹੋ ਜਾਂਦਾ।"

ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਕੇਂਦਰੀ ਪੰਜਾਬ ਦੇ ਹਜ਼ਾਰਾਂ ਨੌਜਵਾਨ ਰੋਜ਼ੀ ਕਮਾਉਣ ਦੀ ਖਾਤਰ ਅਮਰੀਕਾ ਤੇ ਕੈਨੇਡਾ ਆਦਿ ਦੇਸ਼ਾਂ ਵਿਚ ਜਾ ਕੇ ਵੱਸ ਗਏ ਸਨ। ਸੰਨ 1912 ਤਕ ਇਨ੍ਹਾਂ ਦੀ ਗਿਣਤੀ 20,000 ਤਕ ਪਹੁੰਚ ਗਈ ਸੀ। ਬਾਹਰਲੇ ਦੇਸ਼ਾਂ

ਵਿਚ ਭਾਰਤੀਆਂ ਨਾਲ ਹੁੰਦੇ ਮਾੜੇ ਸਲੂਕ ਅਤੇ ਆਜ਼ਾਦ ਕੌਮਾਂ ਦੀ ਖੁਸ਼ਹਾਲੀ ਵੇਖ ਕੇ ਇਨ੍ਹਾਂ ਦੇ ਮਨ ਵਿਚ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਇੱਛਾ ਨੇ ਸੰਨ 1913 ਵਿਚ ਇਕ ਸ਼ਕਤੀਸ਼ਾਲੀ ਲਹਿਰ ਨੂੰ ਜਨਮ ਦਿੱਤਾ, ਜਿਸ ਨੂੰ ਅਸੀਂ 'ਗ਼ਦਰ ਲਹਿਰ' ਦੇ ਨਾਂ ਨਾਲ ਯਾਦ ਕਰਦੇ ਹਾਂ। ਇਸ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਅਤੇ ਸਕੱਤਰ ਲਾਲਾ ਹਰਦਿਆਲ ਸਨ। ਜਿਨ੍ਹਾਂ ਨੇ 'ਗ਼ਦਰ' ਨਾਂ ਦਾ ਇਕ ਹਫਤਾਵਾਰੀ ਪਰਚਾ ਵੀ ਕੱਢਣਾ ਸ਼ੁਰੂ ਕੀਤਾ, ਜਿਹੜਾ ਪੰਜਾਬੀ ਤੋਂ ਛੁੱਟ ਉਰਦੂ ਅਤੇ ਗੁਜਰਾਤੀ ਵਿਚ ਵੀ ਛਪਿਆ ਕਰਦਾ ਸੀ। 'ਗ਼ਦਰ' ਦੇ ਪੰਜਾਬੀ ਐਡੀਸ਼ਨ ਦਾ ਸੰਪਾਦਕ ਕਰਤਾਰ ਸਿੰਘ ਸਰਾਭਾ ਸੀ। ਇਸ ਪਰਚੇ ਵਿਚ ਅਕਸਰ ਬੜੀਆਂ ਜੋਸ਼ੀਲੀਆਂ ਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਕਵਿਤਾਵਾਂ ਛਪਿਆ ਕਰਦੀਆਂ ਸਨ। 'ਗ਼ਦਰ ਲਹਿਰ' ਦਾ ਆਸ਼ਾ ਹਿੰਦੁਸਤਾਨ ਵਿਚ ਹਥਿਆਰਬੰਦ ਕ੍ਰਾਂਤੀ ਲਿਆ ਕੇ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਸੀ। 'ਗ਼ਦਰ' ਪਰਚੇ ਵਿਚ ਛਪਣ ਵਾਲੀਆਂ ਕਵਿਤਾਵਾਂ ਦੀਆਂ ਕੁਝ ਪੰਕਤੀਆਂ ਹਨ:

ਸ਼ੇਰਾਂ ਵਾਲਾ ਰੂਪ ਧਾਰ ਗੱਜੀਏ ਮੈਦਾਨ ਵਿਚ,
ਕੱਢੀਏ ਬੁਖਾਰ ਮਾਰ ਬਾਂਦਰਾਂ ਦੀ
ਗੋਰਿਆਂ ਦਾ ਖੁਰਾ ਖੋਜ
ਕਢਾਂਗੇ ਮਿਆਨ ਵਿਚੋਂ ਜਦੋਂ ਤਲਵਾਰ ਨੂੰ।

ਕੁਰਬਾਨੀ ਤੇ ਸ਼ਹੀਦੀ ਦੀ ਪ੍ਰੇਰਣਾ ਦੇਣ ਲਈ 'ਗ਼ਦਰ' ਅਖ਼ਬਾਰ ਵਿਚ ਆਮ ਤੌਰ ਤੇ ਇਹ ਇਸ਼ਤਿਹਾਰ ਛਪਿਆ ਕਰਦਾ ਸੀ,

"ਲੋੜ ਹੈ ਲੋੜ ਹੈ-ਹਿੰਦੁਸਤਾਨ ਵਿਚ ਗ਼ਦਰ ਮਚਾਉਣ ਵਾਲੇ ਜੁਸ਼ੀਲੇ ਤੇ ਸੂਰਬੀਰ ਜਵਾਨਾਂ ਦੀ :

ਤਨਖਾਹ – ਮੌਤ
ਇਨਾਮ – ਸ਼ਹੀਦੀ
ਪੈਨਸ਼ਨ – ਆਜ਼ਾਦੀ
ਮੈਦਾਨ ਜੰਗ – ਹਿੰਦੁਸਤਾਨ

'ਗ਼ਦਰ ਲਹਿਰ' ਦੇ ਅਸਰ ਥੱਲੇ ਬਹੁਤ ਸਾਰੇ ਪੰਜਾਬੀ, ਜਿਨ੍ਹਾਂ ਵਿਚ ਵਧੇਰੇ ਸਿੱਖ ਨੌਜਵਾਨ ਸਨ, ਭਾਰਤ ਪਰਤਣੇ ਸ਼ੁਰੂ ਹੋ ਗਏ। ਸਭ ਤੋਂ ਵੱਧ ਗ਼ਦਰੀ ਤੋਸਾ ਮਾਰੂ ਜਹਾਜ਼ ਰਾਹੀਂ 29 ਅਕਤੂਬਰ 1914 ਈ. ਨੂੰ ਭਾਰਤ ਪਹੁੰਚੇ ਸਨ। ਇਨ੍ਹਾਂ ਨੇ ਬੰਗਾਲ ਦੇ ਕ੍ਰਾਂਤੀਕਾਰੀ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ 21 ਫਰਵਰੀ 1915 ਈ. ਨੂੰ ਦੇਸ਼ ਵਿਚ ਗ਼ਦਰ ਮਚਾਉਣ ਦਾ ਫੈਸਲਾ ਕਰ ਲਿਆ। ਅੰਮ੍ਰਿਤਸਰ ਤੇ ਲਾਹੌਰ ਵਿਚ ਬੰਬ ਬਣਾਉਣ ਦੀਆਂ ਫੈਕਟਰੀਆਂ ਕਾਇਮ ਕਰ ਲਈਆਂ। ਭਾਰਤੀ ਫੌਜ ਵਿਚ ਆਪਣੇ ਬੰਦੇ ਭਰਤੀ ਕਰਾ ਕੇ ਫੌਜੀਆਂ ਨੂੰ ਅੰਗਰੇਜ਼ਾਂ ਵਿਰੁੱਧ ਗ਼ਦਰ ਲਹਿਰ ਮਚਾਉਣ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਜਿਵੇਂ ਕਿ ਅਕਸਰ ਹੋਇਆ ਕਰਦਾ ਹੈ, ਗ਼ੱਦਾਰ ਲੋਕ ਜਿੱਤੀਆਂ ਹੋਈਆਂ ਬਾਜ਼ੀਆਂ ਵੀ ਹਰਵਾ ਦਿੰਦੇ ਹਨ। ਇਸ ਲਹਿਰ ਨਾਲ ਵੀ ਕੁਝ ਇਸ

ਤੁਰ੍ਹਾਂ ਦਾ ਦੁਖਾਂਤ ਵਾਪਰਿਆ। ਇਨ੍ਹਾਂ ਦੇ ਆਪਣੇ ਹੀ ਇਕ ਮੈਂਬਰ ਨੇ ਸਾਰੇ ਪ੍ਰੋਗਰਾਮ ਦੀ ਸੂਚਨਾ ਅੰਗਰੇਜ਼ ਹਕੂਮਤ ਨੂੰ ਦੇ ਦਿੱਤੀ। ਇਸ ਤੋਂ ਪਹਿਲਾਂ ਕਿ ਗ਼ਦਰ ਲਹਿਰ ਆਪਣੇ ਮੰਤਵ ਵਿਚ ਸਫਲ ਹੋ ਸਕਦੀ, ਗ਼ਦਰ ਨੌਜਵਾਨਾਂ ਦੀ ਫੜਾ-ਫੜੀ ਸ਼ੁਰੂ ਹੋ ਗਈ ਅਤੇ ਬਹੁਤਿਆਂ ਨੂੰ ਝੂਠੇ ਮੁਕਾਬਲਿਆਂ ਵਿਚ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। 47 ਤੋਂ ਵੱਧ ਗ਼ਦਰੀਆਂ ਨੂੰ ਫ਼ਾਂਸੀ 'ਤੇ ਲਟਕਾ ਦਿੱਤਾ ਗਿਆ, ਜਿਨ੍ਹਾਂ ਵਿਚ ਨੌਜਵਾਨ ਕਰਤਾਰ ਸਿੰਘ ਸਰਾਭਾ ਵੀ ਸੀ। 306 ਨੂੰ ਕਾਲੇਪਾਣੀ ਦੀ ਸਜ਼ਾ ਸੁਣਾਈ ਗਈ। 77 ਤੋਂ ਵੱਧ ਗ਼ਦਰੀਆਂ ਤੇ ਜੁਰਮਾਨੇ ਕਰਕੇ ਉਨ੍ਹਾਂ ਦੀ ਜ਼ਮੀਨ ਜਾਇਦਾਦ ਜ਼ਬਤ ਕਰ ਲਈ ਗਈ। 400 ਇਨਕਲਾਬੀਆਂ ਨੂੰ ਵੱਖੋ-ਵੱਖਰੀ ਮਿਆਦ ਦੀਆਂ ਸ਼ਜਾਵਾਂ ਦੇ ਕੇ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ ਤੇ 2500 ਤੋਂ ਵੱਧ ਗ਼ਦਰੀ ਪਿੰਡਾਂ ਵਿਚ ਹੀ ਨਜ਼ਰਬੰਦ ਕਰ ਦਿੱਤੇ ਗਏ।

ਕਾਮਾਗਾਟਾ ਮਾਰੂ ਜਹਾਜ਼ ਦਾ ਦੁਖਾਂਤ ਵੀ ਇਸੇ ਲਹਿਰ ਦਾ ਇਕ ਹਿੱਸਾ ਸੀ। ਬੇਸ਼ਕ ਇਹ ਅੰਦੋਲਨ ਸਫ਼ਲ ਨਾ ਹੋ ਸਕਿਆ ਪਰ ਇਸ ਨੇ ਮਗਰੋਂ ਚੱਲਣ ਵਾਲੀਆਂ ਸਾਰੀਆਂ ਲਹਿਰਾਂ 'ਤੇ ਬੜਾ ਡੂੰਘਾ ਅਸਰ ਪਾਇਆ।

ਸੰਨ 1919 ਵਿਚ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੇ ਸਾਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ। ਰੋਲੇਟ ਐਕਟ ਤੇ ਮਾਰਸ਼ਲ ਲਾਅ ਵਰਗੀਆਂ ਸਖ਼ਤੀਆਂ ਨੇ ਦੇਸ਼ਵਾਸੀਆਂ ਦੇ ਮਨ 'ਚੋਂ ਅੰਗਰੇਜ਼ੀ ਹਕੂਮਤ ਪ੍ਰਤੀ ਬਣੇ ਹੋਏ ਵਿਸ਼ਵਾਸ ਨੂੰ ਖਤਮ ਕਰ ਦਿੱਤਾ।

ਸੰਨ 1920-21 'ਚ ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਹੋਇਆ। ਬੇਸ਼ਕ ਇਸ ਲਹਿਰ ਦਾ ਮੁੱਖ ਮੰਤਵ ਗੁਰਦੁਆਰਿਆਂ ਨੂੰ ਦੁਰਾਚਾਰੀ ਮਹੰਤਾਂ ਤੇ ਅੰਗਰੇਜ਼ੀ ਏਜੰਟਾਂ ਦੀ ਲੁੱਟ ਖਸੁੱਟ ਤੋਂ ਮੁਕਤ ਕਰਾ ਕੇ ਇਨ੍ਹਾਂ ਦਾ ਪ੍ਰਬੰਧ ਪੰਥ ਦੀ ਨੁਮਾਇੰਦਾ ਜਮਾਤ ਨੂੰ ਸੌਂਪਣਾ ਸੀ, ਪਰ ਅਜੋਕੀ ਖੋਜ ਤੇ ਉਸ ਸਮੇਂ ਤੇ ਪ੍ਰਾਪਤ ਦਸਤਾਵੇਜ਼ ਇਹ ਜ਼ਾਹਿਰ ਕਰਦੇ ਹਨ ਕਿ ਇਸ ਅੰਦੋਲਨ ਦਾ ਅਸਲ ਨਿਸ਼ਾਨਾ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣਾ ਵੀ ਸੀ। ਇਹ ਲਹਿਰ ਪੂਰਨ ਤੌਰ ਤੇ ਸ਼ਾਂਤਮਈ ਤੇ ਅਹਿੰਸਕ ਸੀ। ਇਸੇ ਕਰਕੇ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਸਤਿਆਗ੍ਰਹੀਆਂ ਉੱਪਰ ਵਰ੍ਹਦੀਆਂ ਲਾਠੀਆਂ ਤੇ ਉਹਨਾਂ ਦੀ ਸ਼ਹੀਦੀ ਨੂੰ ਵੇਖ ਕੇ ਅੰਗਰੇਜ਼ ਪਾਦਰੀ ਸੀ.ਐਫ.ਐਂਡਰਿਊਜ਼ ਨੇ ਲਿਖਿਆ ਸੀ ਕਿ:

"ਮੈਂ ਅੱਜ ਇਥੇ ਇਕ ਨਹੀਂ ਅਨੇਕਾਂ ਈਸਾ ਮਸੀਹ ਸੂਲੀ 'ਤੇ ਚੜ੍ਹਦੇ ਵੇਖੇ ਹਨ।"

ਪੰਡਤ ਨਹਿਰੂ ਖੁਦ ਆਪਣੇ ਕੁਝ ਸਾਥੀਆਂ ਸਮੇਤ ਹਾਲਾਤ ਦਾ ਜਾਇਜ਼ਾ ਲੈਣ ਲਈ ਨਾਭੇ ਪਹੁੰਚੇ-ਜਿੱਥੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੇ ਨਾਭੇ ਦੇ ਮੁਕੱਦਮੇ ਦੌਰਾਨ ਇਕ ਇਤਿਹਾਸਕ ਬਿਆਨ ਦਿੱਤਾ ਜਿਸ ਵਿਚ ਉਨ੍ਹਾਂ ਨੇ ਅਕਾਲੀ ਵਰਕਰਾਂ ਦੀ ਦੇਸ਼ਭਗਤੀ ਤੇ ਉਨ੍ਹਾਂ ਦੁਆਰਾ ਅਪਣਾਏ ਗਏ ਸ਼ਾਂਤਮਈ ਢੰਗ ਦੀ ਰੱਜ ਕੇ ਪ੍ਰਸੰਸਾ ਕੀਤੀ। ਚਾਬੀਆਂ ਦੇ ਮੋਰਚੇ ਦੀ ਸਫ਼ਲਤਾ ਤੋਂ ਬਾਅਦ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਇਕ ਤਾਰ ਰਾਹੀਂ ਵਧਾਈ ਦਿੱਤੀ ਸੀ, ਜਿਸ ਵਿਚ ਉਨ੍ਹਾਂ

ਲਿਖਿਆ ਸੀ:

"ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ ਹੈ-ਵਧਾਈ।"

ਕੁਝ ਨੌਜਵਾਨ ਜਿਨ੍ਹਾਂ ਨੂੰ ਇਹ ਸ਼ਾਂਤਮਈ ਢੰਗ ਪਸੰਦ ਨਹੀਂ ਸੀ, ਉਨ੍ਹਾਂ ਇਕ ਨਵੀਂ ਜੱਥੇਬੰਦੀ ਨੂੰ ਜਨਮ ਦਿੱਤਾ, ਜਿਸ ਦਾ ਨਾਮ 'ਬੱਬਰ ਅਕਾਲੀ ਲਹਿਰ' ਰੱਖਿਆ ਗਿਆ। ਇਸ ਲਹਿਰ ਦੇ ਪ੍ਰਮੁੱਖ ਨੇਤਾ ਮਾਸਟਰ ਮੋਤਾ ਸਿੰਘ ਤੇ ਸ੍ਰ. ਕਿਸ਼ਨ ਸਿੰਘ ਗੜਗਜ ਸਨ। ਇਨ੍ਹਾਂ ਦਾ ਨਿਸ਼ਾਨਾ ਸਰਕਾਰੀ ਏਜੰਟਾਂ ਤੇ ਮੁਖ਼ਬਰਾਂ ਨੂੰ ਸੋਧਣਾ ਤੇ ਦੇਸ਼ ਵਿਚ ਅੰਗਰੇਜ਼ੀ ਰਾਜ ਵਿਰੁੱਧ ਚੇਤਨਤਾ ਪੈਦਾ ਕਰਨਾ ਸੀ। ਇਨ੍ਹਾਂ ਨੇ 'ਬੱਬਰ ਅਕਾਲੀ ਦੁਆਬਾ' ਨਾਂ ਦਾ ਇਕ ਪਰਚਾ ਵੀ ਜਾਰੀ ਕੀਤਾ-ਪਰ ਇਨ੍ਹਾਂ ਦੀਆਂ ਹਿੰਸਕ ਕਾਰਵਾਈਆਂ ਤੋਂ ਘਬਰਾ ਕੇ ਅੰਗਰੇਜ਼ ਹਕੂਮਤ ਨੇ ਬੱਬਰਾਂ ਵਿਚੋਂ 5 ਨੂੰ ਮੌਤ ਦੀ ਸਜ਼ਾ ਦਿੱਤੀ ਗਈ, 11 ਨੂੰ ਉਮਰ ਕੈਦ ਤੇ 38 ਨੂੰ ਵੱਖੋ-ਵੱਖਰੀਆਂ ਸਜ਼ਾਵਾਂ ਸੁਣਾ ਕੇ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ।

ਸੰਨ 1920 ਦੇ ਦਹਾਕੇ ਵਿਚ ਦੇਸ਼ ਵਿਚ ਸਮਾਜਵਾਦੀ ਵਿਚਾਰਧਾਰਾ ਨੇ ਜ਼ੋਰ ਪਕੜਨਾ ਸ਼ੁਰੂ ਕੀਤਾ। ਇਸ ਦਾ ਅਸਰ ਪੰਜਾਬ 'ਤੇ ਵੀ ਹੋਇਆ। ਸੰਨ 1927 ਵਿਚ ਸ੍ਰ. ਸੰਤੋਖ ਸਿੰਘ ਤੇ ਅਬਦੁਲ ਮਜੀਦ ਨੇ 'ਕਿਰਤੀ ਕਿਸਾਨ ਪਾਰਟੀ' ਦੀ ਸਥਾਪਨਾ ਕੀਤੀ। ਇਸ ਜੱਥੇਬੰਦੀ ਦੇ ਆਦਰਸ਼ਾਂ ਨੂੰ ਪ੍ਰਚਾਰਨ ਲਈ 'ਕਿਰਤੀ' ਨਾਂ ਦਾ ਪਰਚਾ ਕੱਢਿਆ ਗਿਆ।

ਸੰਨ 1926 ਵਿਚ ਸ੍ਰ. ਭਗਤ ਸਿੰਘ ਨੇ 'ਨੌਜੁਆਨ ਭਾਰਤ ਸਭਾ' ਦੀ ਨੀਂਹ ਰੱਖੀ। ਸੰਨ 1928 ਵਿਚ ਸਾਈਮਨ ਕਮਿਸ਼ਨ ਦੇ ਵਿਰੋਧ ਵਿਚ ਜੋ ਜਲੂਸ ਕੱਢਿਆ ਗਿਆ, ਉਸ ਨਾਲ ਲਾਲਾ ਲਾਜਪਤ ਰਾਏ ਲਾਠੀਆਂ ਦੀ ਮਾਰ ਕਾਰਨ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ ਤੇ 17 ਨਵੰਬਰ 1928 ਈ. ਨੂੰ ਉਹ ਚਲਾਣਾ ਕਰ ਗਏ। ਸ੍ਰ ਭਗਤ ਸਿੰਘ ਸਿੰਘ ਉਨ੍ਹਾਂ ਦੇ ਸਾਥੀਆਂ-ਰਾਜਗੁਰੂ, ਯਸ਼ਪਾਲ ਤੇ ਚੰਦਰ ਸ਼ੇਖਰ ਆਜ਼ਾਦ ਨੇ ਪੰਜਾਬ ਪੁਲਿਸ ਦੇ ਇਕ ਵੱਡੇ ਅਫ਼ਸਰ ਸਾਂਡਰਸ ਦਾ ਖ਼ੂਨ ਕਰਕ ਲਾਲਾ ਜੀ ਦੀ ਮੌਤ ਦਾ ਬਦਲਾ ਲੈ ਲਿਆ। ਸੰਨ 1929 ਵਿਚ ਸ੍ਰ. ਭਗਤ ਸਿੰਘ ਤੇ ਬੁਟੇਕਸ਼ਵਰ ਦੱਤ ਨੇ ਅਸੈਂਬਲੀ ਵਿਚ ਬੰਬ ਸੁੱਟਿਆ ਤੇ ਗ੍ਰਿਫਤਾਰ ਹੋ ਕੇ ਮੁਕੱਦਮੇ ਦੇ ਦੌਰਾਨ ਬੋਲਦਿਆਂ ਦੇਸ਼ ਦੀ ਆਜ਼ਾਦੀ ਦੇ ਪੱਖ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ।

23 ਮਾਰਚ 1931 ਈ. ਨੂੰ ਸ੍ਰ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਾਂਡਰਸ ਦੇ ਕਤਲ ਦੇ ਦੋਸ਼ ਵਿਚ ਫਾਂਸੀ ਦੇ ਦਿੱਤੀ ਗਈ।

ਮਹਾਤਮਾ ਗਾਂਧੀ ਨੇ ਇਕ ਥਾਂ ਲਿਖਿਆ ਹੈ-

ਕਿ ਜਿਤਨਾ ਭਗਤ ਸਿੰਘ ਨੇ ਨੌਜਵਾਨ ਪਨੀਰੀ ਨੂੰ ਪ੍ਰਭਾਵਿਤ ਕੀਤਾ ਹੈ, ਇਤਨਾ ਸ਼ਾਇਦ ਕਿਸੇ ਹੋਰ ਨੇ ਨਹੀਂ ਕੀਤਾ।

ਸੰਨ 1928 ਵਿਚ ਦੇਸੀ ਰਾਜਿਆਂ ਦੇ ਜ਼ੁਲਮ ਨੂੰ ਉਨ੍ਹਾਂ ਦੀਆਂ ਵਧੀਕੀਆਂ ਵਿਰੁੱਧ 'ਪੰਜਾਬ ਪ੍ਰਜਾ ਮੰਡਲ' ਦਾ ਗਠਨ ਕੀਤਾ ਗਿਆ। ਇਸ ਦੇ ਪ੍ਰਮੁੱਖ ਨੇਤਾ ਸ੍ਰ.

ਸੇਵਾ ਸਿੰਘ ਠੀਕਰੀਵਾਲਾ ਸਨ, ਜਿਹੜੇ ਪਟਿਆਲਾ ਰਾਜ ਪੁਲਿਸ ਦੀਆਂ ਸਖ਼ਤੀਆਂ ਦਾ ਸ਼ਿਕਾਰ ਹੋ ਕੇ ਸੰਨ 1935 ਵਿਚ ਅਕਾਲ ਚਲਾਣਾ ਕਰ ਗਏ।

ਸੰਨ 1929 ਵਿਚ ਲਾਹੌਰ ਵਿਖੇ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਲਾਨਾ ਅਜਲਾਸ ਵਿਚ ਬੋਲਦਿਆਂ ਪੰਡਤ ਨਹਿਰੂ ਨੇ ਪੂਰਨ ਸਵਰਾਜ ਦਾ ਨਾਅਰਾ ਲਾਇਆ ਤੇ ਉਸ ਮਗਰੋਂ ਦੇਸ਼ ਦਾ ਰਾਜਸੀ ਅੰਦੋਲਨ ਆਪਣੀ ਮੰਜ਼ਿਲ ਵੱਲ ਤੇਜ਼ੀ ਨਾਲ ਵਧਣਾ ਸ਼ੁਰੂ ਹੋ ਗਿਆ।

ਸੰਨ 1941-42 ਵਿਚ ਜਨਰਲ ਮੋਹਨ ਸਿੰਘ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਦੇਸ਼ ਤੋਂ ਬਾਹਰ ਜਾ ਕੇ ਆਈ.ਐਨ.ਏ. ਦਾ ਗਠਨ ਕੀਤਾ। ਇਨ੍ਹਾਂ ਦਾ ਆਸ਼ਾ ਬਰਮਾ ਵਾਲੇ ਪਾਸਿਓਂ ਹਮਲਾ ਕਰਕੇ ਅੰਗਰੇਜ਼ਾਂ ਨੂੰ ਦਸ਼ 'ਚੋਂ ਬਾਹਰ ਕੱਢਣਾ ਸੀ। ਬੇਸ਼ਕ ਇਹ ਕੋਸਿਸ਼ ਤਾਂ ਸਫ਼ਲ ਨਾ ਹੋ ਸਕੀ ਪਰ ਕੇਵਲ ਪੰਜ ਵਰ੍ਹਿਆਂ ਬਾਅਦ ਦੇਸ਼ ਇਕ ਲੰਬੀ ਲੜਾਈ ਮਗਰੋਂ 15 ਅਗਸਤ 1947 ਈ. ਨੂੰ ਆਜ਼ਾਦ ਹੋ ਗਿਆ।

ਇਸ ਆਜ਼ਾਦੀ ਦੀ ਸਭ ਤੋਂ ਵੱਡੀ ਕੀਮਤ ਵੀ ਪੰਜਾਬ ਨੂੰ ਹੀ ਚੁਕਾਉਣੀ ਪਈ, ਜਦੋਂ ਉਨ੍ਹਾਂ ਨੂੰ ਆਪਣੇ ਘਰ-ਘਾਟ ਤੇ ਪਵਿੱਤਰ ਧਰਮ ਅਸਥਾਨ, ਮੰਦਰ ਤੇ ਗੁਰਦੁਆਰੇ ਛੱਡ ਕੇ ਸ਼ਰਨਾਰਥੀ ਬਣ ਕੇ ਆਜ਼ਾਦ ਭਾਰਤ ਵਿਚ ਆਉਣਾ ਪਿਆ। ਇਹ ਆਜ਼ਾਦੀ ਅਸੀਂ ਬੜਾ ਮੁੱਲ ਦੇ ਕੇ ਲਈ ਹੈ। ਇਸ ਆਜ਼ਾਦੀ ਲਈ ਪੰਜਾਬ ਵੱਲੋਂ ਪਾਏ ਗਏ ਯੋਗਦਾਨ ਨੂੰ ਕਿਸੇ ਤਰ੍ਹਾਂ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਸ਼ਹੀਦ ਸਰਾਭਾ ਵਿਰੁੱਧ ਅਦਾਲਤੀ ਫੈਸਲਾ

- ਖੋਜ ਤੇ ਆਲੇਖ: ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ

ਕਰਤਾਰ ਸਿੰਘ ਪੁੱਤਰ ਮੰਗਲ ਸਿੰਘ ਜੱਟ, ਪਿੰਡ ਸਰਾਭਾ, ਥਾਣਾ ਰਾਏਕੋਟ, ਜ਼ਿਲ੍ਹਾ-ਲੁਧਿਆਣਾ।

ਇਹ ਮੁਲਜ਼ਮ, ਜਿਸ ਨੇ ਆਪਣੇ ਖਿਲਾਫ਼ ਆਇਦ ਦੋਸ਼ਾਂ ਨੂੰ ਗ਼ਲਤ ਕਿਹਾ (ਪੰਨਾ-545), ਨੇ ਆਪਣੀ ਉਮਰ 18.5 ਸਾਲ ਦੱਸੀ; ਪਰ ਉਹ ਨਿਸ਼ਚੇ ਹੀ ਇਸ ਤੋਂ ਵੱਧ ਉਮਰ ਦਾ ਸੀ। ਸ਼ਾਇਦ 20 ਸਾਲ ਤੋਂ ਵੱਧ ਦਾ। ਉਸ ਦੀ ਉਮਰ ਦੇ ਬਾਵਜੂਦ ਉਹ 61 ਦੋਸ਼ੀਆਂ ਵਿਚੋਂ ਸਭ ਤੋਂ ਵਧੇਰੇ ਅਹਿਮ ਸੀ; ਅਤੇ ਉਸ ਦੀ ਮਿਸਲ ਸਭ ਤੋਂ ਮੋਟੀ ਸੀ। ਵਿਵਾਰਕ ਤੌਰ 'ਤੇ ਅਮਰੀਕਾ, ਸਫਰ ਦੌਰਾਨ ਅਤੇ ਭਾਰਤ ਵਿਚ ਸਾਜ਼ਿਸ਼ ਦਾ ਕੋਈ ਵੀ ਅਜਿਹਾ ਹਿੱਸਾ ਨਹੀਂ ਸੀ ਜਿਸ ਵਿਚ ਇਸ ਮੁਲਜ਼ਮ ਨੇ ਕੋਈ ਭੂਮਿਕਾ ਨਾ ਨਿਭਾਈ ਹੋਵੇ। ਪੂਰੀ ਸੁਣਵਾਈ ਦੌਰਾਨ ਉਹ ਸਰਕਾਰੀ ਵਕੀਲ ਦੇ ਸਵਾਲਾਂ ਨੂੰ ਸੁਣਨ ਤੋਂ ਜਾਂ (ਇਕ ਜਾਂ ਦੋ ਸਵਾਲਾਂ ਨੂੰ ਛੱਡ ਕੇ) ਜ਼ਿਰ੍ਹਾ ਕਰਨ ਤੋਂ ਵੀ ਇਨਕਾਰੀ ਰਿਹਾ; ਭਾਵੇਂ ਉਸ ਨੇ ਦੋ ਲੰਬੇ ਬਿਆਨ ਦਿੱਤੇ (ਪੰਨੇ 443 ਅਤੇ 480)। ਉਸ ਨੇ 23 ਜਨਵਰੀ ਦੀ ਸਾਹਨੇਵਾਲ ਡਕੈਤੀ ਵਿਚ ਸ਼ਾਮਿਲ ਹੋਣਾ ਮੰਨਿਆ (ਜਿਸ ਦੌਰਾਨ ਖੁਸ਼ੀ ਰਾਮ ਦਾ ਕਤਲ ਹੋ ਗਿਆ ਸੀ ਸ਼ਹੀਦ ਸਰਾਭਾ ਵਿਰੁੱਧ ਅਦਾਲਤੀ ਫੈਸਲਾ) ਅਤੇ ਉਸ ਨੇ ਅਮਰੀਕਾ ਵਿਚ ਹਰਦਿਆਲ ਨਾਲ ਸਬੰਧ ਹੋਣਾ ਅਤੇ ਸਾਨਫਰਾਂਸਿਸਕੋ ਵਿਚ 'ਗ਼ਦਰ ਪ੍ਰੈੱਸ' ਵਿਚ ਆਪਣੀ ਪੁਜੀਸ਼ਨ ਹੋਣ ਬਾਰੇ ਮੰਨਿਆ।

ਉਸ ਦੇ ਖਿਲਾਫ਼ ਗਵਾਹੀਆਂ ਬੜੀਆਂ ਹੀ ਜ਼ਿਆਦਾ ਹਨ, ਪਰ ਉਸ ਨੂੰ ਇਨਸਾਫ਼ ਮਿਲੇ ਇਸ ਖਾਤਰ ਸਾਨੂੰ ਇਨ੍ਹਾਂ ਦੀਂ ਚਰਚਾ ਵਿਸਥਾਰ ਵਿਚ ਕਰਨੀ ਚਾਹੀਦੀ ਹੈ।

ਉਸ ਦੇ ਬਿਆਨ ਮੁਤਾਬਕ ਉਹ 'ਨਿੱਪਨ ਮਾਰੂ' ਜਹਾਜ਼ ਰਾਹੀਂ ਅਮਰੀਕਾ ਤੋਂ ਤੁਰਿਆ ਅਤੇ 15 ਜਾਂ 16 ਸਤੰਬਰ ਨੂੰ ਕਿਸੇ ਹੋਰ ਜਹਾਜ਼ ਰਾਹੀਂ ਹਾਂਗਕਾਂਗ ਤੋਂ ਕੋਲੰਬੋ ਪੁੱਜਾ, ਜਿਸ ਬਾਰੇ (ਉਸ ਦਾ ਕਹਿਣਾ ਹੈ) ਕਿ ਉਸ ਜਹਾਜ਼ ਦਾ ਨਾਂ ਚੇਤੇ ਨਹੀਂ।

ਉਸ ਦੇ ਖ਼ਿਲਾਫ਼ ਛੇ ਵਾਦਾਮਾਫ਼ ਗਵਾਹ ਇੱਛਰ ਸਿੰਘ, ਪੁਲੀਸ ਦਾ ਜਾਸੂਸ ਅਤੇ 24 ਹੋਰ ਗਵਾਹ ਹਨ। ਸ਼ਨਾਖਤੀ ਪ੍ਰੇਡ ਵੇਲੇ ਵਾਦਾਮਾਫ਼ ਗਵਾਹ ਨਵਾਬ ਖਾਂ ਹਾਜ਼ਰ ਨਹੀਂ ਸੀ; ਪਰ 18 ਅਪ੍ਰੈਲ ਦੀ ਸ਼ਨਾਖਤੀ ਪ੍ਰੇਡ ਵਿਚ ਮੁਲਜ਼ਮ ਦੀ ਸ਼ਨਾਖਤ ਅਮਰ ਸਿੰਘ, ਮੂਲਾ ਸਿੰਘ ਤੇ ਸੁਚਾ ਸਿੰਘ ਨੇ ਕਰ ਲਈ ਸੀ।

ਸ਼ਨਾਖਤੀ ਪ੍ਰੇਡ ਦੌਰਾਨ ਹੀ ਉਸ ਦੀ ਸ਼ਨਾਖ਼ਤ, ਗਵਾਹ ਇੱਛਰ ਸਿੰਘ ਅਤੇ ਸਰਕਾਰੀ ਗਵਾਹ 36, 43 ਅਤੇ 283 ਨੇ, ਅਦਾਲਤ ਵਿਚ, ਉਕਤ ਸਾਰੇ ਬੰਦਿਆਂ ਨੇ, ਵਾਦਾਮਾਫ਼ ਗਵਾਹ ਨਵਾਬ ਖਾਨ, ਅਤੇ ਸਰਕਾਰੀ ਗਵਾਹ 44, 61, 62, 63, 75, 223 ਅਤੇ ਵਿਦਿਆਰਥੀਆਂ ਨੇ, ਜਿਨ੍ਹਾਂ ਨੇ ਉਸ ਦਾ ਨਾਂ ਵੀ ਦੱਸਿਆ, ਉਹ ਸਰਕਾਰੀ ਗਵਾਹ 227, 228, 230, 231 ਸਨ। ਸਰਕਾਰੀ ਗਵਾਹ 74 ਨੇ (ਆਪਣੀ ਗਵਾਹੀ ਦੇ ਬਾਵਜੂਦ ਵੀ) ਅਸਲ ਵਿਚ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਅਦਾਲਤ ਵਿਚ ਮੁਲਜ਼ਮ ਨੂੰ ਪਛਾਣ ਨਹੀਂ ਸਕਿਆ।

ਇਕਬਾਲੀ ਗਵਾਹ ਅਮਰ ਸਿੰਘ ਨੇ ਕਿਹਾ ਕਿ ਨਵੰਬਰ 1913 ਵਿਚ ਮੁਲਜ਼ਮ 'ਗ਼ਦਰ ਪ੍ਰੈੱਸ' ਦੇ ਅਮਲੇ ਵਿਚ ਸੀ, ਜਿਥੇ ਇਕਬਾਲੀ ਗਵਾਹ ਖ਼ੁਦ ਵੀ ਕੰਮ ਕਰਦਾ ਸੀ ਅਤੇ ਅਮਰ ਸਿੰਘ ਦੀ ਕਹਾਣੀ ਇਸ ਤਰ੍ਹਾਂ ਚੱਲਦੀ ਹੈ :

ਮੁਲਜ਼ਮ ਲਾਢੂਵਾਲ ਮੀਟਿੰਗ ਅਤੇ ਮੋਗਾ ਮੀਟਿੰਗ ਵਿਚ ਸ਼ਾਮਲ ਹੁੰਦਾ ਹੈ, ਜਿੱਥੇ ਉਹ ਮਦਦ ਕਰਨ ਲਈ ਤਿਆਰ ਹੋਣ ਵਾਸਤੇ ਮੁਲਜ਼ਮ ਗੁੱਜਰ ਸਿੰਘ ਦਾ ਨਾਂ ਲੈਂਦਾ ਹੈ ਅਤੇ ਇਸ ਨੁਕਤੇ ਤੇ ਨਵਾਬ ਖਾਨ ਦੀ ਤਾਈਦ ਕਰਦਾ ਹੈ। ਉਹ ਸੁਝਾਓ ਦਿੰਦਾ ਹੈ ਕਿ ਹਥਿਆਰ ਖਰੀਦਣ ਲਈ ਪੈਸਾ ਇਕੱਠਾ ਕਰਨ ਵਾਸਤੇ ਡਾਕੇ ਮਾਰੇ ਜਾਣ ਅਤੇ ਉਹ 12 ਨਵੰਬਰ ਦੀ ਫਗਵਾੜਾ ਮੀਟਿੰਗ ਬਾਰੇ ਜਗਤ ਰਾਮ ਦਾ ਸੰਦੇਸ਼ ਵੀ ਦਿੰਦਾ ਹੈ। ਫੇਰ ਉਹ ਲਾਹੌਰ ਮੁੜਦਾ ਹੈ ਜਿੱਥੇ ਉਹ ਨਕਲੀ ਨਾਂ ਨਾਲ 'ਹਿੰਦੂ ਹੋਟਲ' ਵਿਚ ਰਹਿੰਦਾ ਹੈ ਸ਼ਾਇਦ ਨੌਰੰਗ ਸਿੰਘ ਦੇ ਨਾਂ ਨਾਲ। ਉਹ ਹਥਿਆਰਾਂ ਲਈ ਕਲਕੱਤੇ ਜਾਂਦਾ ਹੈ। ਉਹ ਗਵਾਹ ਨੂੰ ਲਾਹੌਰ ਵਿਖੇ ਦੱਸਦਾ ਹੈ ਕਿ ਜਗਤ ਰਾਮ ਹਥਿਆਰ ਲੈਣ ਪੇਸ਼ਾਵਰ ਗਿਆ ਹੋਇਆ ਹੈ ਅਤੇ ਸਲਾਹ ਦਿੰਦਾ ਹੈ ਕਿ ਲਾਹੌਰ ਦਾ ਅਸਲਾਖਾਨਾ ਲੁੱਟਿਆ ਜਾਵੇ। ਮੋਗਾ ਮੀਟਿੰਗ ਵਿਚ ਉਹ ਆਪਣੀ ਯੋਜਨਾ ਨੂੰ ਸਿਰੇ ਲਾਉਣ ਲਈ ਇੰਤਜਾਮਾਂ ਦੀ ਤਫਸੀਲ ਦਿੰਦਾ ਹੈ ਅਤੇ ਬੱਦੋਵਾਲ, ਮੁੱਲਾਂਪੁਰ ਮੀਟਿੰਗ ਵਿਚ ਫੈਸਲਾ ਕੀਤਾ ਜਾਂਦਾ ਹੈ ਕਿ ਲਾਹੌਰ ਛਾਉਣੀ ਵਿਚ ਬੰਦੇ ਇਕੱਠੇ ਕੀਤੇ ਜਾਣ ਅਤੇ ਇਸੇ ਮੁਲਜ਼ਮ ਨੂੰ ਟੈਲੀਗ੍ਰਾਫ ਦੀਆਂ ਤਾਰਾਂ ਕੱਟਣ ਲਈ ਔਜ਼ਾਰ ਲਿਆਉਣ ਵਾਸਤੇ ਕਿਹਾ ਜਾਂਦਾ ਹੈ।

ਇਸ ਤੋਂ ਬਾਦ ਉਹ ਲਾਹੌਰ ਵਿਚ ਗਵਾਹ ਨੂੰ ਲਾਹੌਰ ਛਾਉਣੀ ਦੀ ਯੋਜਨਾ ਅਸਫਲ ਹੋਣ ਬਾਰੇ ਦੱਸਦਾ ਹੈ ਕਿਉਂਕਿ ਉੱਥੇ ਫੌਜੀਆਂ ਦੀ ਬਦਲੀ ਹੋ ਗਈ ਸੀ; ਅਤੇ ਉਹ ਲਾਹੌਰ ਛਾਉਣੀ ਭੇਜਿਆ ਜਾਂਦਾ ਹੈ ਕਿ ਜੋ ਬੰਦੇ ਉੱਥੇ ਇਕੱਠੇ ਹੋਏ ਹੋਣ ਉਨ੍ਹਾਂ ਨੂੰ ਵਾਪਿਸ ਲੈ ਆਂਦਾ ਜਾਵੇ। ਉਹ ਗਵਾਹ ਨੂੰ ਨਵੰਬਰ ਦੇ ਅਖੀਰ ਵਿਚ ਮਿਲਦਾ ਹੈ ਅਤੇ, 30 ਨਵੰਬਰ ਦੇ ਗੇੜ ਵਿਚ ਗਵਾਹ ਉਸ ਨੂੰ ਜਲੰਧਰ ਸ਼ਹਿਰ ਦੇ ਪਲੇਟਫਾਰਮ ਤੇ ਮਿਲਦਾ ਹੈ ਜਿੱਥੇ ਉਸ ਨਾਲ ਇਕ ਬੰਗਾਲੀ ਵੀ ਸੀ। ਉੱਥੇ ਬਾਗ ਵਿਚ ਬੰਗਾਲੀ ਨਾਲ ਹਥਿਆਰਾਂ, ਬੰਬਾਂ ਤੇ ਪੈਸੇ ਬਾਰੇ ਗੱਲ ਹੁੰਦੀ ਹੈ, ਅਤੇ ਬੰਗਾਲੀ ਮੁਲਜ਼ਮ ਨੂੰ ਇਕ ਰਿਵਾਲਵਰ ਤੇ ਕੁਝ ਕਾਰਤੂਸ ਦਿੰਦਾ ਹੈ। ਇਕਬਾਲੀ ਗਵਾਹ ਮੁਲਜ਼ਮ ਨਾਲ ਇਕ ਹੋਰ ਵਾਰ ਮੀਟਿੰਗ ਬਾਰੇ ਦੱਸਦਾ ਹੈ ਅਤੇ ਨਾਲ ਹੀ ਉਸ ਨਾਲ ਮੁਲਜ਼ਮ ਨਿਧਾਨ ਸਿੰਘ ਅਤੇ ਪਿੰਗਲੇ ਸਮੇਤ

ਕਪੂਰਥਲਾ ਦੀ ਮੀਟਿੰਗ ਬਾਰੇ ਦੱਸਦਾ ਹੈ ਜਿਸ ਵਿਚ ਪਿੰਗਲੇ ਕਹਿੰਦਾ ਹੈ ਕਿ 'ਬੰਗਾਲੀ ਪਾਰਟੀ' ਦਾ ਇਕ ਬੰਗਾਲੀ ਉਨ੍ਹਾਂ ਨਾਲ ਸਹਿਯੋਗ ਕਰੇਗਾ। ਮੁਲਜ਼ਮ ਉਨਾਂ ਨੂੰ ਦੱਸਦਾ ਹੈ (ਪੰਨਾ 69) ਕਿ ਇਕਬਾਲੀ ਗਵਾਹ ਮੂਲਾ ਸਿੰਘ ਅਮਰੀਕਾ ਤੋਂ ਆ ਗਿਆ ਹੈ ਅਤੇ ਫੈਸਲਾ ਹੁੰਦਾ ਹੈ ਕਿ ਮੂਲਾ ਸਿੰਘ ਨੂੰ ਮਿਲਿਆ ਜਾਵੇ (ਜਿਸ ਦਾ ਪਤਾ ਮੁਲਜ਼ਮ ਨੇ ਮਾਰਫਤ ਮੁਲਜ਼ਮ ਹਰਦਿੱਤ ਸਿੰਘ ਅਤੇ ਨੌਰੰਗ ਸਿੰਘ ਦਿੱਤਾ) ਅਤੇ ਇਨਕਲਾਬ ਦੇ ਇੰਤਜ਼ਾਮਾਂ ਬਾਰੇ ਦੱਸਿਆ। ਫੇਰ ਮੁਲਜ਼ਮ ਉੱਥੋਂ ਮੁਲਜ਼ਮ ਪਰਮਾਨੰਦ (ਦੂਜਾ) ਨਾਲ ਜਲੰਧਰ ਨੂੰ ਚਲਾ ਜਾਂਦਾ ਹੈ ਅਤੇ ਕਰੀਬ ਦਸੰਬਰ ਦੇ ਅਖੀਰ ਵੇਲੇ ਅੰਮ੍ਰਿਤਸਰ ਵਿਚ ਇਕ ਮੀਟਿੰਗ ਵਿਚ ਸ਼ਾਮਲ ਹੁੰਦਾ ਹੈ ਜਿੱਥੇ ਮਥਰਾ ਸਿੰਘ (ਭਗੌੜਾ) ਨਾਲ ਮੁਲਾਕਾਤ ਹੁੰਦੀ ਹੈ : ਅਤੇ 'ਬੰਗਾਲੀ ਪਾਰਟੀ' ਜਾਇਨ ਕਰਨ ਦਾ ਫੈਸਲਾ ਕੀਤਾ ਜਾਂਦਾ ਹੈ। ਜਨਵਰੀ ਦੇ ਮੱਧ ਵਿਚ ਮੁਲਜ਼ਮ ਬਾਬਾ ਅਟਲ ਹਾਊਸ, ਅੰਮ੍ਰਿਤਸਰ ਵਿਚ ਇਕ ਮੀਟਿੰਗ ਵਿਚ ਸ਼ਾਮਲ ਹੁੰਦਾ ਹੈ ਜਿੱਥੇ ਮੁਲਜ਼ਮਾਨ ਰਾਸ ਬਿਹਾਰੀ, ਪਿੰਗਲੇ, ਮਥਰਾ ਸਿੰਘ, ਰੌਆ, ਇਹ ਇਕਬਾਲੀ ਗਵਾਹ ਅਤੇ 'ਕੈਮਿਸਟ' ਵੀ ਹਾਜ਼ਰ ਸਨ, ਅਤੇ ਰਾਸ ਬਿਹਾਰੀ ਸਲਾਹ ਦਿੰਦਾ ਹੈ ਕਿ ਲਾਹੌਰ ਵਿਚ ਇਕ ਘਰ ਕਿਰਾਏ ਤੇ ਲੈ ਲਿਆ ਜਾਵੇ (ਜਿਸ ਦਾ ਪ੍ਰਬੰਧ ਕਰਨ ਲਈ ਇਸ ਇਕਬਾਲੀ ਗਵਾਹ ਅਤੇ ਮੁਲਜ਼ਮ ਰਾਮ ਸਰਨ ਦਾਸ ਨੂੰ ਭੇਜਿਆ ਗਿਆ) ਇਸ ਗਵਾਹ ਅਨੁਸਾਰ ਬਾਦ ਵਿਚ ਮੁਲਜ਼ਮ ਉਸ ਨੂੰ ਲਾਹੌਰ ਵਿਚ ਇਕ ਵਿਦਿਆਰਥੀ ਧਨਰਾਜ ਕੋਲ ਕੁਝ ਕੈਮਿਕਲ ਲੈਣ ਭੇਜਦਾ ਹੈ ਤਾਂ ਕਿ ਕੇਦਾਰ ਨਾਥ ਦਾ ਥਹੁ-ਪਤਾ ਕੱਢਿਆ ਜਾ ਸਕੇ। ਗਵਾਹ ਮੁਲਜ਼ਮ ਨੂੰ 'ਰਾਘੋ ਫਾਊਂਡਰੀ' ਦੇ ਮਾਲਕ ਬਾਰੇ ਆਪਣੇ ਸ਼ੱਕ ਨੂੰ ਦੱਸਦਾ ਹੈ ਅਤੇ ਪੇਸ਼ਕਸ਼ ਕਰਦਾ ਹੈ ਕਿ ਪੈਸੇ ਦਾ ਪ੍ਰਬੰਧ ਡਾਕੇ ਮਾਰਕੇ ਕੀਤਾ ਜਾਵੇ। ਉਹ ਹੋਰ ਸਾਜ਼ਿਸ਼ੀਆਂ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੁੰਦਾ ਹੈ ਅਤੇ ਡਾਕੇ ਦੀ ਕਾਰਵਾਈ ਲਈ ਭਗੌੜੇ ਰਾਮ ਰੱਖਾ ਤੇ ਹੋਰਨਾਂ ਨਾਲ ਲੁਧਿਆਣੇ ਨੂੰ ਚਲਾ ਜਾਂਦਾ ਹੈ ਅਤੇ ਹਿਰਦਾ ਰਾਮ ਵਲੋਂ ਬਣਾਏ ਬੰਬ ਵੀ ਨਾਲ ਲੈ ਜਾਂਦਾ ਹੈ। 28 ਜਨਵਰੀ ਦੇ ਗੇੜ ਵਿਚ ਉਹ ਗਹਿਣੇ ਲੈ ਕੇ (ਜੋ ਸਾਹਨੇਵਾਲ ਤੇ ਮਨਸੂਰਾਂ ਡਾਕਿਆਂ ਵਿਚ ਲੁੱਟੇ ਸਨ) ਅੰਮ੍ਰਿਤਸਰ ਮੁੜਦਾ ਹੈ ਜੋ ਪੰਘਰਾਉਣ ਲਈ ਮੂਲਾ ਸਿੰਘ ਇਕਬਾਲੀ ਗਵਾਹ ਨੂੰ ਦੇ ਦਿੱਤੇ ਜਾਂਦੇ ਹਨ।

ਉਹ ਮੁਲਜ਼ਮ ਕਿਰਪਾਲ ਸਿੰਘ ਵਿਦਿਆਰਥੀ ਦੀ ਮੁਲਾਕਾਤ ਆਪਣੇ ਵਿਚੋਂ ਇਕ ਦੱਸ ਕੇ ਕਰਵਾਉਂਦਾ ਹੈ। 15 ਫਰਵਰੀ ਨੂੰ ਅਸੀਂ ਉਸ ਨੂੰ ਰਾਸ ਬਿਹਾਰੀ, ਪਿੰਗਲੇ ਅਤੇ ਹੋਰਨਾਂ ਨਾਲ ਮਕਾਨ ਨੰ:2 ਲਾਹੌਰ ਵਿਚ ਮਿਲੇ ਜਿੱਥੇ ਉਹ 'ਗ਼ਦਰ ਦੀ ਗੂੰਜ' ਬਾਰੇ ਲਿਖਣ ਵਿਚ ਰੁੱਝੇ ਹੋਏ ਸਨ (ਜਾਸੂਸ ਦੇ ਬਿਆਨ ਨਾਲ ਮੇਲੋ) ਅਤੇ ਉਸੇ ਸ਼ਾਮ ਨੂੰ ਉਹ ਝੰਡਿਆਂ ਲਈ ਰੰਗਦਾਰ ਕੱਪੜੇ ਲਿਆਉਂਦਾ ਹੈ। 16 ਫਰਵਰੀ ਨੂੰ ਉਹ ਸਾਜ਼ਿਸ਼ੀਆਂ ਦੀ ਇਕ ਮੀਟਿੰਗ ਵਿਚ ਮਕਾਨ ਨੰ:1 ਵਿਚ ਸ਼ਾਮਲ ਹੁੰਦਾ ਹੈ, 16 ਫਰਵਰੀ ਦੀ ਸ਼ਾਮ ਉਸ ਨੂੰ ਪਿੰਗਲੇ ਨਾਲ ਲੁਧਿਆਣਾ ਤੇ ਫ਼ਿਰੋਜ਼ਪੁਰ ਭੇਜਿਆ ਜਾਂਦਾ ਹੈ ਅਤੇ ਉਸ ਦੇ ਹੱਥ ਝੰਡੇ ਅਤੇ 'ਗ਼ਦਰ ਦੀ ਗੂੰਜ' ਦੀਆਂ ਕਾਪੀਆਂ ਭੇਜੀਆਂ ਜਾਂਦੀਆਂ ਹਨ ਤਾਂ ਕਿ ਬੰਦੇ ਇਕੱਠੇ

ਕੀਤੇ ਜਾਣ ਤੇ ਫੌਜਾਂ ਨੂੰ ਭੁੱਖਣਾ ਦੇ ਕੇ ਨਾਲ ਮਿਲਾਇਆ ਜਾਵੇ, ਅਤੇ ਉਹ ਇਕ ਪੁਲਿਸ ਜਾਸੂਸ ਤੇ ਸ਼ੱਕ ਪੈਣ ਕਾਰਨ 18 ਨੂੰ ਮੁੜ ਆਉਂਦਾ ਹੈ ਅਤੇ ਗ਼ਦਰ ਦੀ ਤਰੀਕ 21 ਤੋਂ 19 ਕਰਨ ਦਾ ਸੁਝਾਓ ਦਿੰਦਾ ਹੈ ਅਤੇ ਇਸ ਮੁਤਾਬਕ ਉਸ ਦੇ ਹੱਥ ਝੰਡੇ, ਗ਼ਦਰ ਸੰਦੇਸ਼ ਦੀਆਂ ਕਾਪੀਆਂ, ਫਾਈਲਾਂ ਅਤੇ ਪਲਾਇਰਜ਼ ਦੇ ਕੇ ਉਸ ਨੂੰ ਫ਼ਿਰੋਜ਼ਪੁਰ ਭੇਜਿਆ ਜਾਂਦਾ ਹੈ (ਸਰਕਾਰੀ ਗਵਾਹ 385 ਦੀ ਗਵਾਹੀ ਨਾਲ ਮੇਲੋ)।

ਅਸੀਂ ਕਿਹਾ ਹੈ ਕਿ ਜਿਰ੍ਹਾ ਵਿਚ ਇਕ ਵੀ ਸਵਾਲ ਨਹੀਂ ਪੁੱਛਿਆ ਗਿਆ; ਅਤੇ ਅਮਰ ਸਿੰਘ ਨੇ ਇਸ ਤਰ੍ਹਾਂ ਦਾ ਵਿਸਤ੍ਰਿਤ ਬਿਆਨ ਕਿੱਥੋਂ ਲੱਭ ਲੈਣਾ ਸੀ? ਜਿਵੇਂ ਅਸੀਂ ਚੱਲਾਂਗੇ ਇਸ ਗੁਨਾਹ ਨੂੰ ਸਾਬਿਤ ਕਰਨ ਵਾਲੇ ਸਬੂਤ ਸਪਸ਼ਟ ਹੁੰਦੇ ਜਾਣਗੇ।

ਇਕਬਾਲੀ ਗਵਾਹ ਮੂਲਾ ਸਿੰਘ, ਜਿਸ ਦਾ ਕਹਿਣਾ ਹੈ ਕਿ ਮੁਲਜ਼ਮ 'ਗ਼ਦਰ ਪ੍ਰੈੱਸ' ਦੇ ਅਮਲੇ ਵਿਚ ਸੀ, ਦੱਸਦਾ ਹੈ ਕਿ ਦਸੰਬਰ ਦੇ ਸ਼ੁਰੂ ਵਿਚ ਉਸ ਨੇ ਮੁਲਜ਼ਮ ਭਾਈ ਪਰਮਾਨੰਦ ਤੋਂ ਮੁਲਜ਼ਮ ਦਾ ਪਤਾ ਜਾਣਨਾ ਚਾਹਿਆ। ਉਸ ਨੂੰ ਮੁਲਜ਼ਮ ਜਗਤ ਸਿੰਘ ਸੁਰ ਸਿੰਘ ਵਾਲਾ, ਤੋਂ ਪਤਾ ਲੱਗਾ ਕਿ ਇਹ ਮੁਲਜ਼ਮ ਅਤੇ ਨਿਧਾਨ ਸਿੰਘ ਕਪੂਰਥਲਾ ਗਏ ਹੋਏ ਹਨ ਅਤੇ ਬਾਅਦ ਵਿਚ ਦਸੰਬਰ ਦੇ ਅਖੀਰ ਵਿਚ ਉਹ ਉਨ੍ਹਾਂ ਨੂੰ ਅੰਮ੍ਰਿਤਸਰ ਵਿਚ ਮਿਲਦਾ ਹੈ ਅਤੇ ਉਸਨੂੰ ਪਿੰਗਲੇ, ਅਮਰ ਸਿੰਘ ਤੇ ਪਰਮਾਨੰਦ (ਦੂਜਾ) ਦੇ ਆਉਣ ਦਾ ਪਤਾ ਲੱਗਦਾ ਹੈ। ਗਵਾਹ ਜ਼ਿਕਰ ਕਰਦਾ ਹੈ ਕਿ ਮੁਲਜ਼ਮ ਧਰਮਸ਼ਾਲਾ ਵਿਚ ਸਾਜ਼ਿਸ਼ੀਆਂ ਦੀ ਇਕ ਮੀਟਿੰਗ ਵਿਚ ਹਾਜ਼ਰ ਸੀ ਅਤੇ ਉਸ ਦੱਸਿਆ ਕਿ ਮੁਲਜ਼ਮ ਨੇ ਸੁਝਾਇਆ ਸੀ ਕਿ ਭਾਈ ਪਰਮਾਨੰਦ ਪੈਸਾ ਦੇ ਸਕਦਾ ਹੈ। ਇਸ ਗਵਾਹ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਮੁਲਜ਼ਮ ਬੰਗਾਲ ਵਿਚੋਂ ਇਸ ਕਰਕੇ ਹਥਿਆਰ ਹਾਸਲ ਨਹੀਂ ਕਰ ਸਕਿਆ ਸੀ ਕਿਉਂਕਿ ਉਸ ਉੱਤੇ ਜਾਸੂਸ ਹੋਣ ਦਾ ਸ਼ੱਕ ਹੋ ਗਿਆ ਸੀ। ਪਰ ਉਸ ਨੇ ਗਵਾਹ ਨੂੰ ਦੱਸਿਆ ਸੀ ਕਿ ਉਸ ਨੇ ਮਾਲਵੇ ਦੇ ਆਪਣੇ ਲੋਕਾਂ ਨੂੰ 2 ਪਿਸਤੌਲ ਲਿਆ ਦਿੱਤੇ ਸਨ। ਮਥਰਾ ਸਿੰਘ ਨੇ ਬੰਬ ਬਣਾਉਣੇ ਸਨ ਅਤੇ ਕਰੀਬ ਦੋ ਕੁ ਦਿਨਾਂ ਬਾਦ ਮੁਲਜ਼ਮ ਨੇ ਗਵਾਹ ਨੂੰ ਦੱਸਿਆ ਕਿ ਮਾਲਵਾ ਖਿੱਤੇ ਦੀ ਡਕੈਤੀ ਵਿਚ 1000 ਰੁਪਏ ਮਿਲੇ ਹਨ ਅਤੇ ਉਨ੍ਹਾਂ ਵਿਚੋਂ 750 ਰੁਪਏ ਉਸ ਨੇ ਆਪਣੇ ਬੰਦਿਆਂ ਨੂੰ ਦੇ ਦਿੱਤੇ ਤਾਂ ਕਿ ਬੀਕਾਨੇਰ ਤੋਂ ਹਥਿਆਰ ਅਤੇ ਜਾਨਵਰ ਖਰੀਦ ਲੈਣ ਅਤੇ ਉਸ ਨੇ ਬਕਾਇਆ 250 ਰੁਪਏ ਗਵਾਹ ਨੂੰ ਦੇ ਦਿੱਤੇ। ਜਿਨ੍ਹਾਂ ਵਿਚ 150 ਰੁਪਏ ਝਬੇਵਾਲ ਵਿਚ ਮਥਰਾ ਸਿੰਘ, ਨਿਧਾਨ ਸਿੰਘ ਅਤੇ ਪਰਮਾਨੰਦ (ਦੂਜਾ) ਨੂੰ ਬੰਬ ਬਣਾਉਣ ਲਈ ਦੇ ਦਿੱਤੇ ਗਏ। ਫੇਰ ਮੁਲਜ਼ਮ ਨੂੰ ਫੌਜੀਆਂ ਨੂੰ ਪੱਕਾ ਕਰਨ ਲਈ ਫਿਰੋਜ਼ਪੁਰ ਭੇਜਿਆ ਜਾਂਦਾ ਹੈ, ਅਤੇ ਉਹ 10 ਜਨਵਰੀ ਨੂੰ ਇਸ ਸੂਚਨਾ ਨਾਲ ਮੁੜਦਾ ਹੈ ਕਿ ਜੇ ਮਿਤੀ ਨਿਸ਼ਚਿਤ ਹੋ ਜਾਂਦੀ ਹੈ ਤਾਂ ਫਿਰੋਜਪੁਰ ਦੇ ਫੌਜੀ ਉਨ੍ਹਾਂ ਦਾ ਸਾਥ ਦੇਣਗੇ। ਤੇ ਫੇਰ ਉਸ ਨੂੰ ਲੁਧਿਆਣੇ ਭੇਜਿਆ ਜਾਂਦਾ ਹੈ। ਫੇਰ ਉਸ ਨੂੰ ਮੁਲਜ਼ਮ ਲਾਲ ਸਿੰਘ ਲਈ ਆਰੀ ਲੈਣ ਵਾਸਤੇ ਲਾਹੌਰ ਭੇਜਿਆ ਜਾਂਦਾ ਹੈ ਅਤੇ 2 ਪਿਸਤੌਲ ਲਿਆਉਣ ਲਈ ਲੁਧਿਆਣੇ, 11 ਜਨਵਰੀ ਦੇ ਗੇੜ ਵਿਚ ਉਹ ਨਾਨਕ ਸਿੰਘ ਦੇ ਚੁਬਾਰੇ ਵਿਚ ਅੰਮ੍ਰਿਤਸਰ ਵਿਖੇ ਗਵਾਹ ਨੂੰ ਮਿਲਦਾ ਹੈ

(ਇਸ ਤਰੀਕ ਅਤੇ ਥਾਂ ਦਾ ਜ਼ਿਕਰ ਫੈਸਲੇ ਵਿਚ ਵਾਰ-ਵਾਰ ਆਉਂਦਾ ਹੈ), ਅਤੇ ਗਵਾਹ ਨੂੰ ਦੱਸਦਾ ਹੈ ਕਿ ਉਹ ਇਕ ਪਿਸਤੌਲ ਤੇ ਕਾਰਤੂਸ ਲੈ ਕੇ ਆਇਆ ਹੈ ਜੋ ਉਹ ਗਵਾਹ ਕੋਲ ਛੱਡ ਜਾਂਦਾ ਹੈ ਅਤੇ ਫੇਰ ਉਹ ਆਪਣੇ ਫੌਜੀ ਹਮਾਇਤੀਆਂ ਨੂੰ ਮਿਲਣ ਲਈ ਫਿਰੋਜ਼ਪੁਰ ਦੀਆਂ ਰਜਮੈਂਟਾਂ ਵਿਚ ਚਲਾ ਜ਼ਾਂਦਾ ਹੈ। ਜਨਵਰੀ ਦੇ ਮੱਧ ਵਿਚ ਉਹ 'ਭਰੋਸੇਯੋਗ ਲੋਕਾਂ' ਦਾ ਵੇਰਵਾ ਲੈ ਕੇ ਵਾਪਸ ਪਰਤਦਾ ਹੈ, ਅਤੇ ਮੁਸੱਤਮ ਅਤਰੀ ਦੇ ਘਰ ਦੀ ਚੋਣ ਨੂੰ ਮਨਜ਼ੂਰੀ ਦੇ ਦਿੰਦਾ ਹੈ। ਫੇਰ ਉਹ ਮੁਲਜ਼ਮ ਹਰਨਾਮ ਸਿੰਘ ਸਿਆਲਕੋਟ, ਬਲਵੰਤ ਸਿੰਘ ਸਠਿਆਲਾ ਅਤੇ ਹੋਰਨਾਂ ਨਾਲ ਲੋਹੀਆਂ ਵਾਲੇ ਪਾਸੇ ਇਕ ਡਕੈਤੀ ਲਈ ਚਲਾ ਜਾਂਦਾ ਹੈ। 15 ਤੋਂ 30 ਜਨਵਰੀ ਦੌਰਾਨ ਉਹ ਵੀ ਉਨ੍ਹਾਂ ਵਿਚੋਂ ਇਕ ਹੁੰਦਾ ਹੈ ਜੋ ਅੰਮ੍ਰਿਤਸਰ ਵਿਚ ਇਸ ਗਵਾਹ ਦੇ ਘਰ ਰਾਸ ਬਿਹਾਰੀ ਨੂੰ ਮਿਲਣ ਆਉਂਦੇ ਹਨ, ਅਤੇ ਫਰਵਰੀ ਦੇ ਸ਼ੁਰੂ ਵਿਚ (ਅਮਰ ਸਿੰਘ ਇਕਬਾਲੀ ਗਵਾਹ ਇਹ ਤਰੀਕ 28 ਜਨਵਰੀ ਦੱਸਦਾ ਹੈ) ਉਹ ਮਨਸੂਰਾਂ ਡਕੈਤੀ ਦੇ ਜ਼ੇਵਰ ਗਵਾਹ ਨੂੰ ਪੰਘਲਾਉਣ ਲਈ ਦਿੰਦਾ ਹੈ ਅਤੇ ਉਦੋਂ ਮੌਕੇ ਤੇ ਹਾਜ਼ਰ ਹੁੰਦਾ ਹੈ ਜਦੋਂ ਬਿਲੇ ਲਾਉਣ ਲਈ ਸੋਨੇ ਦੀਆਂ ਸਲਾਖਾਂ ਅਮਰ ਸਿੰਘ ਨੂੰ ਦਿੱਤੀਆਂ ਜਾਂਦੀਆਂ ਹਨ। ਮਨਸੂਰਾਂ ਡਕੈਤੀ ਤੋਂ ਮੁਲਜ਼ਮ ਕੰਨ ਵਿਚ ਜ਼ਖਮ ਲੈ ਕੇ ਮੁੜਦਾ ਹੈ, ਅਤੇ ਦੱਸਦਾ ਹੈ ਕਿ ਕੁਝ ਸਥਾਨਕ ਲੋਕਾਂ ਅਤੇ ਵਿਦਿਆਰਥੀਆਂ ਨੇ ਵੀ ਇਸ ਵਿਚ ਹਿੱਸਾ ਲਿਆ ਸੀ (ਮੁਲਜ਼ਮ ਕਿਰਪਾਲ ਸਿੰਘ ਇਕ ਵਿਦਿਆਰਥੀ ਹੈ) 30 ਜਨਵਰੀ ਦੇ ਗੇੜ ਵਿਚ ਰਾਸ ਬਿਹਾਰੀ, ਰਾਉ ਭਗੌੜੇ ਨੂੰ ਕਹਿੰਦਾ ਹੈ ਕਿ ਮੁਲਜ਼ਮ ਅਤੇ ਪਿੰਗਲੇ ਨੂੰ ਅਲਾਹਾਬਾਦ ਜਾਂ ਮੇਰਠ ਲੈ ਜਾ ਅਤੇ ਹਮਾਇਤੀਆਂ ਨੂੰ ਮਿਲਾ ਦੇ (ਸਰਕਾਰੀ ਗਵਾਹ 206 ਦੁਆਰਾ) ਅਤੇ ਗਵਾਹ ਮੁਲਜ਼ਮ ਨੂੰ ਖਰਚੇ ਲਈ 200 ਰੁਪਏ ਦਿੰਦਾ ਹੈ। 6 ਫਰਵਰੀ ਦੇ ਗੇੜ ਵਿਚ ਰਾਉ ਵਾਪਸ ਆਉਂਦਾ ਹੈ ਅਤੇ ਦੱਸਦਾ ਹੈ ਕਿ ਉਹ ਮੁਲਜ਼ਮ ਅਤੇ ਪਿੰਗਲੇ ਨੂੰ ਮੇਰਠ ਛੱਡ ਆਇਆ ਹੈ। 12 ਫਰਵਰੀ ਨੂੰ ਮੁਲਜ਼ਮ ਲਾਹੌਰ ਵਿਚ ਰਾਸ ਬਿਹਾਰੀ ਦੇ ਘਰ ਇਕ ਮੀਟਿੰਗ ਵਿਚ ਹਾਜ਼ਰ ਹੁੰਦਾ ਹੈ ਜਦੋਂ ਗ਼ਦਰ ਦੀ ਮਿਤੀ 21 ਫਰਵਰੀ ਨਿਸ਼ਚਿਤ ਕੀਤੀ ਜਾਂਦੀ ਹੈ ਅਤੇ ਫੈਸਲਾ ਕੀਤਾ ਜਾਂਦਾ ਹੈ ਕਿ ਸਾਡਾ ਰਾਸ਼ਟਰੀ ਝੰਡਾ ਵੀ ਹੋਣਾ ਚਾਹੀਦਾ ਹੈ।

ਇਕਬਾਲੀ ਗਵਾਹ ਜਵਾਲਾ ਸਿੰਘ 23 ਨਵੰਬਰ ਨੂੰ ਲਾਹੌਰ ਛਾਉਣੀ ਦੇ ਅਸਲਾਖਾਨੇ ਤੇ ਹਮਲਾ ਕਰਨ ਲਈ ਨਿਧਾਨ ਸਿੰਘ ਉਸ ਨੂੰ ਮੁਲਜ਼ਮ ਦੇ ਨਾਂ ਇਕ ਚਿੱਠੀ ਦਿੰਦਾ ਹੈ, ਪਰ ਇਕੱਠੇ ਹੋਏ ਲੋਕ ਫਿਰੋਜ਼ਪੁਰ ਚਲੇ ਜਾਂਦੇ ਹਨ ਜਿੱਥੇ ਉਨ੍ਹਾਂ ਨੂੰ ਅਗਲੇ ਦਿਨ ਨਿਧਾਨ ਸਿੰਘ ਤੋਂ ਅਸਲਾਖਾਨੇ ਦੀ ਚਾਬੀ ਲੈਣ ਵਿਚ ਅਸਫਲ ਰਹਿਣ ਬਾਰੇ ਪਤਾ ਲੱਗਦਾ ਹੈ ਅਤੇ ਉਹ ਮੁੜ 30 ਨਵੰਬਰ ਨੂੰ ਫਿਰੋਜ਼ਪੁਰ ਛਾਊਣੀ ਵਿਚ ਇਕੱਠੇ ਹੋਣ ਦਾ ਫੈਸਲਾ ਕਰਦੇ ਹਨ।

ਇਕਬਾਲੀ ਗਵਾਹ ਨਵਾਬ ਖਾਨ ਸਾਨੂੰ ਦੱਸਦਾ ਹੈ ਕਿ 1912 ਦੇ ਅੰਤ ਦੇ ਗੇੜ ਵਿਚ ਅਸਟੋਰੀਆ ਵਿਖੇ ਉਸ ਨੇ ਇਸ ਮੁਲਜ਼ਮ ਨੂੰ ਉਸ ਦੀ ਸੋਚ ਕਾਰਨ ਫੜ ਲਿਆ ਸੀ ਪਰ ਸਾਨੂੰ ਇਸ ਗੱਲ ਵਿਚ ਸੱਕ ਲੱਗਾ। ਇਹ ਇਕਬਾਲੀ ਗਵਾਹ ਇਕ ਵਹਿਮੀ

ਬੰਦਾ ਹੈ, ਅਤੇ ਖਿਆਲ ਇਹ ਹੈ ਕਿ ਇਸ ਮੁਲਜ਼ਮ ਨੇ ਇਹ ਸੋਚ ਬੰਗਾਲ ਵਿਚ ਅਪਣਾਈ ਸੀ ਜਿੱਥੇ ਉਹ ਪੜ੍ਹਿਆ ਸੀ। ਮੁਲਜ਼ਮ ਬਾਰੇ ਉਹ ਇਸ ਤਰ੍ਹਾਂ ਦੱਸਦਾ ਹੈ; 1912 ਦੇ ਅੰਤਲੇ ਗੇੜ ਵਿਚ ਮੁਲਜ਼ਮ ਅਸਟੋਰੀਆਂ ਦੀ ਇਕ ਮੀਟਿੰਗ ਵਿਚ ਬੋਲਿਆ ਜਦੋਂ 'ਹਿੰਦੁਸਤਾਨੀ ਐਸੋਸੀਏਸ਼ਨ' ਬਣੀ, ਅਤੇ 1913 ਦੇ ਸ਼ੁਰੂ ਵਿਚ ਉਹ ਕੈਲੀਫੋਰਨੀਆ ਚਲਾ ਗਿਆ। ਮਈ 1912 ਦੀ ਅਸਟੋਰੀਆ ਮੀਟਿੰਗ ਵਿਚ ਹਰਦਿਆਲ ਸੁੱਤਿਆਂ ਨੂੰ ਦੱਸਦਾ ਹੈ ਕਿ ਇਸ ਮੁਲਜ਼ਮ ਅਤੇ ਜਗਤ ਰਾਮ ਨੇ ਵੁਡਲੈਂਡ (ਕੈਲੀਫੋਰਨੀਆ) ਵਿਚ ਇਕ ਸਫਲ ਮੀਟਿੰਗ ਕੀਤੀ ਹੈ ਅਤੇ ਉਹ ਸੈਕਰਾਮੈਂਟੋ ਵਿਚ ਇਕ ਹੋਰ ਵੀ ਵੱਡੀ ਮੀਟਿੰਗ ਕਰਨ ਜਾ ਰਹੇ ਹਨ। ਜਗਤ ਰਾਮ ਵਲੋਂ ਆਯੋਜਿਤ ਕੀਤੀ ਸਟਾੱਕਟਨ ਮੀਟਿੰਗ ਵਿਚ ਮੁਲਜ਼ਮ ਵੀ ਸ਼ਾਮਲ ਹੋਇਆ (ਜਿੱਥੇ ਬਾਇਸਕੋਪ ਨਾਲ ਸੀਨ ਵਿਖਾਏ ਗਏ) ਅਤੇ ਇਕ ਸਪੀਚ ਕੀਤੀ ਹੈ ਅਤੇ ਮੀਟਿੰਗ ਨੂੰ ਹਰਦਿਆਲ ਤੇ ਛੱਡ ਦਿੰਦਾ ਹੈ। ਭਾਰਤ ਵਿਚ ਆਉਣ ਤੇ ਮੁਲਜ਼ਮ ਗਵਾਹ ਨੂੰ ਇਕ ਸੰਦੇਸ਼ ਭੇਜਦਾ ਹੈ ਕਿ ਉਹ ਉਸ ਨੂੰ 8 ਨਵੰਬਰ ਨੂੰ ਜਾਂ ਤਾਂ ਲੁਧਿਆਣਾ ਮਿਲੇ ਜਾਂ 12 ਨੂੰ ਫਗਵਾੜੇ ਦੇ ਨੇੜੇ। (ਅਮਰ ਸਿੰਘ ਅਨੁਸਾਰ) ਉਹ ਅਤੇ ਇਕਬਾਲੀ ਗਵਾਹ ਨੇ 17 ਨਵੰਬਰ ਨੂੰ ਲਾਢੂਵਾਲ ਮਿਲਣਾ ਸੀ ਜਦੋਂ ਮੁਲਜ਼ਮ ਨੂੰ ਮਾਝੇ ਵਿਚ ਇਕ ਤਹਿਸੀਲ ਲੁੱਟਣ ਲਈ ਕਿਹਾ ਗਿਆ, ਅਤੇ ਉਸ ਨੇ ਜਗਤ ਰਾਮ ਨੂੰ 200 ਗੰਡਾਸਿਆਂ ਲਈ ਕੁਝ ਨੋਟ ਦਿੱਤੇ। 19 ਨਵੰਬਰ ਨੂੰ ਮੋਗਾ ਵਿਖੇ ਮੁਲਜ਼ਮ ਇਸ ਗਵਾਹ ਨੂੰ ਦੱਸਦਾ ਹੈ ਕਿ ਮੁਲਜ਼ਮ ਭਾਈ ਪਰਮਾਨੰਦ ਵੀ ਲਾਹੌਰ ਛਾਉਣੀ ਤੇ ਹਮਲੇ ਦੇ ਹੱਕ ਵਿਚ ਹੈ, ਅਤੇ ਉਸ ਨੇ ਇਕ ਸਿੱਖ ਹੌਲਦਾਰ ਦੀ ਮਦਦ ਦਾ ਪ੍ਰਬੰਧ ਕਰ ਲਿਆ ਹੈ, ਅਤੇ ਮੁਲਜ਼ਮ ਗੁਜਰ ਸਿੰਘ ਮਦਦ ਲਈ ਤਿਆਰ ਹੈ (ਮੇਲੋ ਇਹ ਕਿਵੇਂ ਅਮਰ ਸਿੰਘ ਦੇ ਬਿਆਨ ਦੀ ਤਾਈਦ ਕਰਦਾ ਹੈ)। 23 ਨਵੰਬਰ ਨੂੰ ਬੱਦੋਵਾਲ ਮਿਲਣ ਦਾ ਮੁਲਜ਼ਮ ਪ੍ਰਬੰਧ ਕਰਦਾ ਹੈ ਅਤੇ ਲਾਹੌਰ ਮੈਗਜ਼ੀਨ ਤੇ ਹਮਲਾ ਕਰਨ ਦੀ ਯੋਜਨਾ ਤਿਆਰ ਕਰਦਾ ਹੈ। ਰੇਲ ਵਿਚ ਉਹ ਇਕ ਰੰਗਰੂਟ ਪਾਰਟੀ ਨੂੰ ਸੰਬੋਧਨ ਕਰਦਾ ਹੈ। (ਨਵਾਬ ਖਾਨ ਨੇ ਇਹ ਘਟਨਾ ਘੜਨ ਬਾਰੇ ਕਿਉਂ ਸੋਚਣਾ ਸੀ?) ਅਤੇ ਉਹ ਨਿਸ਼ਚਿਤ ਮਿਤੀ ਤੇ ਬੱਦੋਵਾਲ ਸਟੇਸ਼ਨ ਪਹੁੰਚ ਜਾਂਦਾ ਹੈ ਅਤੇ ਮੁਲਜ਼ਮ ਨਿਧਾਨ ਸਿੰਘ ਨੂੰ ਖਰਚੇ ਲਈ ਪੈਸੇ ਦਿੰਦਾ ਹੈ ਅਤੇ ਦੱਸਦਾ ਹੈ ਕਿ ਬਾਗ਼ੀ ਅਜੀਤ ਸਿੰਘ ਦੇ ਭਰਾ ਤੋਂ 1000 ਰਪਏ ਮਿਲੇ ਹਨ ਜਿਨ੍ਹਾਂ ਵਿਚੋਂ 500 ਉਸਨੇ ਜਗਤ ਰਾਮ ਨੂੰ ਦੇ ਦਿੱਤੇ ਹਨ। ਉਹ ਗਵਾਹ ਨੂੰ ਆਪਣੇ ਬੰਦਿਆਂ ਦੇ ਖਰਚੇ ਲਈ 100 ਰੁਪਏ ਦਿੰਦਾ ਹੈ। ਅਤੇ ਕਾਂਸ਼ੀ ਰਾਮ (ਫਿਰੋਜ਼ਪੁਰ ਦੇ ਕਾਤਲ) ਹੱਥੀਂ ਉਹ 25 ਨਵੰਬਰ ਨੂੰ ਲੁਧਿਆਣਾ ਵਿਚ ਇਸ ਇਕਬਾਲੀ ਗਵਾਹ ਨੂੰ ਸੁਨੇਹਾ ਭੇਜਦਾ ਹੈ ਕਿ ਲਾਹੌਰ ਛਾਉਣੀ ਤੇ ਹਮਲੇ ਦੀ ਯੋਜਨਾ ਅੱਗੇ ਪਾ ਦਿੱਤੀ ਗਈ ਹੈ ਅਤੇ 26 ਤਰੀਕ ਨੂੰ ਇਕ ਇਕੱਠ ਕੀਤਾ ਜਾਵੇਗਾ। 2 ਦਸੰਬਰ ਨੂੰ ਗਵਾਹ ਨੂੰ ਸੁਨੇਹਾ ਮਿਲਦਾ ਹੈ ਕਿ ਉਹ ਉਸ ਨੂੰ ਅਗਲੇ ਦਿਨ ਲੁਧਿਆਣਾ ਰੇਲਵੇ ਸਟੇਸ਼ਨ ਤੇ ਮਿਲੇ ਅਤੇ ਉਹ ਉਸ ਨਾਲ ਫਗਵਾੜੇ ਅਤੇ ਨੰਗਲ ਕਲਾਂ ਤੱਕ ਜਾਂਦਾ ਹੈ। ਨੰਗਲ ਕਲਾਂ ਵਿਖੇ 6 ਦਸੰਬਰ ਨੂੰ ਇਹ ਫੈਸਲਾ ਕੀਤਾ ਜਾਂਦਾ ਹੈ ਮੁਲਜ਼ਮ ਆਪਣੇ

ਲੁਧਿਆਣੇ ਦੇ ਬੰਦਿਆਂ ਨੂੰ 10 ਦਸੰਬਰ ਨੂੰ ਫਗਵਾੜੇ ਦੇ ਨੇੜੇ ਲੈ ਆਵੇਗਾ ਅਤੇ ਮੁਲਜ਼ਮ ਅਤੇ ਇਕਬਾਲੀ ਗਵਾਹ (ਜਿਸਨੂੰ ਮੁਲਜ਼ਮ ਨੇ ਇਕ ਗੰਡਾਸੀ ਦਿੱਤੀ ਸੀ) ਉਸ ਤਰੀਕ ਨੂੰ ਉੱਥੇ ਮਿਲਣਗੇ। 11 ਦਸੰਬਰ ਨੂੰ ਬੁੜੋਬਾੜੀਆ ਵਿਖੇ ਮੁਲਜ਼ਮ ਨੇ ਸਲਾਹ ਦਿੱਤੀ ਕਿ ਚਹੇੜੂ ਦੇ ਦੋਨੇ ਪਾਸੇ ਟੈਲੀਗ੍ਰਾਫ ਸੰਚਾਰ ਦੀਆਂ ਲਾਈਨਾਂ ਕੱਟ ਦਿੱਤੀਆਂ ਜਾਣ, ਮਿਲਟਰੀ ਪੁੱਲ ਗਾਰਦ ਤੇ ਹਮਲਾ ਕਰ ਦਿੱਤਾ ਜਾਵੇ। ਉਸ ਨੇ ਭੀਵਾਲ ਦੇ ਇਕ ਧਨੀ ਬ੍ਰਾਹਮਣ ਨੂੰ ਵੀ ਲੁੱਟਣ ਦੀ ਸਲਾਹ ਦਿੱਤੀ (ਜੋ ਸਰਕਾਰ ਦਾ ਹਾਮੀ ਸੀ) ਪਰ ਇਹ ਡਕੈਤੀ ਅਸਫਲ ਹੋ ਜਾਂਦੀ ਹੈ, ਅਤੇ ਫੇਰ 19 ਤਰੀਕ ਨੂੰ ਚਹੇੜੂ ਮਿਲਣ ਦਾ ਫੈਸਲਾ ਹੁੰਦਾ ਹੈ ਤਾਂਕਿ ਪੁਲ ਗਾਰਦ ਤੇ ਹਮਲਾ ਕੀਤਾ ਜਾਵੇ। 14 ਦਸੰਬਰ ਦੇ ਗੇੜ ਵਿਚ ਮੁਲਜ਼ਮ ਅਤੇ ਗਵਾਹ ਜੰਡਿਆਲੇ ਦੇ ਇਕ ਸਰਦਾਰ ਨੂੰ ਮਿਲੇ ਜਿਸ ਦਾ ਸਵਾਗਤ ਮੁਲਜ਼ਮ ਨੇ ਖੱਬੇ ਹੱਥ ਨਾਲ ਕੀਤਾ (ਇਕ ਸੰਕੇਤ ਦੇ ਤੌਰ 'ਤੇ), ਜੋ ਕੁਝ ਪੈਸੇ ਤੇ ਮੁਲਜ਼ਮ ਨੂੰ ਇਕ ਨੀਲੀ ਪਸ਼ਮੀਨੇ ਦੀ ਚਾਦਰ ਵੀ ਦਿੰਦਾ ਹੈ। ਲਾਹੌਰ ਨੂੰ ਜਾਂਦਿਆਂ ਮੁਲਜ਼ਮ ਇਸ ਇਕਬਾਲੀ ਗਵਾਹ ਨੂੰ ਦੱਸਦਾ ਹੈ ਕਿ ਉਸਦੇ ਅਮਰੀਕਾ ਵਿਚ ਹਰਦਿਆਲ ਅਤੇ 'ਗ਼ਦਰ ਪ੍ਰੈੱਸ' ਨਾਲ ਵੀ ਸਬੰਧ ਹਨ, ਕਿ ਕਿਵੇਂ ਉਹ ਜਹਾਜ਼ਰਾਨੀ ਸਿੱਖਣ ਨਿਊਯਾਰਕ ਗਿਆ ਅਤੇ ਕਿਵੇਂ ਉਸਨੇ ਜਹਾਜ਼ ਸਮਾਰਨਾ ਸਿੱਖਿਆ, ਤੇ ਕਿਵੇਂ ਉਹ ਭਾਰਤ ਪਰਤ ਆਇਆ, ਇਕ ਭਾਰਤੀ ਅਰਾਜਕਤਾਵਾਦੀ ਗੁਪਤਾ ਅਤੇ ਇਕ ਅਮਰੀਕੀ ਅਰਾਜਕਤਾਵਾਦੀ ਜੈਕ ਨਾਲ। ਅਤੇ ਕੋਬੇ ਵਿਖੇ ਕਾਮਾਗਾਟਾ ਮਾਰੂ ਜਹਾਜ਼ ਤੇ ਗੁਰਦਿੱਤ ਸਿੰਘ ਨੂੰ ਮਿਲਿਆ। ਇਸ ਇਕਬਾਲੀ ਗਵਾਹ ਅਨੁਸਾਰ ਮੁਲਜ਼ਮ ਨੇ ਇਸੇ ਵੇਲੇ ਉਸ ਨੂੰ ਇਹ ਵੀ ਦੱਸਿਆ ਕਿ ਮੁਲਜ਼ਮ ਭਾਈ ਪਰਮਾਨੰਦ ਨੇ ਇਕ ਰਿਵਾਲਵਰ ਵੀ ਦਿੱਤਾ ਸੀ, ਅਤੇ ਇਕ ਬੰਗਾਲੀ ਤੋਂ ਹਥਿਆਰ ਲੈਣ ਲਈ ਇਕ ਚਿੱਠੀ ਅਤੇ 2000 ਰੁਪਏ ਦੇ ਕੇ ਉਸ ਨੂੰ ਕਲਕੱਤੇ ਭੇਜਿਆ ਸੀ, ਪਰ ਇਹ ਉਸ ਨੂੰ ਮਿਲ ਨਾ ਸਕੇ। ਇਸ ਕਰਕੇ ਉਸਨੇ ਇਹ ਪੈਸੇ ਭਾਈ ਪਰਮਾਨੰਦ ਨੂੰ ਮੋੜ ਦਿੱਤੇ ਅਤੇ ਦੱਸਿਆ ਕਿ ਬੰਗਾਲ ਪਾਰਟੀ ਕਪੂਰਥਲਾ ਪਾਰਟੀ ਨਾਲ ਸਖ਼ਤੀ ਨਾਲ ਪੇਸ਼ ਆਈ। ਫੇਰ ਇਕ ਵਾਰੀ ਭਾਈ ਪਰਮਾਨੰਦ ਨੇ ਉਸਨੂੰ ਬਾਗ਼ੀ ਅਜੀਤ ਸਿੰਘ ਦੇ ਭਰਾ ਕਿਸ਼ਨ ਸਿੰਘ ਕੋਲ ਭੇਜਿਆ ਸੀ ਜਿਸ ਨੇ 1000 ਰੁਪਏ ਦਿੱਤੇ ਸਨ ਜਿਸ ਵਿਚ ਭਾਈ ਪਰਮਾਨੰਦ ਨੇ ਪੇਸ਼ਾਵਰ ਤੋਂ ਹਥਿਆਰ ਖਰੀਦਣ ਲਈ ਮੁਲਜ਼ਮ ਜਗਤ ਸਿੰਘ ਨੂੰ 500 ਰੁਪਏ ਦਿੱਤੇ ਸੀ। ਇਨ੍ਹਾਂ 500 ਰੁਪਿਆਂ ਬਾਰੇ ਗਵਾਹਾਂ ਦੇ ਦਿਮਾਗ ਵਿਚ ਕੁਝ ਦੁਚਿੱਤੀ ਜਾਪਦੀ ਹੈ, ਪਰ ਇਹ ਨਹੀਂ ਪਤਾ ਲੱਗਦਾ ਕਿ ਇਸ ਵਿਚ ਅਸਲੋਂ ਕੋਈ ਘਾਟ ਹੈ, (ਜ਼ਿਰ੍ਹਾ ਦਾ ਪੰਨਾ 136 ਤੇ 144) 17 ਦਸੰਬਰ ਨੂੰ ਮੁਲਜ਼ਮ ਗਵਾਹ ਨੂੰ ਕੁੱਪ ਰੇਲਵੇ ਸਟੇਸ਼ਨ ਤੇ ਮੌਜੂਦ ਰਹਿਣ ਲਈ ਕਹਿੰਦਾ ਹੈ ਅਤੇ 19 ਨੂੰ ਮਿਲਟਰੀ ਪੁੱਲ ਗਾਰਦ ਤੇ ਕਈ ਹਮਲਿਆਂ ਦੀ ਯੋਜਨਾ ਬਣਾਉਂਦਾ ਹੈ ਅਤੇ ਖੁੱਦ ਉਹ ਅਮਰ ਸਿੰਘ ਅਤੇ ਹੋਰਨਾਂ ਨਾਲ ਬਈਂ ਸਰਫਡ ਗਾਰਦ ਤੇ ਹਮਲਾ ਕਰਨ ਬਾਰੇ ਦੱਸਦਾ ਹੈ। ਇਕਬਾਲੀ ਗਵਾਹ ਇਹ ਕਹਿ ਕੇ ਖ਼ਤਮ ਕਰਦਾ ਹੈ ਕਿ 18 ਫਰਵਰੀ ਦੀ ਆਪਣੀ ਗੱਲਬਾਤ ਵਿਚ ਮੁਲਜ਼ਮ ਨੰਦ ਸਿੰਘ ਨੇ ਦੱਸਿਆ ਕਿ ਇਹ ਮੁਲਜ਼ਮ ਮਨਸੂਰਾਂ

ਅਤੇ ਚੱਬਾ ਡਾਕਿਆਂ ਵਿਚ ਸ਼ਾਮਲ ਸੀ। ਨੰਦ ਸਿੰਘ ਖੁਦ ਇਨ੍ਹਾਂ ਵਿਚੋਂ ਕਿਸੇ ਡਾਕੇ ਵੇਲੇ ਨਹੀਂ ਸੀ ਅਤੇ ਹੋ ਸਕਦਾ ਹੈ ਕਿ ਅਧੂਰੀ ਜਾਣਕਾਰੀ ਨਾਲ ਗੱਲ ਕਰ ਰਿਹਾ ਹੋਵੇ ਕਿਉਂਕਿ ਭਾਵੇਂ ਮੁਲਜ਼ਮ ਨੇ ਮਨਸੂਰਾਂ ਅਤੇ ਸਾਹਨੇਵਾਲ ਡਕੈਤੀਆਂ ਵਿਚ ਜ਼ਰੂਰ ਹਿੱਸਾ ਲਿਆ ਪਰ ਉਹ ਚੱਬਾ ਡਕੈਤੀ ਵਿਚ ਸਪੱਸ਼ਟ ਸ਼ਾਮਲ ਨਹੀਂ ਸੀ।

ਸਰਕਾਰੀ ਗਵਾਹ 198 ਗਵਾਹ ਇੱਛਰ ਸਿੰਘ ਨੇ ਸਿਰਫ਼ ਇਹ ਕਿਹਾ ਕਿ ਸਾਹਨੇਵਾਲ ਅਤੇ ਮਨਸੂਰਾ ਡਕੈਤੀਆਂ ਵਿਚ ਅਨਾਰਕਲੀ ਦੇ ਕਤਲ ਵਿਚ ਇਹ ਮੁਲਜ਼ਮ ਲਿਪਤ ਸੀ।

ਇਕਬਾਲੀ ਗਵਾਹ ਸੁੱਚਾ ਸਿੰਘ ਇਕ ਹੋਰ ਗਵਾਹ ਹੈ ਜਿਸ ਕੋਲ ਮੁਲਜ਼ਮ ਦੇ ਖਿਲਾਫ਼ ਲੰਬੀ ਕਹਾਣੀ ਹੈ। ਮੁਲਜ਼ਮ ਸਭ ਤੋਂ ਪਹਿਲਾਂ ਉਸ ਨੂੰ ਖ਼ੁਦ ਗਵਾਹ ਦੇ ਆਪਣੇ ਬੋਰਡਿੰਗ ਹਾਊਸ ਵਿਚ ਮਿਲਦਾ ਹੈ ਅਤੇ 'ਗ਼ਦਰ ਦੀ ਗੂੰਜ' ਬਾਰੇ ਗੱਲ ਕਰਦਾ ਹੈ। (ਪੰਨਾ 272) ਅਤੇ ਇਸ ਤਰ੍ਹਾਂ ਵਿਦਿਆਰਥੀ ਦੇ ਦਿਮਾਗ਼ ਨੂੰ ਜ਼ਹਿਰੀਲਾ ਬਣਾਉਂਦਾ ਹੈ। ਇਹ ਇਕਬਾਲੀ ਗਵਾਹ ਦੱਸਦਾ ਹੈ ਕਿ ਮੁਲਜ਼ਮ ਸਵੇਰੇ ਉੱਠ ਕੇ ਇਹੀ ਦੁਹਰਾਉਂਦਾ ਸੀ ਕਿ 'ਮਾਰੋ ਫ਼ਿਰੰਗੀ'। ਅਤੇ ਉਹ ਕਹਿੰਦਾ ਸੀ ਕਿ ਉਸ ਦਾ 'ਧਰਮ ਯੂਰਪੀਨਾਂ ਨੂੰ ਮਾਰਨਾ' ਹੈ। ਬੋਰਡਿੰਗ ਹਾਊਸ ਵਿਚ ਗਵਾਹ ਕੋਲ ਹਮੇਸ਼ਾਂ ਮੁਲਜ਼ਮ ਹਰਨਾਮ ਸਿੰਘ ਆਉਂਦਾ ਰਹਿੰਦਾ ਸੀ ਅਤੇ ਉਹ ਇਕ ਚਰਚਾ ਬਾਰੇ ਦੱਸਦਾ ਹੈ ਜੋ ਮੁਲਜ਼ਮ ਅਤੇ ਸ਼ਾਮ ਲਾਲ (ਪਿੰਗਲੇ) ਵਿਚਕਾਰ ਬੰਬਾ ਬਾਰੇ ਸੀ। ਮੁਲਜ਼ਮ ਗਵਾਹ ਨੂੰ ਇਕ ਸ਼ਿਆਹੀ ਦੀ ਦਵਾਤ ਦਾ ਬੰਬ ਦਿਖਾਉਂਦਾ ਹੈ ਅਤੇ ਰਾਮ ਰੱਖਾ ਭਗੌੜੇ ਦਾ ਰਿਵਾਲਵਰ ਸੀ; ਸਾਹਨੇਵਾਲ ਦੇ ਡਾਕੇ ਲਈ ਬੰਦੇ ਇਕੱਠੇ ਕਰਦਾ ਹੈ ਅਤੇ ਉੱਥੋਂ ਵਾਪਸੀ ਤੇ ਯਾਦ ਲਈ ਇਕ ਕਲਮਾ ਰੁਪਈਆ (ਐਗਜ਼ੀਬਿਟ ਪੰਨਾ 239) ਦਿੰਦਾ ਹੈ (ਅਨੁਸਾਰ ਸਰਕਾਰੀ ਗਵਾਹ 215 ਅਤੇ 231 ਇਹ ਰੁਪਈਆ ਸੀ)

ਮੁਲਜ਼ਮ ਗਵਾਹ ਨੂੰ ਸਾਹਨੇਵਾਲ ਦੀ ਡਕੈਤੀ ਦੀ ਖ਼ਬਰ ਵਾਲੇ ਅਖ਼ਬਾਰ ਲੈਣ ਭੇਜਦਾ ਹੈ। ਮੁਲਜ਼ਮ ਮਨਸੂਰਾਂ ਡਕੈਤੀ ਵਿਚ ਹਿੱਸਾ ਲੈਂਦਾ ਹੈ, ਉਸ. ਕੋਲ ਰਿਵਾਲਵਰ ਹੁੰਦਾ ਹੈ ਅਤੇ ਇੱਥੋਂ ਉਹ ਜੇਵਰ ਲੈ ਕੇ ਆਉਂਦਾ ਹੈ (ਇਸ ਤੱਥ ਨੂੰ ਅਮਰ ਸਿੰਘ ਤੇ ਮੂਲਾ ਸਿੰਘ ਹੋਰ ਮਜ਼ਬੂਤ ਕਰਦੇ ਹਨ) ਇਕ ਫਰਵਰੀ ਦੇ ਗੇੜ ਵਿਚ ਮੁਲਜ਼ਮ ਗਵਾਹ ਨੂੰ ਇਕ ਚਿੱਠੀ ਭੇਜਦਾ ਹੈ ਕਿ ਇਕ ਜ਼ਿੰਮੇਵਾਰੀ ਦਾ ਕੰਮ ਕਰਨ ਲਈ ਲੁਧਿਆਣਾ ਛੱਡ ਦੇਵਾਂ, ਅਤੇ 2 ਫਰਵਰੀ ਨੂੰ ਉਹ ਅਮ੍ਰਿਤਸਰ ਵਿਚ ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਵਿਚ ਲੈ ਜਾਂਦਾ ਹੈ, ਅਤੇ ਫੇਰ ਬਾਬਾ ਅਟਲ ਹਾਊਸ ਵਿਚ ਜਿੱਥੇ ਉਹ ਉਸ ਨੂੰ ਰਾਸ ਬਿਹਾਰੀ ਬੋਸ ਨੂੰ ਮਿਲਾਉਂਦਾ ਹੈ। ਮੁਲਜ਼ਮ ਅਨਾਰਕਲੀ ਦੇ ਕਾਤਲ ਨੂੰ ਕਹਿੰਦਾ ਹੈ ਕਿ 10 ਫਰਵਰੀ ਤਕ ਉਹ ਰਿਵਾਲਵਰ ਦੇ ਕਾਰਤੂਸ ਹਾਸਲ ਕਰ ਲਵੇ ਅਤੇ ਲੁਧਿਆਣਾ ਜਾਣ ਲਈ ਰੇਲ ਫੜਨ ਵੇਲੇ ਗਵਾਹ ਨਾਲ ਸਟੇਸ਼ਨ ਜਾਂਦੇ ਹੋਏ ਇਕ ਬੰਦੇ ਨੂੰ ਕਹਿੰਦਾ ਹੈ (ਲੱਗਦਾ ਹੈ ਉਹ ਮੁਲਜ਼ਮ ਹਿਰਦਾ ਰਾਮ ਸੀ) ਕਿ 4 ਦਵਾਤ ਬੰਬ ਬਣਾ ਲਵੇ। 3 ਫਰਵਰੀ ਦੀ ਸਵੇਰ ਮੁਲਜ਼ਮ ਅਤੇ ਗਵਾਹ ਮੇਰਠ ਪੁੱਜਦੇ ਹਨ (ਮੂਲਾ ਸਿੰਘ ਇਕਬਾਲੀ ਗਵਾਹ ਅਤੇ

ਸਰਕਾਰੀ ਗਵਾਹ. 206 ਨੂੰ ਮੇਲੋ) ਅਤੇ ਮੁਲਜ਼ਮ ਪਿੰਗਲੇ ਸਮੇਤ ਉੱਥੇ ਫੌਜੀਆਂ ਨੂੰ ਸ਼ਹਿ ਦੇਣ ਲਈ ਤੁਰ ਜਾਂਦੇ ਹਨ। 5, 6 ਅਤੇ 7 ਨੂੰ ਇਹ ਤਿੰਨੇ ਆਗਰਾ, ਕਾਨਪੁਰ ਅਤੇ ਅਲਾਹਾਬਾਦ ਵਿਚ ਉਹੀ ਦਾਅਪੇਚ ਅਜ਼ਮਾਉਂਦੇ ਹਨ ਅਤੇ 7 ਤਰੀਕ ਸ਼ਾਮ ਨੂੰ ਬਨਾਰਸ ਪਹੁੰਚ ਜਾਂਦੇ ਹਨ (ਜਿੱਥੇ ਉਹ ਰਾਓ ਨੂੰ ਮਿਲਦੇ ਹਨ)। ਉਥੇ ਉਹ ਚੱਬਾ ਡਕੈਤੀ ਬਾਰੇ ਪਾਇਓਨੀਅਰ ਵਿਚ ਪੜ੍ਹਦੇ ਹਨ; ਮੁਲਜ਼ਮ ਦੱਸਦਾ ਹੈ ਕਿ ਇਕ ਸਿੱਖ ਗਨਰ ਮਿਲ ਸਕਦਾ ਹੈ ਅਤੇ ਫੌਜੀਆਂ ਨੂੰ ਸ਼ਹਿ ਦੇਣ ਲਈ ਹੋਰ ਯਤਨ ਕੀਤੇ ਜਾ ਸਕਦੇ ਹਨ। ਮੁਲਜ਼ਮ 'ਗ਼ਦਰ ਦੀ ਗੂੰਜ' ਦੀ ਕਾਪੀ ਦੇ ਕੇ ਗਵਾਹ ਨੂੰ ਫੈਜ਼ਾਬਾਦ ਭੇਜਦਾ ਹੈ; ਅਤੇ ਗਵਾਹ ਮੁੜ ਪਿੰਗਲੇ ਅਤੇ ਮੁਲਜ਼ਮ ਨੂੰ ਲਖਨਊ ਆ ਮਿਲਦਾ ਹੈ। 11 ਫਰਵਰੀ ਨੂੰ ਪਿੰਗਲੇ ਗਵਾਹ ਨੂੰ ਮਕਾਨ ਨੰ: 2 ਵਿਚ ਲੈ ਜਾਂਦਾ ਹੈ ਜਿਥੇ ਉਸ ਨੂੰ ਇਹ ਮੁਲਜ਼ਮ ਰਾਸ ਬਿਹਾਰੀ ਅਤੇ ਪਰਮਾਨੰਦ ਨੂੰ ਮਿਲਦਾ ਹੈ; ਅਤੇ ਗਵਾਹ ਨੂੰ ਸਾਈਕਲ ਵਾਸਤੇ ਕਰਜ਼ਾ ਲੈਣ ਲਈ ਭੇਜਿਆ ਜਾਂਦਾ ਹੈ (ਸਰਕਾਰੀ ਗਵਾਹ. 223 ਨੂੰ ਮੇਲੋ); ਅਤੇ ਉਸੇ ਰਾਤ ਦੱਸਿਆ ਜਾਂਦਾ ਹੈ ਕਿ ਡੁਪਲੀਕੇਟਰ ਕਿਵੇਂ ਵਰਤਿਆ ਜਾਂਦਾ ਹੈ। 14 ਫਰਵਰੀ ਦੀ ਸਵੇਰ ਮੁਲਜ਼ਮ ਸਾਈਕਲ ਉੱਤੇ ਲੋਹਟਬੰਦੀ ਨੂੰ ਚਲਾ ਜਾਂਦਾ ਹੈ ਅਤੇ ਗਵਾਹ ਉਸ ਨੂੰ ਸ਼ਾਮ ਨੂੰ ਦਲੀਪ ਸਿੰਘ ਦੇ ਬੋਰਡਿੰਗ ਹਾਊਸ ਵਿਚ ਮਿਲਦਾ ਹੈ, ਉਦੋਂ ਮੁਲਜ਼ਮ ਦਲੀਪ ਸਿੰਘ ਨੂੰ ਪੁੱਛਦਾ ਹੈ ਕਿ ਕੀ ਅਜੇ ਮਨਸੂਰਾਂ ਤੋਂ ਲੁੱਟੀ ਚਾਂਦੀ ਪੰਘਰਾਈ ਨਹੀਂ? 17 ਤਰੀਕ ਦੀ ਸਵੇਰ ਉਹ ਭਗੌੜੇ ਮੁਲਜ਼ਮ ਅਨੋਖ ਸਿੰਘ ਨਾਲ ਪੂਰਨ ਸਿੰਘ ਦੇ ਘਰ ਆਉਂਦਾ ਹੈ, ਤੇ ਗਵਾਹ ਨੂੰ ਦੱਸਦਾ ਹੈ ਕਿ ਗ਼ਦਰ ਦੀ ਤਰੀਕ 19 ਫਰਵਰੀ ਮਿੱਥੀ ਗਈ ਹੈ ਤੇ ਨਾਲ ਪਰ੍ਚੇ ਅਤੇ ਝੰਡੇ ਲਿਆਉਂਦਾ ਹੈ; ਅਤੇ ਰਾਸ ਬਿਹਾਰੀ ਤੋਂ ਹਿਦਾਇਤਾਂ ਲੈਣ ਲਈ ਗਵਾਹ ਨੂੰ ਲਾਹੌਰ ਭੇਜ ਦਿੰਦਾ ਹੈ। ਉਸੇ ਰਾਤ ਮੁਲਜ਼ਮ ਅੰਬਾਲੇ ਦੇ ਉਪਕਰਨਾਂ ਨੂੰ ਪੂਰਾ ਕਰਨ ਲਈ ਗਵਾਹ ਨੂੰ ਪਲਾਇਰਜ਼ ਵੀ ਦਿੰਦਾ ਹੈ।

ਇਸ ਮੁਲਜ਼ਮ ਦੇ ਖ਼ਿਲਾਫ਼ ਗਵਾਹਾਂ ਦੇ ਬਹੁਤ ਲੰਬੇ ਚੌੜੇ ਬਿਆਨ ਹਨ; ਅਤੇ ਕੋਈ ਵੀ ਅਕਲਮੰਦ ਵਿਅਕਤੀ ਇਨ੍ਹਾਂ ਨੂੰ ਸੁਣ ਕੇ ਅੰਦਾਜ਼ਾ ਲਾ ਸਕਦਾ ਹੈ ਕਿ ਇਹ ਘੜੀਆਂ ਹੋਈਆਂ ਗੱਲਾਂ ਨਹੀਂ ਹਨ।

ਇਕਬਾਲੀ ਗਵਾਹ ਉਮਰਾਓ ਸਿੰਘ ਜੋ ਸਾਨੂੰ ਮੁਲਜ਼ਮ ਦੇ ਗ਼ਦਰ ਪ੍ਰੈੱਸ ਨਾਲ ਸਬੰਧਾਂ ਬਾਰੇ ਦੱਸਦਾ ਹੈ, ਕਹਿੰਦਾ ਹੈ ਕਿ ਮੁਲਜ਼ਮ ਬਲਵੰਤ ਸਿੰਘ ਨੇ ਉਸ ਨੂੰ ਸਾਹਨੇਵਾਲ ਡਕੈਤੀ ਵਿਚ ਜੋੜ ਲਿਆ; ਅਤੇ ਕਿ ਉਸਨੇ ਖੁਦ ਮੁਲਜ਼ਮ ਨੂੰ ਸੁੱਚਾ ਸਿੰਘ ਦੇ ਘਰ ਪਿਸਤੌਲ ਸਾਫ਼ ਕਰਦੇ ਦੇਖਿਆ ਸੀ। ਗਵਾਹ ਨੇ ਖੁਦ ਵੀ ਮਨਸੂਰਾਂ ਡਕੈਤੀ ਵਿਚ ਹਿੱਸਾ ਲਿਆ ਸੀ; ਅਤੇ ਉਸ ਨੇ ਇਸ ਮੁਲਜ਼ਮ ਨੂੰ ਡਕੈਤੀ ਵਿਚ ਸ਼ਾਮਲ ਬੰਦਿਆਂ ਵਿਚ ਜੋੜ ਲਿਆ, ਜਿਸ ਕੋਲ 2 ਬੰਬ ਸਨ ਅਤੇ ਇਕ ਪਿਸਤੌਲ ਜੋ ਮੁਲਜ਼ਮ ਵਰਤਦਾ ਹੈ। ਇਹ ਇਕ ਹੋਰ ਗਵਾਹ ਹੈ ਜੋ ਇਸ ਗੁਨਾਹ ਨੂੰ ਮਜ਼ਬੂਤ ਕਰਦਾ ਹੈ ਕਿ ਮੁਲਜ਼ਮ ਨੇ ਡਕੈਤੀ ਦੇ ਮਾਲ ਵਿਚੋਂ ਸੋਨਾ ਆਪਣੇ ਕੋਲ ਰੱਖ ਲਿਆ। ਉਹ ਇਸ ਦੋਸ਼ ਨੂੰ ਵੀ ਮਜ਼ਬੂਤ ਕਰਦਾ ਹੈ ਕਿ ਮੁਲਜ਼ਮ ਵਲੋਂ ਭੇਜੀ ਗਈ ਚਿੱਠੀ ਸੁੱਚਾ ਸਿੰਘ ਨੂੰ ਫਰਵਰੀ ਦੇ ਸ਼ੁਰੂ ਵਿਚ ਮਿਲੀ, ਜਿਸ

ਵਿਚ ਗਵਾਹ ਨੂੰ ਅਤੇ ਹੋਰਨਾਂ ਨੂੰ ਫੌਰਨ ਅੰਮ੍ਰਿਤਸਰ ਬੁਲਾਇਆ ਗਿਆ ਸੀ ਕਿਉਂਕਿ ਰਜਮੈਂਟਾਂ ਵਿਚ ਬਗਾਵਤ ਦਾ ਪ੍ਰਚਾਰ ਕਰਨ ਲਈ ਉਨ੍ਹਾਂ ਦੀ ਲੋੜ ਸੀ।

ਸਰਕਾਰੀ ਗਵਾਹ 16 (ਡਿਪਟੀ ਸੁਪਰਡੰਟ ਪੁਲੀਸ) ਦਾ ਕਹਿਣ ਹੈ ਕਿ ਇਕਬਾਲੀ ਗਵਾਹ ਮੂਲਾ ਸਿੰਘ ਨੇ 12 ਤੇ 14 ਮਾਰਚ ਨੂੰ ਰਿਕਾਰਡ ਕਰਵਾਏ ਆਪਣੇ ਬਿਆਨ ਵਿਚ ਦੱਸਿਆ ਕਿ ਮੁਲਜ਼ਮ ਨਿਧਾਨ ਸਿੰਘ ਕਪੂਰਥਲੇ ਆਇਆ ਸੀ।

ਸਰਕਾਰੀ ਗਵਾਹ 17 ਨੇ (ਇੰਸਪੈਕਟਰ ਅਹਿਮਦ ਖਾਨ) ਅਮਰ ਸਿੰਘ ਇਕਬਾਲੀ ਗਵਾਹ ਦੀ ਇਸ ਗੱਲ ਦੀ ਤਸਦੀਕ ਕੀਤੀ ਕਿ ਮੁਲਜ਼ਮ ਨੌਰੰਗ ਸਿੰਘ ਦੇ ਨਾਂ ਥੱਲੇ ਹਿੰਦੂ ਹੋਟਲ, ਲਾਹੌਰ ਵਿਖੇ ਰੁਕਿਆ ਸੀ ਤੇ ਸਾਡੇ ਕੋਲ ਉਸ ਹੋਟਲ ਦਾ ਰਜਿਸਟਰ ਹੈ (ਐਗਜ਼ੀਬਿਟ ਪੀ. 128)। ਗਵਾਹ ਮੁਲਜ਼ਮ ਦੀ ਗ੍ਰਿਫਤਾਰੀ ਦੀ ਗੱਲ ਵੀ ਕਰਦਾ ਹੈ ਅਤੇ ਝੰਡਿਆਂ ਲਈ ਕੱਪੜੇ ਦੀ ਖਰੀਦ ਦਾ ਵੀ। ਸਰਕਾਰੀ ਗਵਾਹ 38 ਜਿਸ ਨੇ ਮੁਲਜ਼ਮ ਦੀ ਜੇਲ੍ਹ ਪ੍ਰੇਡ ਅਤੇ ਅਦਾਲਤ ਵਿਚ ਸ਼ਨਾਖਤ ਕੀਤੀ, ਆਪਣੀਆਂ ਕਿਤਾਬਾਂ ਤੋਂ 15 ਅਤੇ 17 ਫਰਵਰੀ ਨੂੰ ਕੱਪੜੇ ਦੀ ਵਿਕਰੀ ਸਾਬਤ ਕਰਦਾ ਹੈ; ਅਤੇ ਇਕ ਝੰਡੇ ਦੇ ਨੀਲੇ ਕੱਪੜੇ ਨੂੰ ਪਛਾਣ ਗਿਆ ਹੈ।

ਸਰਕਾਰੀ ਗਵਾਹ 43 ਅਤੇ 44 ਹਿੰਦੂ ਹੋਟਲ ਦਾ ਨੌਕਰ ਤੇ ਮਾਲਕ ਹਨ। ਉਨ੍ਹਾਂ ਨੇ ਮੁਲਜ਼ਮ ਨੂੰ ਨੌਰੰਗ ਸਿੰਘ ਵਜੋਂ ਪਛਾਣ ਲਿਆ ਅਤੇ ਅਸੀਂ ਦੇਖਦੇ ਹਾਂ ਕਿ ਉਹ ਹੋਟਲ ਵਿਚ 5 ਅਕਤੂਬਰ ਅਤੇ 24 ਨਵੰਬਰ, 1914 ਨੂੰ ਰੁਕਿਆ ਸੀ।

ਸਰਕਾਰੀ ਗਵਾਹ 61 (22 ਵੀਂ ਕੈਵੈਲਰੀ ਦਾ ਰਿਸਾਲਦਾਰ) ਅਤੇ ਸਰਕਾਰੀ ਗਵਾਹ 62 ਅਤੇ 63 ਨੇ ਮੁਲਜ਼ਮ ਜਗਤ ਸਿੰਘ ਅਤੇ ਹਰਨਾਮ ਸਿੰਘ ਟੁੰਡਾ ਨਾਲ ਮੁਲਜ਼ਮ ਨੂੰ ਫੜਿਆ ਸੀ ਅਤੇ ਅਸੀਂ ਉਨ੍ਹਾਂ ਦੀ ਟਿੱਪਣੀ ਨੂੰ ਦੂਜੇ ਦੋਹਾਂ ਦੇ ਵੱਖਰੇ ਕੇਸਾਂ ਵਿਚ ਸਬੂਤ ਵਜੋਂ ਲਵਾਂਗੇ। ਸਰਕਾਰੀ ਗਵਾਹ 72, ਪੁਲੀਸ ਦਾ ਜਾਸੂਸ ਮਜ਼ਬੂਤੀ ਦੇਣ ਵਾਲਾ ਸਬੂਤ ਦਿੰਦਾ ਹੈ ਕਿ ਮੁਲਜ਼ਮ ਨੇ ਝੰਡਿਆਂ ਦਾ ਰੰਗਦਾਰ ਕੱਪੜਾ ਫਰਵਰੀ ਵਿਚ ਲਿਆਂਦਾ ਸੀ; ਅਤੇ ਉਹ ਐਗਜ਼ੀਬਿਟ ਪੀ. 24 ਏ ਦੀ ਸ਼ਨਾਖ਼ਤ ਕਰਦਾ ਹੈ। ਉਹ ਇਹ ਵੀ ਦੱਸਦਾ ਹੈ ਕਿ ਇਹ ਫੈਸਲਾ ਹੋਇਆ ਸੀ ਕਿ ਮੁਲਜ਼ਮ ਫਿਰੋਜ਼ਪੁਰ ਜਾਵੇ, ਅਤੇ ਕਹਿੰਦਾ ਹੈ ਕਿ ਮੁਲਜ਼ਮ ਉਦੋਂ ਹਾਜ਼ਰ ਸੀ ਜਦੋਂ ਉਹ (ਜਾਸੂਸ) ਪੈਸੇ, ਸਾਹਿਤ ਅਤੇ ਇਕ ਝੰਡਾ ਲੈ ਕੇ ਦਦੇਹਰ ਅਤੇ ਮਰਹਾਨਾ ਭੇਜਿਆ ਗਿਆ ਸੀ।

ਸਰਕਾਰੀ ਗਵਾਹ 74, (ਜੋ ਮੰਨਦਾ ਹੈ ਕਿ ਮੁਲਜ਼ਮ ਉਸ ਦੇ ਨੇੜੇ ਰਹਿੰਦਾ ਸੀ ਪਰ ਉਸ ਨੇ ਕਿਸੇ ਸਬੰਧ ਤੋਂ ਇਨਕਾਰ ਕੀਤਾ ਅਤੇ ਦੱਸਿਆ ਕਿ ਅਸਲ ਵਿਚ ਹੀ ਉਹ ਅਦਾਲਤ ਵਿਚ ਉਸ ਦੀ ਸ਼ਨਾਖਤ ਨਹੀਂ ਕਰ ਸਕਿਆ ਸੀ) ਮੰਨਦਾ ਹੈ ਕਿ ਮੁਲਜ਼ਮ ਨੇ ਉਸ ਦੇ ਪਿੰਡ ਸਿਰਫ਼ ਇਕ ਰਾਤ ਕੱਟੀ ਸੀ ਜਦੋਂ ਉਹ ਅਜੇ ਅਮਰੀਕਾ ਤੋਂ ਮੁੜਿਆ ਹੀ ਸੀ।

ਸਰਕਾਰੀ ਗਵਾਹ 75 (ਮੁਲਜ਼ਮ ਦੇ ਪਿੰਡ ਦਾ ਲੰਬੜਦਾਰ) ਇਸ ਨੂੰ ਹੋਰ ਮਜ਼ਬੂਤ ਕਰਦਾ ਹੈ ਅਤੇ ਕਹਿੰਦਾ ਹੈ ਕਿ ਮੁਲਜ਼ਮ ਰਾਜੋਆਣਾ ਵਿਚ ਆਪਣੀ ਭੈਣ ਨੂੰ ਮਿਲਣ

ਗਿਆ ਸੀ (ਜਿਸ ਥਾਂ ਦਾ ਜ਼ਿਕਰ ਇਕ ਅਸਫਲ ਡਕੈਤੀ ਵਾਲੀ ਥਾਂ ਵਜੋਂ ਕੀਤਾ ਗਿਆ ਹੈ)। ਮੁਲਜ਼ਮ 10 ਦਿਨਾਂ ਬਾਅਦ ਪਰਤਿਆ ਸੀ ਅਤੇ ਇਕ ਦਿਨ ਲਈ ਹੀ ਟਿਕਿਆ। ਜ਼ਿਰ੍ਹਾ ਵਿਚ ਗਵਾਹ ਨੇ ਕਿਹਾ ਕਿ ਉਸਨੇ ਕਦੀ ਨਹੀਂ ਸੁਣਿਆ ਕਿ ਮੁਲਜ਼ਮ ਨੇ ਪਿੰਡ ਵਾਲਿਆਂ ਨੂੰ ਪਾਰਟੀ ਵਿਚ ਸ਼ਾਮਲ ਹੋਣ ਲਈ ਕਿਹਾ ਹੋਵੇ। ਉਸ ਨੇ ਅਦਾਲਤ ਵਿਚ ਮੁਲਜ਼ਮ ਦੀ ਸ਼ਨਾਖਤ ਕਰ ਲਈ ਹਾਲਾਂਕਿ ਮੁਲਜ਼ਮ ਨੇ ਐਨਕਾਂ ਲਾਈਆਂ ਹੋਈਆਂ ਸਨ ਅਤੇ ਨਿੱਕੀ ਗੋਲ ਟੋਪੀ ਪਹਿਨੀ ਹੋਈ ਸੀ। ਸਰਕਾਰੀ ਗਵਾਹ 195 (ਇੰਸਪੈਕਟਰ ਅਮੀਰ ਅਲੀ) ਦਾ ਕਹਿਣਾ ਹੈ ਕਿ ਅਮਰ ਸਿੰਘ ਨੇ ਬਿਆਨ ਦਿੱਤਾ ਹੈ ਕਿ ਉਹ ਅਤੇ ਮੁਲਜ਼ਮ ਗਦਰ ਪ੍ਰੈੱਸ ਵਿਚ ਮੁਫ਼ਤ ਕੰਮ ਕਰਦੇ ਸਨ। ਸਰਕਾਰੀ ਗਵਾਹ 206 (12ਵੀਂ ਕੈਵੈਲਰੀ ਦਾ ਜਮੇਦਾਰ) ਸੁੱਚਾ ਸਿੰਘ ਇਕਬਾਲੀ ਗਵਾਹ, ਦਲਪਤ ਸਿੰਘ (ਯਾਨੀ ਪਿੰਗਲੇ) ਅਤੇ ਇਸ ਮੁਲਜ਼ਮ ਦੀ ਮੇਰਠ ਵਿਖੇ ਫੇਰੀ ਦਾ ਸਬੂਤ ਪੇਸ਼ ਕਰਦਾ ਹੈ, ਅਤੇ ਇਲਾਨੇ-ਜੰਗ ਦੀ ਉਰਦੂ ਕਾਪੀ ਪੇਸ਼ ਕਰਦਾ ਹੈ। (ਐਗਜ਼ੀਬਿਟ ਪੀ 235)

ਸਰਕਾਰੀ ਗਵਾਹ 223, 227, 230 ਅਤੇ 231 ਸਾਰੇ ਹੀ ਵਿਦਿਆਰਥੀ ਹਨ ਜੋ ਸੁੱਚਾ ਸਿੰਘ ਇਕਬਾਲੀ ਗਵਾਹ ਦਾ ਆਉਣਾ ਸਾਈਕਲ ਦਾ ਕਰਜ਼ਾ ਲੈਣ, ਕਲਮਾ ਰੁਪਿਆ, ਮੁਲਜ਼ਮ ਵਲੋਂ ਬਗਾਵਤ ਵਾਲੀਆਂ ਗੱਲਾਂ ਕਰਨ ਅਤੇ ਬੰਬਾਂ ਬਾਰੇ ਦੱਸਣ ਦੀ ਗੱਲ ਨੂੰ ਮਜ਼ਬੂਤੀ ਦਿੰਦੇ ਹਨ। ਉਨ੍ਹਾਂ ਵਿਚੋਂ ਕਈਆਂ ਨੇ ਮੁਲਜ਼ਮ ਦਾ ਸਾਹਨੇਵਾਲ ਅਤੇ ਮਨਸੂਰਾਂ ਡਕੈਤੀਆਂ ਨਾਲ ਸਬੰਧ ਹੋਣ ਦੀ ਗੱਲ ਕਹੀ, ਉਨ੍ਹਾਂ ਵਿਚੋਂ ਇਕ ਨੇ ਕਈ ਤਸਵੀਰਾਂ ਵਿਚੋਂ ਭਗੌੜੇ ਡਾਕਟਰ ਮਥਰਾ ਸਿੰਘ ਦੀ ਤਸਵੀਰ ਦੀ ਸ਼ਨਾਖਤ ਵੀ ਕਰ ਲਈ (ਐਗਜ਼ੀਬਿਟ ਪੀ. 32); ਅਤੇ ਅਸੀਂ ਦੇਖਦੇ ਹਾਂ ਕਿ ਇਹ ਮੁਲਜ਼ਮ ਕਹਿੰਦਾ ਹੁੰਦਾ ਸੀ ਕਿ ਬੰਗਾਲ ਪਾਰਟੀ ਵੀ ਨਾਲ ਲੱਗੇਗੀ, ਜਰਮਨੀ ਮਦਦ ਕਰੇਗਾ, ਅਤੇ ਕਿ ਹਰਦਿਆਲ ਫੌਜ ਲੈ ਕੇ ਆ ਜਾਵੇਗਾ।

ਸਰਕਾਰੀ ਗਵਾਹ 385 (ਰਜਮੈਂਟ ਦਾ ਇਕ ਜਮਾਂਦਾਰ), 386 (ਕੈਪਟਨ ਕਾਰਗਿਲ), 387, 388 ਅਤੇ 394 ਫਿਰੋਜ਼ਪੁਰ ਦੇ ਗਵਾਹ ਹਨ। ਜਿਸ ਰਜਮੈਂਟ ਨਾਲ ਜਮਾਂਦਾਰ ਦਾ ਸਬੰਧ ਹੈ ਉਹ ਹਾਂਗ ਕਾਂਗ ਵਿਚ ਹੈ; ਅਤੇ 1913 ਦੇ ਅਖ਼ੀਰ ਵਿਚ ਇਹ ਜ਼ਰੂਰੀ ਸਮਝਿਆ ਗਿਆ ਕਿ ਉਥੋਂ ਦੇ ਗੁਰਦੁਆਰੇ ਵਿਚ ਫੌਜੀਆਂ ਦਾ ਜਾਣਾ ਰੋਕਿਆ ਜਾਵੇ। ਰਜਮੈਂਟ ਦਾ ਡਿਪੋ ਫ਼ਿਰੋਜ਼ਪੁਰ ਵਿਚ ਸੀ, ਅਤੇ ਇਹ ਪਤਾ ਲੱਗਣ ਤੇ ਕਿ ਕੁਝ ਬੰਦੇ ਮੀਟਿੰਗ ਵਿਚ ਸ਼ਾਮਲ ਹੋ ਰਹੇ ਸਨ, ਫਰਵਰੀ 19 ਨੂੰ ਕੁਝ ਸਿਪਾਹੀ ਰਜਮੈਂਟ ਵਿਚੋਂ ਕੱਢ ਦਿੱਤੇ ਗਏ (ਮਕਾਨ ਨੰ: 1 ਤੇ ਛਾਪਾ ਮਾਰਨ ਵਾਲੇ ਦਿਨ)। ਇਨ੍ਹਾਂ ਵਿਚੋਂ ਇਕ ਬੰਦਾ (ਕੈਪਟਨ ਕਾਰਗਿਲ ਦੀ ਗਵਾਹੀ ਅਨੁਸਾਰ) ਲਾਈਨਜ਼ ਵਿਚ ਪਰਤਿਆ ਅਤੇ ਉਸ ਨੂੰ ਭਾਰੀ ਲਾਠੀ ਸਮੇਤ 29 ਫਰਵਰੀ ਨੂੰ ਫੜ ਲਿਆ ਗਿਆ। ਸਰਕਾਰੀ ਗਵਾਹ 387 ਅਤੇ 388 ਇਸ ਗੱਲ ਨੂੰ ਮਜ਼ਬੂਤ ਕਰਨ ਵਾਲੀ ਗਵਾਹੀ ਦਿੰਦੇ ਹਨ। ਸਰਕਾਰੀ ਗਵਾਹ 389 (ਮਿਸਟਰ ਲਾਮਾਕਰੌਫਟ ਪੁਲੀਸ ਇੰਸਪੈਕਟਰ ਫਿਰੋਜ਼ਪੁਰ ਕੈਂਟ) ਦਾ ਕਹਿਣਾ ਹੈ ਕਿ ਕਾਂਸਟੇਬਲ (ਹੁਣ ਹੈੱਡ ਕਾਂਸਟੇਬਲ) ਮੌਲਾ ਬਖ਼ਸ਼ ਨੇ ਉਹਨੂੰ ਦੱਸਿਆ ਕਿ

ਕਰੀਬ 30 ਸ਼ੱਕੀ ਬੰਦੇ ਛਾਉਣੀ ਵਿੱਚ ਪੁੱਜੇ ਹਨ ਜਿਨਾਂ ਦੀ ਟ੍ਰੇਨਿੰਗ ਲੁਧਿਆਣਾ ਹੋਈ ਸੀ। ਉਸ ਰਾਤ ਟੈਰੀਟੋਰੀਅਲਾਂ ਨੇ ਛਾਉਣੀ ਦੀ ਗਸ਼ਤ ਕੀਤੀ ਅਤੇ ਬਾਦ ਵਿਚ ਇਕ ਭਾਰਤੀ ਅਫ਼ਸਰ ਗ਼ਦਰ ਸੰਦੇਸ਼ਾ ਦੀ ਇਕ ਕਾਪੀ ਲੈ ਕੇ ਆਇਆ ਜੋ ਦੋ ਡਿਪੂਆਂ ਦੀ ਸੜਕ ਤੇ ਪਈ ਮਿਲੀ ਦੱਸੀ ਗਈ। ਸਰਕਾਰੀ ਗਵਾਹ ਮੌਲਾ ਬਖ਼ਸ਼ ਵੀ ਇਸ ਗੱਲ ਦੀ ਤਾਈਦ ਕਰਦਾ ਹੈ ਕਿ 19 ਫਰਵਰੀ ਨੂੰ ਆਏ ਬੰਦਿਆਂ ਵਿਚੋਂ ਉਹ ਕਿਸੇ ਨੂੰ ਪਛਾਣਦਾ ਨਹੀਂ।

ਇਸ ਸਭ ਕਾਸੇ ਦੇ ਨਾਲ-ਨਾਲ, ਇੰਦਰ ਸਿੰਘ ਗ੍ਰੰਥੀ ਦੇ ਮੰਨਣ ਅਨੁਸਾਰ ਅਸੀਂ ਦੇਖਦੇ ਹਾਂ ਕਿ ਮੁਲਜ਼ਮ ਦਾ ਜ਼ਿਕਰ ਗ਼ਦਰ ਪਾਰਟੀ ਦੇ ਇਕ ਉੱਭਰਵੇਂ ਮੈਂਬਰ ਵਜੋਂ ਸਾਹਮਣੇ ਆਉਂਦਾ ਹੈ। ਮੁਲਜ਼ਮ (ਪੰਨਾ 385 ਤੇ 387); ਅਤੇ ਮੁਲਜ਼ਮ ਦੀ ਉਮਰ ਉੱਥੇ ਕਰੀਬ 27 ਸਾਲ ਦੱਸੀ ਜਾਂਦੀ ਹੈ। ਉਹ ਵਾਕਈ 18½ ਸਾਲ ਦਾ ਨਹੀਂ ਜਿਵੇਂ ਕਿ ਉਹ ਕਹਿਣਾ ਚਾਹੁੰਦਾ ਹੈ। ਉਸ ਦਾ ਜ਼ਿਕਰ ਨੰਦ ਸਿੰਘ ਦੇ ਕਬੂਲਣ ਵਿਚ ਵੀ ਹੈ (ਪੰਨਾ 409, 413, 415 ਅਨੁਸਾਰ) ਜੋ ਕਿ ਸਰਕਾਰੀ ਗਵਾਹਾਂ ਦੇ ਬਿਆਨਾਂ ਦੀ ਤਾਈਦ ਕਰਦਾ ਹੈ।

ਮੁਲਜ਼ਮ ਦਾ ਬਿਆਨ ਇਸ ਰਿਕਾਰਡ ਪੰਨਾ 443 ਅਤੇ 480 ਤੇ ਮਿਲ ਜਾਵੇਗਾ। ਸਾਹਨੇਵਾਲ ਡਕੈਤੀ (ਜਿਸ ਵਿਚ ਕਾਂਸ਼ੀ ਰਾਮ ਦਾ ਕਤਲ ਹੋਇਆ ਸੀ) ਵਿਚ ਆਪਣੇ ਸ਼ਾਮਲ ਹੋਣ ਬਾਰੇ ਕਬੂਲਣ ਤੇ ਉਸ ਨੇ ਇਸ ਬਾਰੇ ਆਪਣੇ ਤੌਰ ਤੇ ਦੱਸਿਆ। ਉਸ ਅਨੁਸਾਰ ਉਨ੍ਹਾਂ ਨੂੰ ਪੈਸਾ ਇਸ ਲਈ ਚਾਹੀਦਾ ਸੀ ਕਿ ਆਪਣੇ ਦੁੱਖੜੇ ਸੁਣਾਉਣ ਲਈ ਉਨ੍ਹਾਂ ਨੇ ਇਕ ਅਖ਼ਬਾਰ ਕੱਢਣਾ ਸੀ, ਉਹ ਅਤੇ ਉਨ੍ਹਾਂ ਦੀ ਪਾਰਟੀ ਲਈ, ਉਨ੍ਹਾਂ ਕੋਲ ਤਿੰਨ ਪਿਸਤੌਲ ਸਨ (ਇੱਕ ਟੁਟਿਆ ਹੋਇਆ), ਕੁਝ ਕਾਰਤੂਸ ਸਨ ਅਤੇ ਦੋ ਦਵਾਤ ਬੰਬ ਸਨ (ਜੋ ਮਥਰਾ ਸਿੰਘ ਨੇ ਬਣਾਏ ਸਨ), ਜੋ ਖ਼ਤਰਨਾਕ ਨਹੀਂ ਸਮਝੇ ਜਾਂਦੇ ਸਨ ਅਤੇ ਸਿਰਫ਼ ਲੋੜ ਪੈਣ ਤੇ ਡਰਾਵੇ ਲਈ ਹੀ ਸਨ। ਦਲੀਪ ਸਿੰਘ (ਮਰ ਗਿਆ ਇਕਬਾਲੀ ਗਵਾਹ) ਜੁੰਡਲੀ ਨੂੰ ਸਾਹਨੇਵਾਲ ਲੈ ਗਿਆ। ਮੁਲਜ਼ਮ ਮੁਤਾਬਕ ਉਸ ਨੇ ਖੁਦ ਡਕੈਤੀ ਵਿਚ ਹਿੱਸਾ ਨਹੀਂ ਲਿਆ ਬਲਕਿ ਥਾਣਾ ਕੋਲ ਖੜ੍ਹਾ ਰਿਹਾ ਤਾਂ ਕਿ ਲੋੜ ਪੈਣ ਤੇ ਆਪਣੇ ਸਾਥੀਆਂ ਨੂੰ ਸੁਚੇਤ ਕਰਨ ਲਈ ਬੰਬ ਸੁੱਟ ਸਕੇ। ਖੁਸ਼ੀ ਰਾਮ ਦੀ ਮੌਤ ਅਣਜਾਣੇ ਵਿਚ ਹੀ ਹੋਈ ਸੀ ਕਿਉਂਕਿ ਅਨਾਰਕਲੀ ਦੇ ਕਾਤਲ ਨੇ ਉਸ ਨੂੰ ਝੰਬ ਸੁੱਟਿਆ ਸੀ ਤਾਂ ਕਿ ਉਹ ਬਚ ਕੇ ਨਿੱਕਲ ਸਕੇ। ਅਨਾਰਕਲੀ ਦੇ ਕਾਤਲ ਤੇ ਸਾਰਾ ਦੋਸ਼ ਮੜ੍ਹਨ ਦਾ ਇਹ ਇਕ ਨਵਾਂ ਵਿਚਾਰ ਸੀ ਜਿਸ ਦੇ ਗੁਨਾਹਾਂ ਦਾ ਅੰਤ ਉਸ ਦੇ ਫਾਂਸੀ ਚੜ੍ਹਨ ਨਾਲ ਹੋ ਚੁੱਕਾ ਸੀ। ਪਰ ਅਸੀਂ ਇਸ ਡਕੈਤੀ ਦੀ ਇਹ ਕਥਾ ਮੰਨਣ ਲਈ ਤਿਆਰ ਨਹੀਂ ਹਾਂ ਜੋ ਕਥਾ ਕਿ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਤੋਂ ਲਾਹਾ ਲੈਣ ਲਈ ਘੜੀ ਗਈ ਸੀ (ਇਸ ਨੁਕਤੇ ਬਾਰੇ ਫੈਸਲੇ ਵਿਚ ਕਿਸੇ ਹੋਰ ਥਾਂ ਵਿਚਾਰ ਕੀਤੀ ਗਈ ਹੈ)।

ਮੁਲਜ਼ਮ ਨੇ ਅਮਰੀਕਾ ਵਿਚ ਗ਼ਦਰ ਪਾਰਟੀ ਨਾਲ ਆਪਣੇ ਸਬੰਧਾਂ ਬਾਰੇ ਅਤੇ ਹਰਦਿਆਲ ਨਾਲ ਆਪਣੀ ਵਾਕਫ਼ੀ ਬਾਰੇ ਪੂਰੀ ਤਰ੍ਹਾਂ ਕਬੂਲ ਕਰ ਲਿਆ ਹੈ। ਉਸ ਨੇ

ਅਸਟੋਰੀਆ ਅਤੇ ਸੈਕਰਾਮੈਂਟੋ ਦੀਆਂ ਮੀਟਿੰਗਾਂ ਵਿਚ ਆਪਣਾ ਸ਼ਾਮਲ ਹੋਣਾ ਵੀ ਕਬੂਲ ਕੀਤਾ ਹੈ ਅਤੇ ਉਸ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਤਕਰੀਰਾਂ ਨੂੰ ਬਗਾਵਤ ਨਹੀਂ ਮੰਨਿਆ ਜਾਂਦਾ। ਉਸ ਨੂੰ ਕਿਹਾ ਗਿਆ ਸੀ ਕਿ ਉਹ ਭਾਰਤ ਵਿਚ ਵੀ ਯੁਗਾਂਤਰ ਆਸ਼ਰਮ ਵਰਗਾ ਹੀ ਇਕ ਆਸ਼ਰਮ ਸਥਾਪਤ ਕਰੇ; ਅਤੇ ਜੇ ਲੋੜ ਹੋਵੇ ਤਾਂ ਚੁੱਪ ਚਾਪ ਸਾਹਿਤ ਵੀ ਵੰਡੇ। ਉਹ ਲਾਢੂਵਾਲ ਅਤੇ ਬੱਦੋਵਾਲ ਦੀਆਂ ਮੀਟਿੰਗਾਂ ਵਿਚ ਸ਼ਾਮਿਲ ਹੋਇਆ ਸੀ ਪਰ ਮੋਗਾ ਵਿਚ ਨਹੀਂ (ਉਸਦਾ ਕਹਿਣਾ ਹੈ)। ਉਹ ਕਬੂਲ ਕਰਦਾ ਹੈ ਕਿ ਉਹ ਨੌਰੰਗ ਸਿੰਘ ਦੇ ਨਾਂ ਹੇਠ ਹਿੰਦੂ ਹੋਟਲ ਵਿਚ ਰਿਹਾ ਸੀ। ਉਹ ਇਨਕਾਰ ਕਰਦਾ ਹੈ ਕਿ ਕਦੀ ਵੀ ਲਾਹੌਰ ਛਾਉਣੀ ਤੇ ਹਮਲੇ ਦੀ ਕੋਈ ਯੋਜਨਾ ਬਣਾਈ ਗਈ ਸੀ ਅਤੇ ਉਸ ਦਾ ਕਹਿਣਾ ਹੈ ਕਿ ਨਵਾਬ ਖ਼ਾਨ, ਜਿਸ ਉੱਤੇ ਉਸ ਨੂੰ ਸਦਾ ਹੀ ਜਸੂਸ ਹੋਣ ਦਾ ਸ਼ੱਕ ਰਿਹਾ ਹੈ, ਉਨ੍ਹਾਂ ਨੂੰ ਸ਼ਹਿ ਦਿੰਦਾ ਰਿਹਾ ਹੈ ਕਿ ਉਹ ਤੇ ਉਸ ਦੇ ਸਾਥੀ ਕਿਸੇ ਛਾਉਣੀ ਤੇ ਹਮਲਾ ਕਰਨ ਤਾਂ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ। ਉਹ ਜਲੰਧਰ ਗਿਆ ਜ਼ਰੂਰ ਸੀ ਪਰ ਕਿਸੇ ਬੰਗਾਲੀ ਨੂੰ ਨਹੀਂ ਮਿਲਿਆ। ਉਹ ਗੰਡਾ ਸਿੰਘ ਭਗੌੜੇ ਬਾਰੇ ਅਮਰੀਕਾ ਵਿੱਚ ਜਾਣਕਾਰੀ ਰੱਖਦਾ ਸੀ। ਉਹ ਪਿੰਗਲੇ ਮੁਲਜ਼ਮ ਪਰਮਾਨੰਦ (ਦੂਜਾ) ਅਤੇ ਇਕਬਾਲੀ ਗਵਾਹ ਅਮਰ ਸਿੰਘ ਨਾਲ ਕਪੂਰਥਲੇ ਗਿਆ ਸੀ ਅਤੇ ਉੱਥੇ ਮੁਲਜ਼ਮ ਰਾਮ ਸਰਨ ਦਾਸ ਨੂੰ ਮਿਲਿਆ ਸੀ ਜਿਸ ਨੂੰ ਸਿਰਫ਼ ਅਖ਼ਬਾਰ ਦੀ ਯੋਜਨਾ ਵਿਚ ਸਹਿਯੋਗ ਕਰਨ ਲਈ ਕਿਹਾ ਸੀ ਪਰ ਉਹ ਮੁਕਰ ਗਿਆ ਸੀ। ਉਹ, ਪਿੰਗਲੇ ਅਤੇ ਪਰਮਾਨੰਦ (ਦੂਜਾ) ਸੰਤ ਗੁਲਾਬ ਦੀ ਧਰਮਸ਼ਾਲਾ ਵਿਚ ਗਏ ਜ਼ਰੂਰ ਸਨ ਪਰ ਸਿਰਫ਼ ਮੂਲਾ ਸਿੰਘ ਇਕਬਾਲੀ ਗਵਾਹ ਨੂੰ ਮਿਲਣ, ਅਤੇ ਅਖ਼ਬਾਰ ਦੇ ਪ੍ਰਾਜੈਕਟ ਸਬੰਧੀ ਗੱਲਬਾਤ ਕਰਨ ਲਈ। ਪਰ ਮੁਲਜ਼ਮ ਸਰਕਾਰ ਦੇ ਖਿਲਾਫ਼ ਗੁਰੀਲਾ ਜੰਗ ਦੀ ਮੂਲਾ ਸਿੰਘ ਦੀ ਸਲਾਹ ਨਾਲ ਸਹਿਮਤ ਨਹੀਂ ਸੀ। ਉਸ ਨੇ ਮੂਲਾ ਸਿੰਘ ਨੂੰ 200 ਰੁਪਏ ਅਖ਼ਬਾਰ ਦੇ ਫੰਡ ਲਈ ਜਮ੍ਹਾਂ ਕਰਨ ਵਾਸਤੇ ਦਿੱਤੇ ਸਨ ਨਾ ਕਿ ਕਿਸੇ ਬੰਗਾਲੀ ਮਾਹਿਰ ਦੇ ਖਰਚੇ ਵਾਸਤੇ। 15 ਜਾਂ 16 ਜਨਵਰੀ ਨੂੰ ਉਹ ਬਾਬਾ ਅਟਲ ਹਾਊਸ ਵਿਚ ਸੀ ਪਰ ਉਸ ਨੇ ਮੂਲਾ ਸਿੰਘ ਤੇ ਅਮਰ ਸਿੰਘ ਨਾਲ ਅਖ਼ਬਾਰੀ ਮਾਮਲਿਆਂ ਬਾਰੇ ਹੀ ਵਿਚਾਰ-ਵਟਾਂਦਰਾ ਕੀਤਾ ਸੀ। 27 ਜਨਵਰੀ ਦੇ ਗੇੜ ਵਿਚ ਇਸੇ ਘਰ ਵਿਚ ਪਿੰਗਲੇ ਨੇ ਰਾਸ ਬਿਹਾਰੀ ਬੋਸ ਨਾਲ ਉਸ ਦੀ ਮੁਲਾਕਾਤ ਕਰਵਾਈ ਸੀ, ਉਹ ਵੀ ਸਿਰਫ਼ ਇਸ ਲਈ ਕਿ ਅਖ਼ਬਾਰ ਬੰਗਾਲੀ ਵਿਚ ਕੱਢਣ ਦੀ ਵੀ ਇੱਛਾ ਸੀ। ਜਨਵਰੀ ਵਿਚ ਉਹ ਲੁਧਿਆਣਾ ਵਿਚ ਨਿਧਾਨ ਸਿੰਘ ਅਤੇ ਹੋਰਨਾਂ ਨੂੰ ਵੀ ਮਿਲਿਆ ਸੀ ਪਰ ਉੱਥੇ ਬੰਬ ਬਣਾਉਣ ਦੀ ਕੋਈ ਗੱਲ ਨਹੀਂ ਹੋਈ। ਉਹ ਝੱਬੇਵਾਲ ਕਦੀ ਨਹੀ ਗਿਆ ਪਰ ਸਾਹਨੇਵਾਲ ਅਤੇ ਮਨਸੂਰਾਂ ਡਕੈਤੀ ਵਿਚ ਉਸ ਨੇ ਜ਼ਰੂਰ ਹਿੱਸਾ ਲਿਆ ਸੀ। ਉਹ ਮੰਨਦਾ ਹੈ ਕਿ ਉਹ ਪਿੰਗਲੇ ਅਤੇ ਸੁੱਚਾ ਸਿੰਘ ਮੇਰਠ, ਆਗਰੇ, ਕਾਨਪੁਰ, ਅਲਾਹਾਬਾਦ ਤੇ ਲਖਨਊ ਗਏ ਸੀ ਪਰ ਉਹ ਫੌਜੀਆਂ ਨੂੰ ਇਸ ਗੱਲ ਲਈ ਤਿਆਰ ਕਰਨ ਗਏ ਸੀ ਕਿ ਉਹ ਆਪਣੇ ਦੁੱਖੜੇ ਦੱਸਣ ਲਈ ਵਇਸਰਾਏ ਕੋਲ ਜਾਣ ਵਾਲੇ ਡੈਪੂਟੇਸ਼ਨ ਦੇ ਪੱਖ ਵਿਚ ਆਪਣਾ

ਜ਼ੋਰ ਵਰਤਣ। ਉਹ ਮੰਨਦਾ ਹੈ ਕਿ ਉਹ ਸੁੱਚਾ ਸਿੰਘ ਨਾਲ ਬਾਬਾ ਅਟਲ ਹਾਊਸ ਗਿਆ ਸੀ ਜਿਥੇ ਉਸ ਨੇ ਰਾਸ ਬਿਹਾਰੀ ਨੂੰ ਦੇਖਿਆ ਜੋ ਖੁਦ ਨੂੰ ਸਤੀਸ਼ ਚੰਦਰ ਦੱਸਦਾ ਹੁੰਦਾ ਸੀ ਅਤੇ 12 ਫਰਵਰੀ ਨੂੰ ਉਹ ਗਵਾਲ ਮੰਡੀ ਹਾਊਸ, ਲਾਹੌਰ ਵਿਚ ਸੀ। ਉਹ ਮੰਨਦਾ ਹੈ ਕਿ ਉਸਨੇ ਗਰਲਜ਼ ਸਕੂਲ ਲੋਹਟ ਬੱਦੀ ਜਾਣ ਲਈ ਸਾਈਕਲ ਮੰਗਿਆ ਸੀ। 15 ਫਰਵਰੀ ਨੂੰ ਉਹ ਹਾਊਸ ਨੰਬਰ ਇਕ ਵਿਚ ਮੌਜਦੂ ਸੀ ਪਰ ਫੈਸਲਾ ਇਹ ਕੀਤਾ ਗਿਆ ਸੀ ਕਿ ਅਖ਼ਬਾਰ ਦੇ ਕੰਮ ਸਬੰਧੀ ਫੇਰ 21 ਨੂੰ ਮਿਲਿਆ ਜਾਵੇ। ਕਿਉਂ ਜੋ ਕਿਰਪਾਲ ਸਿੰਘ ਗਵਾਹ ਤੇ ਮੁਖਬਰ ਹੋਣ ਦਾ ਸ਼ੱਕ ਸੀ ਇਸ ਲਈ ਤਰੀਕ 19 ਕਰ ਦਿੱਤੀ ਗਈ ਸੀ, ਤਾਂ ਕਿ ਦੇਖਿਆਂ ਜਾ ਸਕੇ ਕਿ ਉਹ ਕੀ ਕਦਮ ਚੁੱਕਦਾ ਹੈ।

ਉਸਨੇ ਝੰਡਿਆਂ ਲਈ ਕੱਪੜਾ ਖਰੀਦਿਆ ਸੀ; ਇਹ ਝੰਡਾ 'ਯੁਗਾਂਤਰ ਆਸ਼ਰਮ' ਦਾ ਚਿੰਨ੍ਹ ਸੀ ਜੋ ਆਜ਼ਾਦੀ, ਭਾਈਚਾਰੇ ਅਤੇ ਬਰਾਬਰੀ ਨੂੰ ਦਰਸਾਉਂਦਾ ਹੈ। ਇਕ ਹੀ ਝੰਡਾ ਬਣਾਉਣ ਦੀ ਸੋਚੀ ਗਈ ਸੀ ਪਰ ਕਿਉਂਕ ਕੱਪੜਾ ਵਾਧੂ ਆ ਗਿਆ ਸੀ ਇਸ ਲਈ ਹੋਰ ਝੰਡੇ ਬਣਾ ਲਏ ਗਏ- (ਕਿੰਨਾ ਬੇਹੂਦਾ ਸਪੱਸ਼ਟੀਕਰਣ ਹੈ)। ਇਹ ਸਹੀ ਹੈ ਕਿ ਉਹ ਮੁਲਜ਼ਮ ਜਗਤ ਸਿੰਘ ਅਤੇ ਹਰਨਾਮ ਸਿੰਘ ਟੁੰਡਾ ਨਾਲ ਚੱਕ ਨੰ: 5 ਵਿਚ ਗ੍ਰਿਫ਼ਤਾਰ ਹੋਇਆ ਸੀ ਪਰ ਭਾਈ ਪਰਮਾਨੰਦ ਨੂੰ ਉਸ ਨੇ ਜੇਲ੍ਹ ਤੋਂ ਪ੍ਰਹਿਲਾਂ ਨਹੀਂ ਦੇਖਿਆ ਸੀ। ਉਹ ਮੰਨਦਾ ਹੈ ਕਿ ਉਹ ਪੁਲੀਸ ਤੋਂ ਬਚਣ ਦੀ ਕੋਸ਼ਿਸ਼ ਕਰਦਾ ਸੀ।

ਉਹ 17 ਨਵੰਬਰ ਨੂੰ ਲਾਢੂਵਾਲ ਵਿਖੇ ਇਕਬਾਲੀ ਗਵਾਹ ਅਮਰ ਸਿੰਘ, ਮੁਲਜ਼ਮ ਜਗਤ ਰਾਮ ਅਤੇ ਪ੍ਰਿਥੀ ਸਿੰਘ ਨੂੰ ਮਿਲਿਆ ਸੀ ਪਰ ਇਹ ਮਿਲਣੀ ਅਖ਼ਬਾਰ ਦੇ ਕੰਮ ਸਬੰਧੀ ਸੀ; ਅਤੇ ਇਹ ਵੀ ਮੰਨਦਾ ਹੈ ਕਿ ਇਕਬਾਲੀ ਗਵਾਹ ਅਮਰ ਸਿੰਘ, ਨਵਾਬ ਖਾਨ, ਮੁਲਜ਼ਮ ਨਿਧਾਨ ਸਿੰਘ ਅਤੇ ਕਾਂਸ਼ੀ ਰਾਮ (ਫਿਰੋਜ਼ਪੁਰ ਦਾ ਕਾਤਲ) ਵੀ ਬੱਦੋਵਾਲ ਵਿਖੇ ਸਨ। ਉਹ ਰੇਲ ਵਿਚ ਇਕ ਸਿਪਾਹੀ ਨਾਲ ਦੁੱਖਾਂ ਬਾਰੇ ਗੱਲ ਕਰਨ ਦੀ ਨਿੱਕੀ ਜਿਹੀ ਘਟਨਾ ਨੂੰ ਵੀ ਮੰਨਦਾ ਹੈ (ਨਵਾਬ ਖਾਨ ਦੇ ਬਿਆਨ ਅਨੁਸਾਰ)। ਉਹ ਜ਼ੋਰ ਦੇ ਕੇ ਕਹਿੰਦਾ ਹੈ ਕਿ ਉਸ ਨੇ ਨੌਰੰਗ ਸਿੰਘ ਮੁਲਜ਼ਮ ਦੀ ਦੁਕਾਨ ਕਦੀ ਨਹੀਂ ਦੇਖੀ।

ਇਹ ਮੁਲਜ਼ਮ ਦੇ ਕੇਸ ਦਾ ਭਰਪੂਰ ਪੂਰਨ ਰਿਕਾਰਡ ਹੈ ਅਤੇ ਇਹ ਦੇਖਿਆ ਜਾ ਸਕਦਾ ਹੈ ਕਿ ਖੁਦ ਉਸ ਦੇ ਬਿਆਨ ਦੀ ਪ੍ਰਾਸੀਕਿਊਸ਼ਨ ਦੇ ਗਵਾਹਾਂ ਦੀ ਗਵਾਹੀ ਦੀ ਸਚਾਈ ਨੂੰ ਕਿਸੇ ਤਰ੍ਹਾਂ ਸਾਬਤ ਕਰ ਦਿੰਦੇ ਹਨ। ਬਚਾਉ ਪੱਖ ਦੇ ਕੋਈ ਗਵਾਹ ਨਹੀਂ ਹਨ; ਸਾਰੇ ਮੁਕੱਦਮੇ ਵਿਚ ਵਿਸ਼ੇਸ਼ ਤੌਰ 'ਤੇ ਕੋਈ ਜ਼ਿਰ੍ਹਾ ਹੋਈ ਹੀ ਨਹੀਂ; ਅਤੇ ਸਾਡੇ ਸਾਮ੍ਹਣੇ ਮੁਲਜ਼ਮ ਨੇ ਖੁਦ ਆਪਣੇ ਕੇਸ ਤੇ ਜ਼ਿਰ੍ਹਾ ਕਰਨ ਦੀ ਕੋਈ ਇੱਛਾ ਜ਼ਾਹਿਰ ਨਹੀਂ ਕੀਤੀ ਅਤੇ ਨਾ ਹੀ ਉਸ ਲਈ ਨਿਯੁਕਤ ਕੀਤੇ ਵਕੀਲ ਨੂੰ ਜ਼ਿਰ੍ਹਾ ਦੀ ਇਜਾਜ਼ਤ ਦਿੱਤੀ। ਸਿਰਫ ਇਹ ਕਹਿਣਾ ਰਹਿ ਜਾਂਦਾ ਹੈ ਕਿ ਮੁਲਜ਼ਮ ਦਾ ਗੁਨਾਹ ਧੁਰ ਤੱਕ ਸਾਬਿਤ ਹੋ ਜਾਂਦਾ ਹੈ। ਇਸ ਵਿਚ ਸ਼ੱਕ ਨਹੀਂ ਕਿ ਉਹ ਨੌਜਵਾਨ ਹੈ; ਪਰ ਉਹ ਨਿਸ਼ਚੇ ਹੀ ਇਨ੍ਹਾਂ ਸਾਰਿਆਂ ਵਿਚ ਹੀ ਸਭ ਤੋਂ ਵੱਧ ਮਾੜਾ ਹੈ ਜਿਸ ਤੇ ਕੋਈ ਦਇਆ ਕਰਨੀ ਜਾਂ ਦਿਖਾਉਣੀ ਨਹੀਂ ਬਣਦੀ।

ਕੀ ਸਰਾਭੇ ਦੀ ਫਾਂਸੀ ਟਲ ਵੀ ਸਕਦੀ ਸੀ?

(ਲਾਰਡ ਹਾਰਡਿੰਗ, ਵਾਇਸਰਾਏ ਦੀ ਕੌਂਸਲ ਵੱਲੋਂ ਕੀਤੀ ਘੋਖ ਦੀ ਖ਼ੁਫੀਆ ਕਾਰਵਾਈ ਦੀ ਰੌਸ਼ਨੀ ਵਿਚ)

-ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ

ਇਹ ਸਵਾਲ ਏਨਾ ਬੇਮਤਲਬ ਨਹੀਂ ਜਿੰਨਾ ਕਿ ਪਹਿਲੀ ਨਜ਼ਰੇ ਲੱਗਦਾ ਹੈ। ਵਾਕਈ ਸ਼ਹੀਦ ਸਰਾਭਾ ਗ਼ਦਰ ਲਹਿਰ ਦੀ ਧੜਕਣ ਸੀ ਤੇ ਨਾਲੇ ਉਸ ਨੇ ਜੱਜਾਂ ਸਾਹਮਣੇ ਬੜੇ ਫਖਰ ਨਾਲ ਸਭ ਕੁਝ ਕਬੂਲ ਕੀਤਾ ਸੀ। ਅਸੀਂ ਸਹਿਜੇ ਕੀਤੇ ਇਹ ਕਦੇ ਕਿਆਸ ਵੀ ਨਹੀਂ ਕਰ ਸਕਦੇ ਕਿ ਉਸ ਵੇਲੇ ਦੀ ਜਾਬਰ ਸਰਕਾਰ ਜਿਸ ਨੇ ਇਨ੍ਹਾਂ ਸੂਰਬੀਰਾਂ ਨੂੰ ਫਾਹੇ ਲਾਉਣ ਲਈ ਸਪੈਸ਼ਲ ਅਦਾਲਤ ਬਣਾਈ ਸੀ, ਜਿਸ ਅੱਗੇ ਨਾ ਵਕੀਲ, ਨਾ ਦਲੀਲ ਅਤੇ ਨਾ ਹੀ ਕੋਈ ਅਪੀਲ ਸੀ। ਸਾਧਾਰਨ ਫੌਜਦਾਰੀ ਕਾਨੂੰਨ ਪ੍ਰਣਾਲੀ ਦੀਆਂ ਸਰਕਾਰ ਤੇ ਲਾਗੂ ਕੁਝ ਬੰਦਸ਼ਾਂ ਤੋਂ ਵੀ ਛੋਟ ਦੇ ਦਿੱਤੀ ਗਈ ਸੀ। ਕਿਸੇ ਤਰ੍ਹਾਂ ਦੀ ਨਰਮੀ ਦੀ ਇਸ ਸਰਕਾਰ ਤੋਂ ਕੋਈ ਆਸ ਨਹੀਂ ਸੀ। ਦੂਜੇ ਸ਼ਬਦਾਂ ਵਿਚ ਜੇ ਸਰਾਭੇ ਨੂੰ ਫਾਂਸੀ ਨਹੀਂ ਲਾਉਣੀ ਤਾਂ ਫਿਰ ਲਾਉਣੀ ਕਿਸ ਨੂੰ ਹੈ।

ਜਿਵੇਂ ਕਿ ਗਿਆਨਵਾਨ ਪਾਠਕ ਜਾਣੂ ਹਨ, ਪਹਿਲੇ ਲਾਹੌਰ ਸਾਜਿਸ਼ ਕੇਸ ਦਾ ਫੈਸਲਾ 13 ਸਤੰਬਰ, 1915 ਨੂੰ ਸੁਣਾਇਆ ਗਿਆ ਸੀ ਜਿਸ ਵਿਚ ਕੁੱਲ 61 ਮੁਲਜ਼ਮ ਸਨ ਜਿਨ੍ਹਾਂ ਵਿਚੋਂ 24 ਨੂੰ ਫਾਂਸੀ ਤੇ 26 ਨੂੰ ਉਮਰ ਕੈਦ-ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ ਸੀ।

ਜਦੋਂ ਇਹ ਫੈਸਲਾ ਪੰਜਾਬ ਦੇ ਬਦਨਾਮ ਗਰਵਰਨਰ ਮਾਈਕਲ ਉਡਵਾਇਰ (ਜਿਸ ਨੂੰ 1940 ਵਿਚ ਸ਼ਹੀਦ ਊਧਮ ਸਿੰਘ ਨੇ ਮਾਰਿਆ ਸੀ) ਨੇ ਚੌਵੀ ਦੇ ਚੌਵੀ ਫਾਂਸੀ ਵਾਲਿਆਂ ਦੇ ਮਾਮਲੇ 'ਤੇ ਨਜ਼ਰਸਾਨੀ ਕੀਤੀ ਤੇ ਉਸ ਨੇ ਸਿਰਫ਼ ਇਕ ਵਿਅਕਤੀ ਸ੍ਰੀ ਕਾਲਾ ਸਿੰਘ (ਤਰਖਾਣ) ਵਾਸੀ ਸ਼ਹਿਰ ਅੰਮ੍ਰਿਤਸਰ 'ਤੇ ਨਜ਼ਰੇ ਇਨਾਇਤ ਕਰ ਕੇ ਮਾਮਲਾ ਸੰਤੋਖ ਦਿੱਤਾ।

ਫੇਰ ਇਹ ਮਿਸਲ ਲਾਰਡ ਹਾਰਡਿੰਗ ਗਵਰਨਰ ਜਨਰਲ (ਵਇਸਰਾਏ, ਜਿਸ ਉੱਪਰ ਇਨਕਲਾਬੀਆਂ ਨੇ ਸੰਨ 1913 ਵਿਚ ਦਿੱਲੀ ਚਾਂਦਨੀ ਚੌਕ ਵਿਖੇ ਹਮਲਾ ਕੀਤਾ ਸੀ ਜਦੋਂ ਉਹ ਹਾਥੀ 'ਤੇ ਸਵਾਰ ਹੋ ਕੇ ਕਲਕੱਤੇ ਤੋਂ ਦਿੱਲੀ ਰਾਜਧਾਨੀ ਬਦਲਣ ਦੇ ਜਸ਼ਨ ਦਾ ਲਾੜਾ ਸਜਿਆ ਹੋਇਆ ਸੀ) ਦੀ ਘੋਖ ਵਾਸਤੇ ਦਿੱਲੀ ਭੇਜੀ ਗਈ। ਇਹ

ਮਿਸਲ 20 ਸਤੰਬਰ, 1915 ਉਪਰੰਤ ਗਈ ਹੋਵੇਗੀ ਕਿਉਂਕਿ ਉਸ ਤਰੀਕ ਦੇ ਪੰਜਾਬ ਗਵਰਨਰ ਦੇ ਉਸ 'ਤੇ ਦਸਖ਼ਤ ਕੀਤੇ ਹੋਏ ਹਨ।

ਪਰ ਇੰਜ ਕਰਨ ਦੀ ਲੋੜ ਕੀ ਸੀ? ਕਾਨੂੰਨ ਅਨੁਸਾਰ ਗਵਰਨਰ ਦੀ ਘੋਖ ਪੜਤਾਲ ਤੋਂ ਪਿੱਛੋਂ ਇਹ ਮਾਮਲਾ ਇੱਥੇ ਹੀ ਨਿਬੜ ਜਾਂਦਾ ਪਰ ਜਿਵੇਂ ਕਿ ਬਾਬਾ ਸੋਹਨ ਸਿੰਘ ਭਕਨਾ ਨੇ 'ਜੀਵਨ ਸੰਗਰਾਮ' ਦੇ ਸਫ਼ਾ 51 'ਤੇ ਲਿਖਿਆ ਹੈ ਕਿ ਸ੍ਰੀ ਰਘੁਨਾਥ ਸਹਾਏ ਤੇ ਕੁਝ ਹੋਰ ਦੇਸ਼ ਭਗਤ ਵਕੀਲਾਂ ਨੇ ਇਸ ਮੁਕੱਦਮੇ ਦੇ ਕਾਗਜ਼ ਅਲਾਹਾਬਾਦ ਪੰਡਤ ਮੋਤੀ ਲਾਲ ਨਹਿਰੂ ਅੱਗੇ ਪੇਸ਼ ਕੀਤੇ ਜਿਨ੍ਹਾਂ ਕਾਗਜ਼ਾਂ ਦੀ ਪੜਤਾਲ ਕਰ ਕੇ ਲੱਭਿਆ ਕਿ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਵਿਰੁੱਧ ਲਾਏ ਦੋਸ਼ ਕਾਨੂੰਨੀ ਨੁਕਤਾ ਨਿਗਾਹ ਨਾਲ ਸਾਬਤ ਹੋਏ ਨਹੀਂ ਮੰਨੇ ਜਾ ਸਕਦੇ। ਵਕੀਲਾਂ ਦਾ ਡੈਪੂਟੇਸ਼ਨ ਵਾਇਸਰਾਏ ਦੀ ਕੌਂਸਲ ਦੇ ਨਾਮਜ਼ਦ ਮੈਂਬਰਾਂ ਸਰ ਅਲੀ ਇਮਾਮ ਵਗੈਰਾ ਨੂੰ ਮਿਲਿਆ ਅਤੇ ਕਾਨੂੰਨੀ ਨੁਕਤੇ ਸਮਝਾਏ ਤੇ ਫੇਰ ਇਹ ਡੈਪੂਟੇਸ਼ਨ ਲਾਰਡ ਹਾਰਡਿੰਗ ਨੂੰ ਵੀ ਮਿਲਿਆ।

ਟਿੱਪਣੀ ਹੋਮ ਡਿਪਾਰਟਮੈਂਟ ਮੈਂਬਰ ਸਰ ਕਰੈਡਰਾਕ ਦੀ (5 **ਅਕਤੂਬਰ, 1915**): ਵਾਰੀ ਆਈ ਸਭ ਤੋਂ ਪਹਿਲਾਂ ਸਰ ਕਰੈਡਰਾਕ ਦੀ, ਉਸ ਨੇ ਪਹਿਲਾ ਕੰਮ ਇਹ ਕੀਤਾ ਕਿ 'ਅਗਲੇ ਹੁਕਮਾਂ ਤੱਕ' ਫਾਂਸੀ 'ਤੇ ਰੋਕ ਲਾ ਦਿੱਤੀ।

ਇਸ ਨੇ ਪੰਜ ਗ਼ਦਰੀਆਂ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲਣ ਦੀ ਸਿਫਾਰਸ਼ ਕੀਤੀ। ਉਹ ਸਨ: 1. ਸ੍ਰੀ ਬਲਵੰਤ ਸਿੰਘ ਸਪੁੱਤਰ ਸ੍ਰੀ ਮੀਰ ਸਿੰਘ (ਜੱਟ) ਪਿੰਡ ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ, 2. ਸ੍ਰੀ ਰੁਲੀਆ ਸਿੰਘ, ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ (ਜਿਹੜੇ ਪਿੱਛੋਂ ਜਾ ਕੇ ਕਾਲੇ ਪਾਣੀ ਦੇ ਤਸੀਹੇ ਝੱਲਦਿਆਂ ਸ਼ਹੀਦ ਹੋਏ), 3. ਸ੍ਰੀ ਖੁਸ਼ਹਾਲ ਸਿੰਘ ਸਪੁੱਤਰ ਸ੍ਰੀ ਸੁਚੇਤ ਸਿੰਘ, ਪਿੰਡ ਪੱਧਰੀ, ਜ਼ਿਲ੍ਹਾ ਅੰਮ੍ਰਿਤਸਰ, 4. ਸ੍ਰੀ ਸਾਵਨ ਸਿੰਘ ਸਪੁੱਤਰ ਸ੍ਰੀ ਖੁਸ਼ਹਾਲ ਸਿੰਘ, ਪਿੰਡ ਚੱਬਾ, ਜ਼ਿਲ੍ਹਾ ਅੰਮ੍ਰਿਤਸਰ, 5. ਸ੍ਰੀ ਨੰਦ ਸਿੰਘ ਸਪੁੱਤਰ ਸ੍ਰੀ ਰਾਮ ਸਿੰਘ (ਜੱਟ) ਪਿੰਡ ਕੈਲੇ ਜ਼ਿਲ੍ਹਾ ਲੁਧਿਆਣਾ।

ਸ਼ਹੀਦ ਸਰਾਭੇ ਬਾਰੇ ਲਿਖਿਆ ਹੈ: (ਉਮਰ 20 ਸਾਲ) ਭਾਵੇਂ ਨੌਜਵਾਨ ਹੈ ਪਰ ਇਹ ਸਾਰੇ ਸਾਜਿਸ਼ੀਆਂ 'ਚੋਂ ਅਤੀ ਮਹੱਤਵਪੂਰਨ ਵਿਅਕਤੀਆਂ ਵਿੱਚੋਂ ਇਕ ਹੈ ਅਤੇ ਅਦਾਲਤ ਨੇ ਇਸ ਨੂੰ ਸਰਾਸਰ ਬੇਕਿਰਕ ਸ਼ੈਤਾਨ, ਜੋ ਆਪਣੀਆਂ ਕਰਤੂਤਾਂ 'ਤੇ ਫਖ਼ਰ ਕਰਦਾ ਹੈ, ਕਹਿ ਕੇ ਆਪਣੀ ਰਾਇ ਦਿੱਤੀ ਹੈ ਭਾਵ ਇਹ ਕਿ ਇਸ ਦੀ ਸਜ਼ਾ ਘਟਾਉਣ ਦੀ ਤਾਂ ਗੱਲ ਕਰਨੀ ਵੀ ਬਣਦੀ ਨਹੀਂ।

ਫੇਰ ਵਾਰੀ ਆਈ ਸਰ ਅਲੀ ਇਮਾਮ (**ਕਾਨੂੰਨੀ ਸਲਾਹਕਾਰ**) **ਦੀ** (13 **ਅਕਤੂਬਰ, 1915**) : ਜਿਸ ਨੇ ਸਰ ਕਰੈਡਰਾਕ ਦੀ ਉੱਪਰ ਦੱਸੇ ਪੰਜਾਂ ਗ਼ਦਰੀਆਂ ਦੀ ਸਜ਼ਾ ਬਾਰੇ ਰਿਆਇਤ ਨਾਲ ਸਹਿਮਤ ਹੋਣ ਤੋਂ ਇਲਾਵਾ ਹੇਠ ਲਿਖੇ 12 ਗ਼ਦਰੀਆਂ ਦੀ ਸਜ਼ਾ ਘਟਾਏ ਜਾਣ ਦੀ ਸਿਫਾਰਸ਼ ਕੀਤੀ ਹੈ :

1. ਸ੍ਰੀ ਹਰਨਾਮ ਸਿੰਘ (ਟੁੰਡੀ ਲਾਟ) ਪਿੰਡ ਕੋਟਲਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ,
2. ਸ੍ਰੀ ਹਿਰਦੇ ਰਾਮ (ਰਾਜਪੂਤ) ਮੰਡੀ ਰਿਆਸਤ ਹਿਮਾਚਲ,

3. ਸ੍ਰੀ (ਪੰਡਤ) ਜਗਤ ਰਾਮ ਪਿੰਡ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ,

4. ਭਾਈ ਪਰਮਾਨੰਦ ਵਾਸੀ ਕੜਿਆਲਾ, ਜ਼ਿਲ੍ਹਾ ਜ਼ਿਹਲਮ (ਪੱਛਮੀ ਪੰਜਾਬ),

5. ਪੰਡਤ ਪਰਮਾਨੰਦ (ਝਾਂਸੀ, ਯੂ.ਪੀ.),

6. ਸ੍ਰੀ ਪਿਰਥੀ ਸਿੰਘ ਲਾਲੜੂ ਜ਼ਿਲ੍ਹਾ (ਰਿਆਸਤ) ਪਟਿਆਲਾ,

7. ਸ੍ਰੀ ਕੇਸਰ ਸਿੰਘ ਪਿੰਡ ਠੱਠਗੜ੍ਹ ਜ਼ਿਲ੍ਹਾ ਅੰਮ੍ਰਿਤਸਰ,

8. ਸ੍ਰੀ ਨਿਧਾਨ ਸਿੰਘ ਪਿੰਡ ਚੁੱਘਾ ਜ਼ਿਲ੍ਹਾ ਫਿਰੋਜ਼ਪੁਰ,

9. ਸ੍ਰੀ ਰਾਮ ਸ਼ਰਨ ਦਾਸ ਕਪੂਰਥਲਾ,

10. ਸ੍ਰੀ ਸੋਹਨ ਸਿੰਘ ਪਿੰਡ ਭਕਨਾ (ਅੰਮ੍ਰਿਤਸਰ),

11. ਸ੍ਰੀ ਵਸਾਵਾ ਸਿੰਘ ਸਪੁੱਤਰ ਸ੍ਰੀ ਮੀਹਾਂ ਸਿੰਘ ਪਿੰਡ ਗਿੱਲਵਾਲੀ, ਜ਼ਿਲ੍ਹਾ ਅੰਮ੍ਰਿਤਸਰ,

12. (ਸ਼ਹੀਦ) ਕਰਤਾਰ ਸਿੰਘ ਸਰਾਭਾ (ਉਮਰ ਸਾਢੇ ਅਠਾਰਾਂ ਤੋਂ 20 ਦੇ ਦਰਮਿਆਨ)।

ਇਹ ਮੁਲਜ਼ਮ (ਭਾਵੇਂ) ਇਸ ਸਜ਼ਿਸ਼ ਦੇ (ਸਿਵਾਏ ਕਤਲ ਦੇ) ਹਰੇਕ ਦੌਰ ਵਿਚ ਨੱਕੋ ਨੱਕ ਸਰਸ਼ਾਰ ਹੈ ਪਰ ਇਸ ਦੇ ਵਿਰੁੱਧ ਧਾਰਾ 396 ਆਈ.ਪੀ.ਸੀ. (ਡਕੈਤੀ ਦੌਰਾਨ ਕਤਲ) ਦੇ ਦੋਸ਼ ਬਾਰੇ ਮੈਂ ਇਸ ਦੀ ਅੱਲ੍ਹੜ ਅਵਸਥਾ ਬਾਰੇ ਸੁਚੇਤ ਹਾਂ। ਜੇ ਕਿਤੇ ਉਸ ਦੀ ਇਹ ਅੱਲੜ੍ਹ ਅਵਸਥਾ ਨਾ ਹੁੰਦੀ ਤਾਂ ਮੈਂ ਉਸ ਨੂੰ ਫਾਂਸੀ ਦਾ ਪੂਰਾ ਹੱਕਦਾਰ ਮਿੱਥਣ ਵਿਚ ਕੋਈ ਵੀ ਹਿਚਕਚਾਹਟ ਮਹਿਸੂਸ ਨਾ ਕਰਦਾ।

ਸਰ ਕਰੈਡਰਾਕ ਦੀ ਕਿੰਤੂ ਪ੍ਰੰਤੂ (15 ਅਕਤੂਬਰ, 1915) : ਸਰ ਕਰੈਡਰਾਕ ਨੇ ਲਾਰਡ ਹਾਰਡਿੰਗ ਨੂੰ ਲਿਖਿਆ ਹੈ ਕਿ ਭਾਵੇਂ ਅਦਾਲਤ ਦੇ ਜੱਜ ਹਰੇਕ ਮੁਲਜ਼ਮ ਸਬੰਧੀ ਚੋਣਵੇਂ ਤੱਥਾਂ ਦਾ ਹਵਾਲਾ ਦੇਣੋਂ ਉਕ ਗਏ ਹਨ ਪਰ ਕੋਈ ਵੀ ਸਾਧਾਰਨ ਇਨਸਾਨ ਕੇਸ ਦਾ ਮਸੌਦਾ ਪੜ੍ਹ ਕੇ ਕਹੇ ਬਿਨਾਂ ਰਹਿ ਨਹੀਂ ਸਕਦਾ ਕਿ ਇਹ ਸਾਰੇ ਦੇ ਸਾਰੇ ਹੀ ਇਸ ਸਾਜ਼ਿਸ਼ ਵਿਚ ਬਰਾਬਰ ਸ਼ਾਮਲ ਸਨ। ਮੈਂ ਫਿਰ ਆਪਣੀ ਪਹਿਲਾਂ ਦਿੱਤੀ ਟਿੱਪਣੀ 'ਤੇ ਕਾਇਮ ਹਾਂ। ਹੋ ਸਕਦੈ ਕਿ ਕਾਨੂੰਨੀ ਪੱਖੋਂ ਕੁਝ ਉਕਾਈਆਂ ਹੋਣ ਪਰ ਨਿਰੋਲ ਤੱਥਾਂ ਦੇ ਆਧਾਰ 'ਤੇ ਜੋ ਮੈਂ ਕਿਹਾ ਹੈ, ਉਹੋ ਠੀਕ ਲਗਦਾ ਹੈ, ਖਾਸ ਤੌਰ 'ਤੇ ਜਗਤ ਸਿੰਘ (ਸੁਰ ਸਿੰਘ), ਹਰਨਾਮ ਸਿੰਘ (ਸਿਆਲਕੋਟ) ਤੇ ਕਰਤਾਰ ਸਿੰਘ ਸਰਾਭਾ ਨੇ ਗ੍ਰਿਫ਼ਤਾਰੀ ਤੋਂ ਐਨ ਪਹਿਲਾਂ ਤੇ ਗ੍ਰਿਫਤਾਰੀ ਦੌਰਾਨ ਚੱਕ ਨੰਬਰ 5 (ਸਰਗੋਧਾ) ਵਿਚ 22 ਨੰਬਰ ਰਸਾਲੇ ਦੇ ਜਵਾਨਾਂ ਨੂੰ ਉਕਸਾ ਕੇ ਗ਼ਦਰ ਵਿਚ ਸ਼ਾਮਲ ਕਰਨ ਦਾ ਉਪਰਾਲਾ ਕੀਤਾ ਸੀ, ਉਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾਣਾ ਚਾਹੀਦਾ ਜਿਵੇਂ ਕਿ (ਸਰ ਅਲੀ ਇਮਾਮ ਵੱਲੋਂ) ਕੀਤਾ ਗਿਆ ਹੈ।

ਸਰ ਅਲੀ ਇਮਾਮ ਦਾ ਪ੍ਰਤੀਕਰਮ (11 ਅਕਤੂਬਰ, 1915) : ਸਰ ਅਲੀ ਇਮਾਮ ਨੇ ਸੰਬੰਧਿਤ ਗਵਾਹਾਂ ਦੇ ਬਿਆਨਾਂ ਦਾ ਹਵਾਲਾ ਦੇ ਕੇ ਇਹ ਸਿੱਟਾ ਕੱਢ ਕੇ ਪੇਸ਼ ਕੀਤਾ ਕਿ ਭਾਵੇਂ ਕਿ ਇਨ੍ਹਾਂ (ਤਿੰਨਾਂ) ਦਾ ਇਰਾਦਾ ਇਨ੍ਹਾਂ ਫੌਜੀਆਂ ਨੂੰ ਗ਼ਦਰ

ਲਈ ਨਾਲ ਮਿਲਾਉਣਾ ਹੀ ਹੋਵੇ ਪਰ ਅਸਲ ਵਿਚ ਇਹ ਅਮਲ ਕੇਵਲ ਇਕ ਧਾਰਨਾ ਤੋਂ ਅਗੇਰੇ ਗਏ ਸਾਬਤ ਨਹੀਂ ਹੁੰਦੇ। ਇਸ ਲਈ ਕੇਵਲ ਇਸ ਧਾਰਨਾ ਦੇ ਵਿਸ਼ਵਾਸ ਅਧੀਨ ਇਨ੍ਹਾਂ 'ਤੇ ਲਾਏ ਗਏ ਜ਼ੁਰਮ ਦੀ ਸਜ਼ਾ ਦੇਣਾ ਵਾਜਬ ਨਹੀਂ ਹੋਵੇਗਾ।

ਹੁਣ ਆ ਗਈ ਵਾਰੀ ਲਾਰਡ ਹਾਰਡਿੰਗ ਦੀ (ਮਿਤੀ: 23 ਅਕਤੂਬਰ, 1915) ਭਾਵੇਂ ਸਰ ਮਾਈਕਲ ਉਡਵਾਇਰ ਤੇ ਸਰ ਕਰੈਡਰਾਕ ਦੀਆਂ ਟਿੱਪਣੀਆਂ ਬੜੀਆਂ ਸਪੱਸ਼ਟ ਤੇ ਸਾਰਥਕ ਨੇ ਪਰ ਇਹ ਪ੍ਰਤੱਖ ਤੌਰ 'ਤੇ ਕਾਰਜਕਾਰੀ ਅਫ਼ਸਰਾਂ ਦੀ ਸੋਚਣੀ ਦੀ ਪੈਦਾਵਾਰ ਹਨ। ਇਨ੍ਹਾਂ ਕੈਦੀਆਂ ਦਾ ਮਾਮਲਾ ਇਸ ਲਈ ਜ਼ਿਆਦਾ ਗੰਭੀਰ ਹੈ ਕਿਉਂਕਿ ਇਨ੍ਹਾਂ ਲਈ ਅਪੀਲ ਕਰਨ ਵਾਸਤੇ ਕੋਈ ਹੋਰ ਉਚੇਰੀ ਅਦਾਲਤ ਨਹੀਂ ਹੈ ਅਤੇ ਆਖਰੀ ਫੈਸਲਾ ਸਾਡੀ ਕੌਂਸਲ ਦੇ ਹੱਥ ਵਿਚ ਹੈ।

ਸਾਧਾਰਨ ਹਾਲਤਾਂ ਵਿਚ ਤਾਂ ਹਰੇਕ ਮੁਲਜ਼ਮ ਨੂੰ ਇਕ ਦੋ ਅਪੀਲਾਂ ਕਰਨ ਦਾ ਮੌਕਾ ਮਿਲਦਾ ਹੈ ਜਿਸ ਰਾਹੀਂ ਉਨ੍ਹਾਂ ਨੂੰ ਇਨਸਾਫ਼ ਮਿਲ ਸਕਦਾ ਹੈ ਪਰ ਚੂੰਕਿ ਇਨ੍ਹਾਂ ਨੂੰ ਅਪੀਲ ਦਾ ਮੌਕਾ ਨਹੀਂ ਮਿਲਿਆ, ਇਸ ਲਈ ਸਾਡੀ ਜ਼ਿੰਮੇਵਾਰੀ ਵਧ ਜਾਂਦੀ ਹੈ ਕਿ ਬੇਇਨਸਾਫੀ ਨਾ ਹੋਵੇ।

ਮੇਰੀ ਰਾਇ ਵਿਚ ਇਸ (ਸਪੈਸ਼ਲ) ਕਾਨੂੰਨ ਅੰਦਰ ਇਕ ਵੱਡਾ ਨੁਕਸ ਹੈ।

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਸਰ ਮਾਈਕਲ ਉਡਵਾਇਰ ਤੇ ਸਰ ਕਰੈਡਰਾਕ ਦੀਆਂ ਟਿੱਪਣੀਆਂ ਭਾਵੇਂ ਕਾਰਜਕਾਰੀ ਪੱਖ ਤੋਂ ਸ਼ਲਾਘਾਯੋਗ ਹਨ ਪਰ ਕਾਨੂੰਨੀ (ਮਾਹਿਰ) ਮੈਂਬਰ ਸਰ ਅਲੀ ਇਮਾਮ ਦੀ ਰਾਇ ਤੋਂ ਸਲਾਹ ਲੈਣੀ ਠੀਕ ਸਮਝੀ ਸੀ ਜਿਸ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਏਨੀ ਗਹੁ ਨਾਲ ਸਾਰੇ ਕੇਸ ਨੂੰ ਵਾਚਿਆ ਹੈ ਤੇ ਏਨੇ ਸਪੱਸ਼ਟ ਰੂਪ ਵਿਚ ਕਾਨੂੰਨੀ ਪੱਖ ਨੂੰ ਉਜਾਗਰ ਕੀਤਾ ਹੈ।

ਸਰ ਅਲੀ ਇਮਾਮ ਦੀ ਟਿੱਪਣੀ ਦੇ ਅਖੀਰਲੇ ਪੈਰੇ ਵਿਚ 'ਸਿਆਸੀ ਮਸਲਤਾਂ' ਵੱਲ ਇਸ਼ਾਰਾ ਕੀਤਾ ਗਿਆ ਹੈ ਜਿਸ ਬਾਰੇ ਮੈਂ ਸਪੱਸ਼ਟ ਤੌਰ 'ਤੇ ਕਹਿਣਾ ਚਾਹਾਂਗਾ ਕਿ ਐਸੀ ਕੋਈ ਗੱਲ ਨਹੀਂ ਕਿ ਇਹ ਮਸਲਾ ਨਿਰੋਲ ਕਾਨੂੰਨ ਤੇ ਨਿਆਂ ਦਾ ਹੈ।

ਜਿਵੇਂ ਕਿ ਸਰ ਅਲੀ ਇਮਾਮ ਨੇ ਲਿਖਿਆ ਹੈ ਕਿ ਜੱਜ ਸਾਹਿਬਾਨ ਨੇ ਵਿਅਕਤੀਗਤ ਰੂਪ ਵਿਚ ਇਕ ਇਕ ਮੁਲਜ਼ਮ ਦੇ ਰੋਲ ਬਾਰੇ ਨਿਰਣਾ ਕਰਦਿਆਂ ਦਫਾ 121 (ਬਾਦਸ਼ਾਹ ਵਿਰੁੱਧ ਜਹਾਦ) ਅਤੇ 121-ਏ (ਸਰਕਾਰ ਵਿਰੁੱਧ ਅਪਰਾਧਾਂ ਸੰਬੰਧੀ ਸਾਜਿਸ਼) ਵਿਚਾਲੇ ਸਪੱਸ਼ਟ ਲਕੀਰ ਨਹੀਂ ਖਿੱਚੀ। (ਇਹ ਇਸ ਲਈ ਜ਼ਰੂਰੀ ਸੀ ਕਿਉਂਕਿ ਜਿਥੇ 121 ਦਫਾ ਤਹਿਤ ਮੌਤ ਦੀ ਸਜ਼ਾ ਵੀ ਮਿਲ ਸਕਦੀ ਹੈ, 121-ਏ ਤਹਿਤ ਜ਼ਿਆਦਾ ਤੋਂ ਜ਼ਿਆਦਾ ਸਜ਼ਾ ਉਮਰ ਕੈਦ ਹੈ) ਇਸ ਪਥਰਾਏ ਸਰ ਅਲੀ ਇਮਾਮ ਨੇ ਸਰ ਐਸ.ਸੀ. ਕਾਰਨਡਫ ਦੀ 'ਮਾਨਕਤਲਾ ਬੰਬ ਕੇਸ' ਦੌਰਾਨ ਦਿੱਤੀ ਰਾਇ ਦਾ ਹਵਾਲਾ ਵੀ ਦਿੱਤਾ ਹੈ ਅਤੇ ਮੇਰੇ ਲਈ ਅਜਿਹੇ ਜੱਜ ਦੀ ਰਾਇ ਨੂੰ ਅਣਗੌਲਿਆਂ ਕਰਨਾ ਬਹੁਤ ਔਖਾ ਹੈ ਜਿਸ ਦੀ ਮੈਂ ਨਿੱਜੀ ਤੌਰ 'ਤੇ ਬਹੁਤ ਇੱਜ਼ਤ ਕਰਦਾ ਹਾਂ।

ਮੈਂ ਸਿਧਾਂਤਕ ਤੌਰ 'ਤੇ ਆਪਣੇ ਕਾਨੂੰਨੀ ਮੈਂਬਰ ਦੀ ਰਾਇ ਦਾ ਸਨਮਾਨ ਕਰਨ

ਦਾ ਪਾਬੰਦ ਹੁੰਦਿਆਂ ਉਸ ਦੀ ਰਾਇ ਸਿਵਾਏ ਕਰਤਾਰ ਸਿੰਘ (ਸਰਾਭਾ) ਦੇ ਬਾਕੀਆਂ ਪਰਥਾਏ ਸਵੀਕਾਰ ਕਰਦਾ ਹਾਂ ਜਿਸ ਬਾਰੇ ਮੈਂ ਇਸ ਮੁੱਦੇ 'ਤੇ ਸਹਿਮਤ ਨਹੀਂ ਹਾਂ ਕਿ ਇਸ ਨੇ ਦਫਾ 121 ਤਹਿਤ ਜ਼ੁਰਮ ਨਹੀਂ ਕੀਤਾ। ਸੋ ਇਸ ਨੂੰ ਛੱਡ ਕੇ ਬਾਕੀ ਗਿਆਰਾਂ ਦੀ 121 ਦਫਾ ਤਹਿਤ ਸਜ਼ਾ ਨੂੰ ਅਯੋਗ ਕਰਾਰ ਦਿੰਦਾ ਹਾਂ।

ਹੋ ਸਕਦੈ ਮੇਰੀ ਇਸ ਧਾਰਨਾ ਸਬੰਧੀ ਕਿਸੇ ਹੋਰ ਕਾਨੂੰਨੀ ਮਾਹਿਰ, ਭਾਵ ਐਡਵੋਕੇਟ ਜਨਰਲ ਦੀ ਰਾਇ ਲੈਣਾ ਕੁਥਾਏਂ ਨਾ ਹੋਵੇ। ਪਰ ਅਜਿਹਾ ਕਰਨ ਨਾਲ ਮਾਮਲਾ ਹੋਰ ਵੀ ਉਲਝ ਸਕਦਾ ਹੈ, ਖਾਸ ਕਰਕੇ ਇਸ ਲਈ ਕਿ (ਮੌਜੂਦਾ) ਐਡਵੋਕੇਟ ਜਨਰਲ ਦੀ ਰਾਇ ਭਰੋਸੇਯੋਗ ਨਹੀਂ ਕਹੀ ਜਾ ਸਕਦੀ।

ਇਸ ਤੋਂ ਇਲਾਵਾ ਮੈਨੂੰ ਪ੍ਰਾਈਵੇਟ ਤੌਰ 'ਤੇ ਖ਼ੋਜ ਪੜਤਾਲ ਰਾਹੀਂ ਸਹੀ ਤੱਥਾਂ ਨੂੰ ਲੱਭਣ ਦਾ ਸੁਝਾਅ ਵੀ ਦਿੱਤਾ ਗਿਆ ਹੈ ਜਿਹੜਾ ਮਾਣਯੋਗ ਜੱਜ ਸਾਹਿਬਾਨ ਦੇ ਫੈਸਲੇ ਦੀ ਸ਼ਾਨ ਦੇ ਅਨੁਸਾਰ ਨਹੀਂ ਹੋ ਸਕਦਾ।

ਮੁਕਦੀ ਗੱਲ : ਮੌਜੂਦਾ ਹਾਲਾਤ ਤਹਿਤ ਸਰਕਾਰੇ-ਹਿੰਦ, ਜਿਹੜੀ ਨਿਆਇਕ ਸੰਸਥਾ ਨਹੀਂ ਹੈ ਅਤੇ ਨਿਆਇਕ ਯੋਗਤਾ ਨਹੀਂ ਰੱਖਦੀ, ਲਈ ਸਿਵਾਏ ਅਲੀ ਇਮਾਮ ਦੀ ਰਾਏ (ਇਕ ਕਰਤਾਰ ਸਿੰਘ ਨੂੰ ਛੱਡ ਕੇ) ਨੂੰ ਮੰਨ ਲੈਣੋਂ ਹੋਰ ਕੋਈ ਰਾਹ ਨਹੀਂ।

ਕਰਤਾਰ ਸਿੰਘ ਸਰਾਭਾ ਦਾ ਜਿੱਥੋਂ ਤੱਕ ਸੰਬੰਧ ਹੈ ਇਹ ਸਾਰੇ ਲਾਣੇ ਵਿੱਚੋਂ ਅਤੀ ਮਾੜਿਆਂ ਵਿੱਚੋਂ ਇਕ ਹੈ। ਸਰ ਅਲੀ ਇਮਾਮ ਨੇ ਸਿਰਫ਼ ਇਸ ਦੀ ਅੱਲ੍ਹੜ ਅਵਸਥਾ ਦੇ ਆਧਾਰ 'ਤੇ ਰਹਿਮ ਦੀ ਸਿਫਾਰਸ਼ ਕੀਤੀ ਹੈ। ਮੈਂ ਵੀ ਉਨ੍ਹਾਂ (ਸਰ ਅਲੀ ਇਮਾਮ) ਵਾਂਗ ਹੀ ਅੱਲ੍ਹੜ ਵਿਅਕਤੀ ਦੀ ਜਾਨ ਲੈਣੋਂ ਘ੍ਰਿਣਾ ਕਰਦਾ ਹਾਂ। ਜਿਵੇਂ ਮੇਰੀ ਯਾਦਦਾਸ਼ਤ ਆਪਣੇ ਬਾਰੇ ਕੰਮ ਕਰਦੀ ਹੈ ਮੈਂ ਇਹ ਕਹਿ ਸਕਦਾ ਹਾਂ ਕਿ 19 ਅਤੇ 20 ਸਾਲ ਦੀ ਉਮਰੇ ਮੈਂ ਕਈ ਮੂਰਖਾਨਾ ਤੇ ਅੱਧਖੜੇ ਵਿਚਾਰ ਰੱਖਦਾ ਸਾਂ ਜਿਨ੍ਹਾਂ ਨੂੰ ਮੈਂ ਹੁਣ ਕਿਸੇ ਤਰ੍ਹਾਂ ਵੀ ਨਾਲ ਰੱਖਣ ਨੂੰ ਤਿਆਰ ਨਹੀਂ ਹੋ ਸਕਦਾ। ਪਰ ਮੈਂ ਇਸ ਮਾਮਲੇ ਵਿਚ ਆਪਣੇ ਵਿਚਾਰ ਠੋਸਣਾ ਨਹੀਂ ਚਾਹੁੰਦਾ ਅਤੇ ਇਸ ਲਈ ਮੈਂ ਇਸ ਮੁੱਦੇ ਨੂੰ ਆਪਣੇ ਸਹਿਯੋਗੀਆਂ ਦੀ ਬਹੁਸੰਮਤੀ 'ਤੇ ਛੱਡਦਾ ਹਾਂ। ਜੇ ਕਿਤੇ ਮੇਰੇ ਸਹਿਯੋਗੀਆਂ ਦੀ ਰਾਇ ਫੈਸਲਾਕੁੰਨ ਨਾ ਹੋਵੇ (ਭਾਵ ਬਰਾਬਰ ਬਰਾਬਰ ਹੋਵੇ) ਤਾਂ ਮੇਰੀ ਰਾਇ ਨੂੰ ਆਖਰੀ ਮੰਨਿਆ ਜਾਵੇ।

ਨਿੱਜੀ ਤੌਰ 'ਤੇ ਲਾਰਡ ਹਾਰਡਿੰਗ ਭਾਵੇਂ ਸਰ ਅਲੀ ਇਮਾਮ ਨਾਲ 121 ਦਫਾ ਤੇ ਕਾਨੂੰਨੀ ਰਾਇ ਨਾਲ (ਕਰਤਾਰ ਸਿੰਘ ਬਾਰੇ) ਸਹਿਮਤ ਨਹੀਂ ਸੀ ਪਰ ਮਨੁੱਖੀ ਆਧਾਰ 'ਤੇ ਭਾਵ ਕਰਤਾਰ ਸਿੰਘ ਦੀ ਅੱਲ੍ਹੜ ਜਵਾਨੀ ਨੂੰ ਮੁੱਖ ਰੱਖਦਿਆਂ ਫਾਂਸੀ ਤੋੜਨ ਦੇ ਹੱਕ ਵਿਚ ਸੀ, ਬਸ਼ਰਤੇ ਕੌਂਸਲ ਦੀ ਬਹੁਗਿਣਤੀ ਇਸ ਦਾ ਵਿਰੋਧ ਨਾ ਕਰੇ।

ਬੀ.ਡੱਫ. ਕੌਂਸਲ ਮੈਂਬਰ (12 ਨਵੰਬਰ, 1915) : ਮੇਰੀ ਰਾਇ (ਕਰਤਾਰ ਸਿੰਘ) ਮੌਤ ਦੀ ਸਜ਼ਾ ਦੇਣ ਦੇ ਹੱਕ ਵਿਚ ਹੈ।

ਡਬਲਿਊ. ਐਚ. ਕਲਾਰਕ (ਮਿਤੀ: 3 ਨਵੰਬਰ, 1915) : ਮੇਰੇ ਕਾਨੂੰਨੀ ਮੈਂਬਰ

(ਸਰ ਅਲੀ ਇਮਾਮ) ਦੀਆਂ ਟਿੱਪਣੀਆਂ ਬਾਰੇ ਅਸੂਲੀ ਇਖਤਲਾਫ ਹੈ ਕਿਉਂਕਿ ਅਜਿਹਾ ਕਰਦਿਆਂ ਉਸ ਨੇ ਇਕ ਉਚੇਰੀ ਅਦਾਲਤ ਦੇ ਜੱਜ ਵੱਲੋਂ ਹੇਠਲੀ ਅਦਾਲਤ ਦਾ ਕਾਨੂੰਨੀ ਪੱਖੋਂ ਮੁਲਾਂਕਣ ਕੀਤਾ ਹੈ ਜਿਹੜਾ ਗਵਰਨਰ ਜਨਰਲ ਦੇ ਕਾਰਜ ਖੇਤਰ ਤੋਂ ਬਾਹਰ ਪੈਂਦਾ ਹੈ।

ਜਿੱਥੋਂ ਤੱਕ ਲਾਰਡ ਹਾਰਡਿੰਗ ਦੇ ਸੰਕੇਤ ਕਿ 'ਮੈਂ ਆਪਣੇ ਕਾਨੂੰਨੀ ਮੈਂਬਰਾਂ ਦੀ ਰਾਇ ਮੰਨਣ ਦਾ ਵਿਧਾਨਕ ਤੌਰ 'ਤੇ ਪਾਬੰਦ ਹਾਂ' ਦਾ ਸੰਬੰਧ ਹੈ, ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੀ ਬਾਕੀ ਮੈਂਬਰਾਂ ਦੀ ਰਾਇ ਬੇਮਤਲਬ ਰਹਿ ਜਾਂਦੀ ਹੈ ਤੇ ਜਿੱਥੇ ਤੱਕ ਮੇਰੀ ਜਾਣਕਾਰੀ ਹੈ ਕੋਈ ਅਜਿਹੀ ਵਿਵਸਥਾ ਵਿਧਾਨ ਵਿਚ ਹੈ ਨਹੀਂ।

ਪਰ ਫਰਜ਼ ਕਰੋ ਕਿ ਗਵਰਨਰ ਜਨਰਲ ਕਾਨੂੰਨੀ ਮੈਬਰਾਂ ਦੀ ਰਾਇ ਮੰਨਣ ਲਈ ਪਾਬੰਦ ਹੈ ਤਾਂ ਫੇਰ ਅਮਲੀ ਤੌਰ 'ਤੇ ਸਰ ਅਲੀ ਇਮਾਮ ਹੀ ਅਪੀਲ ਖਾਤਰ ਸਭ ਤੋਂ ਉਤਮ ਅਧਿਕਾਰੀ ਮੰਨ ਲਿਆ ਗਿਆ ਹੋਵੇਗਾ। ਦਲੀਲ ਦਿੱਤੀ ਜਾ ਸਕਦੀ ਹੈ ਕਿ ਚੂੰਕਿ ਡਿਫੈਂਸ ਆਫ ਇੰਡੀਆ ਐਕਟ (ਉਚੇਰੇ ਤੌਰ ਤੇ ਬਣਾਏ ਗਏ ਕਾਨੂੰਨ) ਵਿਚ ਅਪੀਲ ਦੀ ਗੁੰਜਾਇਸ਼ ਨਹੀਂ ਹੈ, ਸਿਰਫ ਇਸ ਲਈ ਹੀ ਇਹ ਨਿਵੇਕਲਾ ਰਸਤਾ ਅਪਣਾਇਆ ਜਾ ਰਿਹਾ ਹੈ। ਅਸਲ ਵਿਚ ਅਜਿਹਾ ਜਾਣਬੁੱਝ ਕੇ ਹੀ ਤਾਂ ਕੀਤਾ ਗਿਆ ਸੀ ਕਿਉਂਕਿ ਜੰਗ ਤੇ ਜੰਗ ਤੋਂ ਉਪਜੇ ਖਾਸ ਹਾਲਾਤ ਦੀ ਮਜਬੂਰੀ ਸੀ। ਜੇ ਇਹ ਦਰੁਸਤ ਹੈ ਤਾਂ ਕੀ ਅਸੀਂ ਜਿੱਥੇ ਸਾਧਾਰਨ ਅਪੀਲ ਦੀ ਵਿਵਸਥਾ ਨਹੀਂ ਕੀਤੀ ਉਥੇ ਉਸ ਦੀ ਬਜਾਏ ਇਕ ਹੋਰ ਖੁਫੀਆ ਅਦਾਲਤ ਸਥਾਪਤ ਕਰ ਰਹੇ ਹੋਵਾਂਗੇ। ਇਹ ਇਕ ਖਤਰਨਾਕ ਪ੍ਰਥਾ ਸਾਬਤ ਹੋ ਸਕਦੀ ਹੈ ਕਿਉਂਕਿ ਕੱਲ੍ਹ ਭਲਕੇ ਇਸੇ ਪ੍ਰਥਾ ਨੂੰ ਕਿਸੇ ਸਾਧਾਰਨ ਫੌਜਦਾਰੀ ਦੇ ਮਾਮਲੇ ਵਿਚ, ਜਿੱਥੇ ਅਪੀਲ ਦੀ ਵਿਵਸਥਾ ਹੈ, ਵੀ ਲਾਗੂ ਕੀਤਾ ਜਾ ਸਕਦਾ ਹੈ। ਸਿੱਟਾ ਇਹ ਨਿਕਲੇਗਾ ਕਿ ਕਾਰਜਪਾਲਿਕਾ ਦਾ ਨਿਆਂਪਾਲਿਕਾ ਨਾਲ ਸਬੰਧ ਗਲਤ ਕਿਸਮ ਦਾ ਹੋ ਨਿਬੜੇਗਾ। ਸਾਨੂੰ ਕਿਸੇ ਸੂਰਤ ਵਿਚ ਵੀ ਇਕ ਹੋਰ ਅਪੀਲੀ ਅਦਾਲਤ ਦਾ ਰੂਪ ਨਹੀਂ ਧਾਰਨਾ ਚਾਹੀਦਾ।

ਖਾਲਸ ਕਾਨੂੰਨੀ ਮੁੱਦੇ ਬਾਰੇ ਸਾਡੇ ਸਾਹਮਣੇ ਦੋ ਦ੍ਰਿਸ਼ਟੀਕੋਣ ਮੌਜੂਦ ਨੇ। ਜਿੱਥੋਂ ਤੱਕ ਅਦਾਲਤ ਦਾ ਸਬੰਧ ਹੈ (ਲਗਭਗ) ਸਾਰੇ ਦੇ ਸਾਰੇ ਮੁਲਜ਼ਮ ਜੰਗ (ਭਾਵ ਜੁਲਾਈ-ਅਗਸਤ 1914) ਸ਼ੁਰੂ ਹੋਣ ਤੋਂ ਲੈ ਕੇ ਪਿੱਛੋਂ ਕੀਤੇ ਸਾਰੇ ਗੈਰ-ਕਾਨੂੰਨੀ ਕੰਮਾਂ ਨੂੰ ਮੁੱਖ ਰੱਖਦਿਆਂ, ਸਪੱਸ਼ਟ ਰੂਪ ਵਿਚ ਦਫਾ 121 ਦੇ ਭਾਗੀ ਹਨ। ਪਰ ਜਿੱਥੋਂ ਤੱਕ ਸਰ ਅਲੀ ਇਮਾਮ ਦੀ ਇਸ ਬਾਰੇ ਵਿਆਖਿਆ ਹੈ, ਉਹ ਇਸ ਸਭ ਕਾਸੇ ਨੂੰ ਜੰਗ ਛੇੜਨ ਲਈ ਮੁੱਢਲੀਆਂ ਕਾਰਵਾਈਆਂ ਕਰਾਰ ਦਿੰਦੇ ਹੋਏ ਇਨ੍ਹਾਂ ਨੂੰ ਦਫਾ 121 ਦੀ ਮਾਰ ਹੇਠੋਂ ਬਚਾਉਂਦੇ ਹਨ। ਮੇਰਾ ਮੁੱਖ ਮੁੱਦਾ ਹੈ ਕਿ ਕਾਨੂੰਨੀ ਤੌਰ 'ਤੇ ਸਰਕਾਰੇ ਹਿੰਦ ਇੰਝ ਕਰ ਸਕਣ ਦੀ ਸਮਰੱਥਾ ਨਹੀਂ ਰੱਖਦੀ। ਸੋ ਸਾਨੂੰ ਇਸ ਹਾਲਤ ਵਿਚ, ਜਿਥੇ ਜਾਣ ਬੁੱਝ ਕੇ ਅਪੀਲ ਦੀ ਵਿਵਸਥਾ ਨਹੀਂ ਕੀਤੀ ਗਈ, ਕੇਵਲ ਮੁਲਜ਼ਮ ਦੇ ਖਾਸ ਨਿੱਜੀ ਹਾਲਾਤ

ਦੀ ਬਿਨਾਂ 'ਤੇ ਸਜਾਵਾਂ ਤੇ ਗੌਰ ਕਰਨਾ ਚਾਹੀਦਾ ਹੈ। ਜਿਵੇਂ ਕਿ ਪ੍ਰਚੱਲਤ ਪ੍ਰਥਾ ਚਲਦੀ ਆ ਰਹੀ ਹੈ ਕਿ ਨਵੀਂ ਪਿਰਤ ਪਾਉਣੀ ਚਾਹੀਦੀ।

ਕਰਤਾਰ ਸਿੰਘ ਬਾਰੇ ਮੇਰੀ ਰਾਇ ਉਸ ਦੀ ਪਹਿਲੀ ਸਜ਼ਾ (ਫਾਂਸੀ) ਨੂੰ ਬਰਕਰਾਰ ਰੱਖਣ ਦੇ ਹੱਕ ਵਿਚ ਹੈ।

ਡਬਲਿਊ. ਐਸ. ਮਾਇਰ (ਮਿਤੀ : 4.11.1915) : ਮੈਂ ਡਬਲਿਊ. ਐਚ. ਕਲਾਰਕ ਦੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਗਵਰਨਰ ਜਨਰਲ ਕੌਂਸਲ ਨੂੰ ਅਜਿਹੇ ਮਾਮਲਿਆਂ ਵਿਚ ਉਚੇਰੀ ਅਦਾਲਤ ਦੇ ਤੌਰ 'ਤੇ ਅਦਾਲਤੀ ਨਿਰਣਿਆਂ ਦੀ ਘੋਖ ਪੜਤਾਲ ਨਹੀਂ ਕਰਨੀ ਚਾਹੀਦੀ। ਪਰ ਨਾਲ ਹੀ ਮੈਂ ਗਵਰਨਰ ਜਨਰਲ ਦੇ ਕਾਨੂੰਨੀ ਮੈਂਬਰ ਦੀ ਰਾਇ ਨੂੰ ਉਚੇਰਾ ਤੇ ਨਿਵੇਕਲਾ ਸਥਾਨ ਦੇਣ ਨੂੰ ਗਲਤ ਨਹੀਂ ਸਮਝਦਾ।

ਬਾਕੀ ਜਿਥੇ ਸਰ ਅਲੀ ਇਮਾਮ ਇਨ੍ਹਾਂ ਦੋਸ਼ੀਆਂ ਨੂੰ ਦਫਾ 121 ਏ (ਸਜ਼ਾ ਵੱਧ ਤੋਂ ਵੱਧ ਉਮਰ ਕੈਦ) ਤੋਂ ਅੱਗੇ ਜਾ ਕੇ 121 (ਸਜ਼ਾ ਵੱਧ ਤੋਂ ਵੱਧ ਫਾਂਸੀ) ਤੱਕ ਲਿਜਾਣ ਲਈ ਸਹਿਮਤ ਨਹੀਂ। ਭਾਵੇਂ ਸਰ ਅਲੀ ਇਮਾਮ ਦੀ ਦਲੀਲ ਕਿ ਜੱਜ ਸਹਿਬਾਨ ਨੇ ਇਕ ਇਕ ਮੁਲਜ਼ਮ ਬਾਰੇ ਉਹ ਖਾਸ ਤੱਥ ਨਹੀਂ ਜੁਟਾਏ ਜਿਨ੍ਹਾਂ ਅਧੀਨ ਦੋਸ਼ੀ ਨੂੰ 121 ਦਫਾ ਤਹਿਤ ਸਜ਼ਾ ਦਿੱਤੀ ਜਾ ਸਕੇ। ਪਰ ਕਲਾਰਕ ਦਾ ਕਹਿਣਾ ਹੈ ਕਿ ਹਰੇਕ ਦੋਸ਼ੀ ਦੇ ਜੰਗ ਲੱਗਣ ਮਤਲਬ ਜੁਲਾਈ-ਅਗਸਤ 1914 ਤੋਂ ਲੈ ਕੇ ਸਾਰੀਆਂ ਗੈਰ ਕਾਨੂੰਨੀ ਕਾਰਵਾਈਆਂ ਪ੍ਰਤੱਖ ਰੂਪ ਵਿਚ ਦਫਾ 121 ਦੀਆਂ ਮਜ਼ਾਜ ਹੀ ਤਾਂ ਹਨ।

ਮੈਂ ਨਿੱਜੀ ਤੌਰ 'ਤੇ ਸਰ ਅਲੀ ਇਮਾਮ ਦੀ ਰਾਇ, ਜੋ ਕਿ ਤਿੰਨ ਜੱਜੀ ਅਦਾਲਤ ਦੇ ਸਰਬਸੰਮਤੀ ਨਾਲ ਲਏ ਗਏ ਫੈਸਲਿਆਂ ਬਾਰੇ ਨਰਮੀ ਦਿਖਾਉਣ ਨੂੰ ਰਾਜਸੀ ਪੱਖੋਂ ਵੀ ਘਾਟੇਵੰਦਾ ਸਮਝਦਾ ਹਾਂ ਕਿਉਂਕਿ ਇਸ ਤਰ੍ਹਾਂ ਸਰਕਾਰ ਆਪਣੀ ਕਮਜ਼ੋਰੀ ਦਾ ਪ੍ਰਗਟਾਵਾ ਕਰ ਰਹੀ ਹੋਵੇਗੀ। ਭਾਵੇਂ ਲਾਰਡ ਵਾਇਸਰਾਏ ਨੇ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਸਿਆਸੀ ਮਸਲੱਤ ਦੀ ਦਖਲਅੰਦਾਜ਼ੀ ਨੂੰ ਨਾਵਾਜਾਬ ਦੱਸਿਆ ਹੈ। ਪਰ ਸਾਨੂੰ ਨਿਆਂ ਦੀ ਲਕੀਰ ਖਿੱਚਦਿਆਂ ਇਹ ਵੀ ਚੰਗੀ ਤਰ੍ਹਾਂ ਘੋਖ ਲੈਣਾ ਚਾਹੀਦਾ ਹੈ ਕਿ ਕਿਤੇ ਅਜਿਹਾ ਕਰਦਿਆਂ ਅਸੀ ਉਸੇ ਬਲਾਂ ਨੂੰ ਮੁੜ ਆਉਣ ਦਾ ਸੱਦਾ ਤਾਂ ਨਹੀਂ ਦੇ ਰਹੇ ਜਿਸ ਤੋਂ ਅਸੀਂ ਮੁਸ਼ਕਲ ਨਾਲ ਬਚੇ ਹਾਂ। ਸੋ ਮੇਰੇ ਖਿਆਲ ਵਿਚ ਦੂਸਰੀ ਕਾਨੂੰਨੀ ਰਾਇ ਜ਼ਰੂਰ ਲੈਣੀ ਚਾਹੀਦੀ ਹੈ।

ਹੁਣ ਚੂੰਕਿ ਲਾਰਡ ਵਾਇਸਰਾਏ ਐਡਵੋਕੇਟ ਜਨਰਲ ਦੀ ਰਾਏ ਲੈਣ ਦੇ ਹੱਕ ਵਿਚ ਨਹੀਂ ਪਰ ਖੁਸ਼ਕਿਸਮਤੀ ਨਾਲ ਸਾਡੇ ਪਾਸ ਸਾਡੇ ਸਹਿਯੋਗੀ ਸਰ. ਸੀ. ਸ਼ੰਕਰਨ ਨਾਇਰ (ਹਿੰਦੁਸਤਾਨੀ ਮੈਂਬਰ) ਮੌਜੂਦ ਹਨ। ਜਿਹੜੇ ਸਿਰਕੱਢ ਕਾਨੂੰਨਦਾਨ ਤੇ ਮਾਹਿਰ ਤਜ਼ਰਬੇਕਾਰ ਵਕੀਲ ਹੁੰਦੇ ਹੋਏ ਸਾਨੂੰ ਢੁਕਵੀਂ ਰਾਇ ਦੇ ਸਕਣਗੇ। ਜੇ ਤਾਂ ਉਨ੍ਹਾਂ ਨੇ ਸਰ ਅਲੀ ਇਮਾਮ ਦੀ ਰਾਇ ਦੀ ਪੁਸ਼ਟੀ ਕਰ ਦਿੱਤੀ ਤਾਂ ਫਿਰ ਉਹ ਰਾਇ ਆਖਰੀ ਹੋਵੇਗੀ। ਪਰ ਜੇ ਅਸਹਿਮਤ ਹੋਏ ਤਾਂ ਫਿਰ ਜੱਜ ਸਾਹਿਬਾਨ ਦੇ ਫੈਸਲੇ ਨੂੰ ਅੰਤਿਮ ਮੰਨਿਆ ਜਾਵੇ।

ਕਰਤਾਰ ਸਿੰਘ (ਸਰਾਭਾ) ਬਾਰੇ ਮੇਰੀ ਰਾਇ ਵੀ ਸਰ ਕਲਾਰਕ ਵਾਲੀ ਭਾਵ ਸਜ਼ਾ ਬਹਾਲ ਰੱਖਣ ਦੇ ਹੱਕ ਵਿਚ ਜਾਂਦੀ ਹੈ।

ਸੀ.ਐਚ.ਏ. ਹਿਲ (ਮਿਤੀ 6 ਨਵੰਬਰ, 1915) : ਮੈਂ ਸਮੁੱਚੇ ਤੌਰ 'ਤੇ ਸਰ ਕਲਾਰਕ ਤੇ ਮਾਇਰ ਦੇ ਵਿਚਾਰਾਂ ਨਾਲ ਸਹਿਮਤ ਹਾਂ। ਮੇਰੇ ਵਿਚਾਰ ਵਿਚ ਇਹ ਸਾਰੇ ਦੇ ਸਾਰੇ ਦੋਸ਼ੀ ਦਫਾ 121 ਤਹਿਤ ਸਜ਼ਾ ਦੇ ਹੱਕਦਾਰ ਹਨ।

ਮੇਰੀ ਰਾਇ ਮੁਤਾਬਿਕ ਸਜ਼ਾ ਨੂੰ ਘਟਾਉਣਾ ਕੇਵਲ ਰਹਿਮ ਦੀ ਬਿਨਾਂ 'ਤੇ ਹੀ ਹੋ ਸਕਦਾ ਹੈ ਅਤੇ ਸਜ਼ਾ ਘਟਾਉਣ ਵਾਲੇ ਹੁਕਮ ਵਿਚ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ, ਵਜ੍ਹਾ ਦੱਸਣਾ ਬੇਲੋੜਾ ਹੋਵੇਗਾ। ਕਰਤਾਰ ਸਿੰਘ (ਸਰਾਭਾ) ਬਾਰੇ ਮੇਰੀ ਰਾਇ ਵੀ ਉਸ ਦੀ ਸਜ਼ਾ ਕਾਇਮ ਰੱਖਣ ਦੇ ਹੱਕ ਵਿਚ ਹੈ। ਸਰ ਸ਼ੰਕਰਨ ਨਾਇਰ (ਮਿਤੀ : 9 ਨਵੰਬਰ, 1915): ਹਾਲਾਂਕਿ ਸਰ ਮਾਇਰ ਤੇ ਦੂਸਰੇ ਸਹਿਯੋਗੀਆਂ ਦੀਆਂ ਦਲੀਲਾਂ ਪੂਰੀ ਤਰ੍ਹਾਂ ਰੱਦ ਨਹੀਂ ਕੀਤੀਆਂ ਜਾ ਸਕਦੀਆਂ ਪਰ ਕੁੱਲ ਮਿਲਾ ਕੇ ਮੇਰੀ ਰਾਇ ਸਰ ਅਲੀ ਇਮਾਮ ਨਾਲ ਮੇਲ ਖਾਂਦੀ ਹੈ।

ਕਰਤਾਰ ਸਿੰਘ (ਸਰਾਭਾ) : ਬੇਸ਼ੱਕ ਇਸ ਨੂੰ ਠੀਕ ਵਾਜਬ ਹੀ ਦਫਾ 121 ਤਹਿਤ ਦੋਸ਼ੀ ਮੰਨਿਆ ਗਿਆ ਹੈ। ਮੇਰੇ ਖਿਆਲ ਵਿਚ ਇਥੇ ਸਵਾਲ ਕਾਨੂੰਨੀ ਪਹਿਲੂ ਦਾ ਨਹੀਂ ਕਿਉਂਕਿ ਕਾਨੂੰਨ ਅਨੁਸਾਰ ਇਸ ਦਫਾ (121) ਲਈ ਮੌਤ ਦੀ ਬਜਾਏ ਉਮਰਕੈਦ ਕਾਨੂੰਨੀ ਤੌਰ 'ਤੇ ਦਿੱਤੀ ਜਾ ਸਕਦੀ ਹੈ। ਵਿਚਾਰ ਅਧੀਨ ਮੁੱਦਾ ਸਿਰਫ ਇਹ ਹੈ ਕਿ ਸਾਡਾ ਜੱਜ ਸਾਹਿਬਾਨ ਵੱਲੋਂ ਵਰਤੀ ਵਿਵੇਕ ਦੇ ਮਾਮਲੇ ਵਿਚ ਦਖਲ ਦੇਣਾ ਬਣਦਾ ਹੈ ਜਾਂ ਨਹੀਂ। ਔਰਤਾਂ ਤੇ ਨੌਜਵਾਨ ਵਿਅਕਤੀਆਂ (ਇਸ ਦੀ ਉਮਰ 20 ਸਾਲ ਦੱਸੀ ਜਾਂਦੀ ਹੈ) ਬਾਰੇ ਅਸੀਂ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹਾਂ ਕਿ ਇਹ ਆਪਣੇ ਨਾਲੋਂ ਜ਼ਿਆਦਾ ਦ੍ਰਿੜ੍ਹ ਇਰਾਦੇ ਵਾਲੇ ਵਿਅਕਤੀਆਂ ਦੇ ਪ੍ਰਭਾਵ ਹੇਠਾਂ ਚੱਲੇ ਹੋਣਗੇ ਤੇ ਸਾਧਾਰਨ ਹਾਲਤਾਂ ਵਿਚ ਇਨ੍ਹਾਂ (ਇਸਤਰੀਆਂ ਤੇ ਨੌਜਵਾਨਾਂ) ਲਈ ਸਵਾਏ ਸਹਿਮਤੀ ਦੇ ਕੋਈ ਹੋਰ ਰਸਤਾ ਨਹੀਂ ਹੁੰਦਾ। ਜਿੱਥੇ ਸਾਨੂੰ ਨਜ਼ਰ ਆਵੇ ਕਿ ਇਹ ਆਪਣੀ ਮਰਜ਼ੀ ਅਨੁਸਾਰ ਚੱਲਦੇ ਰਹੇ ਹਨ ਤੇ ਕਿਸੇ ਨੇ ਇਨ੍ਹਾਂ ਨੂੰ ਵਰਗਲਾਇਆ ਨਹੀਂ ਤੇ ਜੇ ਇਨ੍ਹਾਂ ਨੂੰ ਆਪਣੇ ਆਪ 'ਤੇ ਹੀ ਛੱਡ ਦਿੱਤਾ ਗਿਆ ਹੁੰਦਾ ਤਾਂ ਇਹ ਅਜਿਹਾ ਹੀ ਕਰਦੇ ਤਾਂ ਫਿਰ ਇਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਰਿਆਇਤ ਹਾਸਲ ਨਹੀਂ ਹੁੰਦੀ।

ਇਸ ਦੇ ਕੁਝ ਹੋਰ ਪਹਿਲੂ ਵੀ ਹਨ। ਔਰਤਾਂ ਤੇ ਨੌਜਵਾਨ ਜ਼ਿਆਦਾ ਜਜ਼ਬਾਤੀ ਤੇ ਉਲੇਲਵੱਸ ਹੁੰਦੇ ਹਨ। ਇਸ ਲਈ ਉਹ ਪੈਮਾਨਾ ਜੋ ਅਸੀਂ ਉਨ੍ਹਾਂ ਵਿਅਕਤੀਆਂ ਨੂੰ ਸਜ਼ਾ ਦੇਣ ਵੇਲੇ ਅਪਣਾਉਂਦੇ ਹਾਂ ਜਿਹੜੇ ਕਿ ਜਾਣ ਬੁੱਝ ਕੇ ਤੇ ਗਿਣ ਮਿੱਥ ਕੇ ਚੱਲਦੇ ਹਨ, ਇਨ੍ਹਾਂ (ਭਾਵ ਇਸਤਰੀਆਂ ਤੇ ਨੌਜਵਾਨਾਂ) 'ਤੇ ਹਮੇਸ਼ਾ ਲਾਗੂ ਨਹੀਂ ਕਰਦੇ। ਜੱਜ ਸਾਹਿਬਾਨ ਦੇ ਫੈਸਲੇ ਨੂੰ ਘੋਖਿਆਂ ਇਸ ਸਿੱਟੇ 'ਤੇ ਪਹੁੰਚਣਾ ਮੁਸ਼ਕਲ ਹੈ ਕਿ ਇਹ (ਕਰਤਾਰ ਸਿੰਘ) ਆਪਣੀ ਮਰਜ਼ੀ ਅਨੁਸਾਰ ਚੱਲਿਆ ਸੀ ਜਾਂ ਕਿਸੇ ਹੋਰ ਦੇ ਪ੍ਰਭਾਵ ਹੇਠਾਂ। ਸੋ ਮੈਂ ਇਸ ਮਾਮਲੇ ਵਿਚ ਇਸ ਦੇ ਨੌਜਵਾਨ ਹੋਣ ਦੇ ਇਮਾਨ ਦਾ ਲਾਭ ਇਸ

ਦੀ ਅੱਲੜ੍ਹ ਅਵਸਥਾ ਦੇ ਹੱਕ ਵਿਚ ਦਿੰਦਾ ਹਾਂ।

ਸਰ ਕਰੈਡਰਾਕ (ਮਿਤੀ 10 ਨਵੰਬਰ, 1915) : ਸਾਰੇ ਮਾਮਲੇ ਨੂੰ ਘੋਖਣ ਉਪਰੰਤ ਮੈਂ ਇਸ ਰਾਇ ਦਾ ਧਾਰਨੀ ਹਾਂ ਕਿ ਜਿਨ੍ਹਾਂ ਦੋਸ਼ੀਆਂ ਦੀ ਮੌਤ ਦੀ ਸਜ਼ਾ ਤੋੜੀ ਗਈ ਹੈ, ਕਿਸੇ ਤਰ੍ਹਾਂ ਵੀ ਲਾਰਡ ਵਇਸਰਾਏ ਦੀ ਕੌਂਸਲ ਵਲੋਂ ਰਹਿਮ ਦੇ ਹੱਕਦਾਰ ਨਹੀਂ ਬਣਦੇ ਅਤੇ ਜੇ ਇਨ੍ਹਾਂ ਦੀ ਜਾਨ ਬਖਸ਼ੀ ਹੋ ਰਹੀ ਹੈ ਤਾਂ ਕੇਵਲ ਇਸ ਲਈ ਕਿ ਅਦਾਲਤ ਵੱਲੋਂ ਇਨ੍ਹਾਂ 'ਤੇ ਆਇਦ ਕੀਤੀ ਫਰਦ ਜ਼ੁਲਮ ਵਿਚ ਤਕਨੀਕੀ ਕਮਜ਼ੋਰੀਆਂ ਪਾਈਆਂ ਗਈਆਂ ਹਨ।

ਕਰਤਾਰ ਸਿੰਘ (ਸਰਾਭਾ) : ਮੈਂ ਪਹਿਲਾਂ ਵੀ ਉਸ ਨੂੰ ਰਹਿਮ ਦੀ ਬਿਨਾ 'ਤੇ ਰਿਆਇਤ ਦੀ ਸਿਫਾਰਸ਼ ਨਹੀਂ ਕੀਤੀ ਜਿਸ (ਰਹਿਮ) ਦੀ ਉਸ ਨੇ ਕੋਈ ਮੰਗ ਵੀ ਨਹੀਂ ਕੀਤੀ। ਪਰ ਮੈਂ ਉਸ ਦੇ ਕੇਸ ਨੂੰ ਕਈ ਵਾਰ ਪੜ੍ਹਨ ਬਾਅਦ ਵੀ ਇਸ ਸਪੱਸ਼ਟ ਨਤੀਜੇ 'ਤੇ ਪਹੁੰਚਿਆਂ ਹਾਂ ਕਿ ਇਸ ਦਾ ਕਿਸੇ ਹੋਰ ਦਾ ਅਸਰ ਕਬੂਲਣਾ ਤਾਂ ਦੂਰ ਦੀ ਗੱਲ ਸੀ, ਇਹ ਤਾਂ ਆਪ ਖੁਦ ਗ਼ਦਰ ਪਾਰਟੀ ਦੀ ਰੂਹੇ-ਰਵਾਂ ਸੀ (ਉਸ ਦੇ ਇਕ ਸਹਿਯੋਗੀ ਇੰਦਰ ਸਿੰਘ ਗ੍ਰੰਥੀ ਨੇ ਉਸ ਦੀ ਉਮਰ 27 ਸਾਲ ਦੱਸੀ ਹੈ।) ਇਹ ਕਰਤਾਰ ਸਿੰਘ ਹੀ ਸੀ ਜਿਸ ਨੇ ਵਿਦਿਆਰਥੀਆਂ ਨੂੰ ਵਿਗਾੜਿਆ, ਪਿੰਗਲੇ ਨਾਲ ਛਾਉਣੀਆਂ ਵਿਚ ਘੁਮਿਆ ਅਤੇ ਸਾਜਿਸ਼ ਦੇ ਹਰ ਦੌਰ ਦੇ ਹਰ ਪਹਿਲੂ ਵਿਚ ਇਸ ਦਾ ਹੱਥ ਸੀ। ਮੈਂ ਇਥੋਂ ਤਕ ਕਹਿ ਸਕਦਾ ਹਾਂ ਕਿ ਇਸ ਮੁਕੱਦਮੇ ਦੇ ਅਦਾਲਤ ਵਿਚ ਆਉਣੋਂ ਪਹਿਲਾਂ ਹੀ ਉਹ ਇਸ ਅੰਡਬਰ ਦੇ ਅਤੀ ਖ਼ਤਰਨਾਕ ਵਿਅਕਤੀ ਵਜੋਂ ਜਾਣਿਆ ਜਾਂਦਾ ਸੀ ਅਤੇ ਇਸ ਦੀ ਸਰਗੋਧੇ ਫੌਜੀ ਰਸਾਲੇ ਤੋਂ ਹੋਈ ਗ੍ਰਿਫਤਾਰੀ ਨਾਲ ਉਨ੍ਹਾਂ ਸਾਰਿਆਂ ਨੇ ਸੁੱਖ ਦਾ ਸਾਹ ਲਿਆ ਜਿਹੜੇ ਇਸ ਸਾਜਿਸ਼ ਚੋਂ ਨਿਕਲਣ ਵਾਲੇ ਸਿੱਟਿਆ ਤੋਂ ਵਾਕਫ਼ ਸਨ ਜਿਨ੍ਹਾਂ ਵਿਚ ਸਰਕਾਰੀ ਫੌਜਾਂ ਵਿਚ ਬਗਾਵਤ ਦੀ ਪੂਰੀ ਸੰਭਾਵਨਾ ਤੇ ਸਿੰਘਾਪੁਰ ਵਿਖੇ ਵਾਪਰੇ (ਫ਼ੌਜੀ ਬਗਾਵਤ) ਜਿਹੇ ਕਾਂਡ ਵਾਪਰ ਸਕਦੇ ਸਨ।

ਲਾਰਡ ਹਰਡਿੰਗ (ਮਿਤੀ 11 ਨਵੰਬਰ 1915) : ਮੈਂ ਹੋਰ ਗੱਲਾਂ ਤੋਂ ਇਲਾਵਾ ਮਾਣਯੋਗ ਮੈਂਬਰਾਂ ਦਾ ਧਿਆਨ ਇਕ ਹੋਰ ਪਹਿਲੂ ਵੱਲ ਵੀ ਦਿਵਾਉਣਾ ਚਾਹਾਂਗਾ, ਉਹ ਇਹ ਕਿ ਕੋਈ ਵੀ ਦੋਸ਼ੀ ਅਦਾਲਤੀ ਫੈਸਲੇ ਦੀ ਨਕਲ ਮੰਗ ਸਕਦਾ ਹੈ ਤੇ ਪ੍ਰਕਾਸ਼ਤ ਕਰ ਸਕਦਾ ਹੈ ਅਤੇ ਕੋਈ ਵੀ ਸੂਝਵਾਨ ਵਕੀਲ ਉਹ ਨੁਕਸ ਲੱਭ ਲਵੇਗਾ ਜਿਹੜੇ ਸਰ ਅਲੀ ਇਮਾਮ ਤੇ ਸਰ ਸ਼ੰਕਰਨ ਨਾਇਰ ਨੇ ਕੱਢੇ ਹਨ। ਇਸ ਤੋਂ ਨਿਕਲਣ ਵਾਲੇ ਸਿੱਟਿਆਂ ਦਾ ਅੰਦਾਜ਼ਾ ਲਾ ਲੈਣਾ ਬਿਹਤਰ ਹੋਵੇਗਾ।

ਅਖੀਰ ਇਹੀ ਸਿੱਟਾ ਨਿਕਲਦਾ ਹੈ ਕਿ ਜਿੱਥੋਂ ਤਕ ਦੋਸ਼ੀਆਂ ਦੇ ਦਫਾ 121 ਤਹਿਤ ਸਜ਼ਾਯਾਬੀ ਦਾ ਸਵਾਲ ਹੈ, ਨਜਾਇਜ਼ ਕਰਾਰ ਦੇਣਾ ਹੱਕ ਬਜਾਨਬ ਹੈ ਜਿਸ ਲਈ ਮੈਂ ਸਰ ਅਲੀ ਇਮਾਮ ਦਾ ਹਮੇਸ਼ਾ ਸ਼ੁਕਰਗੁਜ਼ਾਰ ਰਹਾਂਗਾ।

ਵਾਇਸਰਾਏ ਕੌਂਸਲ ਵੱਲੋਂ ਆਖਰੀ ਹੁਕਮ (ਮਿਤੀ 11 ਨਵੰਬਰ 1915) : ਸਰ ਅਲੀ ਇਮਾਮ ਦੀ ਸਿਫਾਰਸ਼ ਅਨੁਸਾਰ ਸਿਵਾਏ ਕਰਤਾਰ ਸਿੰਘ ਦੇ ਬਾਕੀ ਸਾਰਿਆਂ ਦੀ

ਮੌਤ ਦੀ ਸਜ਼ਾ ਤੋੜ ਦਿੱਤੀ ਜਾਂਦੀ ਹੈ।

ਪ੍ਰੈਸ ਲਈ ਨੋਟ ਜਾਰੀ ਕੀਤਾ ਗਿਆ : 14 ਨਵੰਬਰ, 1915 ਤੇ 16 ਨਵੰਬਰ 1915 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ (ਸੁਰ ਸਿੰਘ), ਹਰਨਾਮ ਸਿੰਘ (ਸਿਆਲਕੋਟੀ), ਬਖਸ਼ੀਸ਼ ਸਿੰਘ (ਗਿੱਲਵਾਲੀ, ਅੰਮ੍ਰਿਤਸਰ), ਸੁਰੈਣ ਸਿੰਘ ਸਪੁੱਤ ਬੂੜ ਸਿੰਘ ਤੇ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ (ਦੋਵੇਂ ਪਿੰਡ ਗਿੱਲਵਾਲੀ ਦੇ) ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

***

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਅਮਰੀਕਾ ਦਾਖਲੇ ਦੇ ਸਹੀ ਤੱਥ

ਅਮਰੀਕਾ ਦੇ ਕੈਲੇਫੋਰੀਨੀਆ ਸੂਬੇ ਦੇ ਸ਼ਹਿਰ ਸਾਨ ਬਰੂਨੋ ਦੀ ਨੈਸ਼ਨਲ ਆਰਕਾਈਵਜ਼ ਐਂਡ ਰਿਕਾਰਡ ਐਡਮਨਿਸਟਰੇਸ਼ਨ (ਨਾਰਾ) ਵਿੱਚ ਉਪਲੱਬਧ ਦਸਤਾਵੇਜ਼ਾਂ ਵਿੱਚੋਂ ਕਰਤਾਰ ਸਿੰਘ ਸਰਾਭਾ ਦਾ ਰਿਕਾਰਡ ਖੋਜੀ ਸਾਥੀ ਵਿਨਸੈਂਟ ਚਿੰਨ੍ਹ; ਚਾਰਲਸ ਮਿਲਰ ਅਤੇ ਬਿੱਲ ਗਰੀਨ ਦੀ ਮਦਦ ਨਾਲ 3 ਦਸੰਬਰ, 2008 ਨੂੰ ਪ੍ਰਾਪਤ ਕੀਤਾ। ਉਦੋਂ ਅਮਰੀਕਾ ਪਹੁੰਚਣ ਵਾਲੇ ਵਿਦੇਸ਼ੀਆਂ ਨੂੰ ਏਲੀਅਨ ਕਿਹਾ ਜਾਂਦਾ ਸੀ। ਵਿਦੇਸ਼ੀਆਂ ਵੱਲੋਂ ਆਪਣੇ ਬਾਰੇ ਦੱਸੇ ਅੰਕੜਿਆਂ ਵਾਲੇ ਰਜਿਸਟਰ ਵਿੱਚ ਦਰਜ ਹੈ ਕਿ ਕਰਤਾਰ ਸਿੰਘ ਸਰਾਭਾ 2 ਜੁਲਾਈ, 1912 ਨੂੰ ਹਾਂਗਕਾਂਗ ਤੋਂ ਚੱਲਿਆ ਅਤੇ 28 ਜੁਲਾਈ, 1912 ਨੂੰ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਨੇੜੇ ਏਂਜਲ ਆਈਲੈਂਡ (ਟਾਪੂ) 'ਤੇ ਜਾ ਉਤਰਿਆ। ਇਥੇ ਵਿਦੇਸ਼ੀਆਂ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਅਤੇ ਡਾਕਟਰਾਂ ਅੱਗੇ ਪੇਸ਼ ਹੋਣਾ ਪੈਂਦਾ ਸੀ। ਤਸੱਲੀ ਹੋਣ 'ਤੇ ਹੀ ਫਿਰ ਸਾਨਫਰਾਂਸਿਸਕੋ ਭੇਜਿਆ ਜਾਂਦਾ। 30 ਜੁਲਾਈ, 1912 ਨੂੰ ਉਹ ਡਾਕਟਰੀ ਮੁਆਇਨੇ ਵਿੱਚ ਪਾਸ ਹੋ ਗਿਆ ਤੇ ਡਾਕਟਰ ਨੇ ਸਰਟੀਫਿਕੇਟ ਬਣਾ ਕੇ ਉਸ ਨੂੰ ਅਮਰੀਕਾ ਰਹਿਣ ਲਈ ਆਜ਼ਾਦ ਕਰ ਦਿੱਤਾ ਸੀ।

ਏਂਜਲ ਆਈਲੈਂਡ 'ਤੇ 31 ਜੁਲਾਈ, 1912 ਨੂੰ ਸਪੈਸ਼ਲ ਪੜਤਾਲੀਆ ਬੋਰਡ ਦੀ ਮੀਟਿੰਗ ਹੋਈ। ਇਸ ਬੋਰਡ ਵਿਚ ਇੰਸਪੈਕਟਰ ਡਬਲਿਊ. ਐਨ. ਸਵੈਨੀ ਚੇਅਰਮੈਨ, ਦੋ ਇੰਸਪੈਕਟਰ ਏ.ਬੀ.ਮੌਰਗਨ ਅਤੇ ਜੇ.ਏ. ਰਾਬਿਨਸਨ ਮੈਂਬਰ ਸਨ। ਹਰੀ ਸਿੰਘ ਦੁਭਾਸ਼ੀਆ ਸੀ। ਚੇਅਰਮੈਨ ਨੇ ਕਰਤਾਰ ਸਿੰਘ ਸਰਾਭਾ ਨੂੰ ਸਹੁੰ ਚੁਕਾਈ। ਹਾਜ਼ਰ ਵਿਦੇਸ਼ੀ ਵੱਲੋਂ ਦੱਸੇ ਅੰਕੜੇ ਹਨ-ਮੇਰਾ ਨਾਂ ਕਰਤਾਰ ਸਿੰਘ ਸਰਾਭਾ ਹੈ, ਉਮਰ 17 ਸਾਲ, ਅਣ-ਵਿਆਹਿਆ, ਕਿੱਤਾ ਖੇਤੀਬਾੜੀ, ਅੰਗਰੇਜ਼ੀ ਪੜ੍ਹ ਲਿਖ ਸਕਦਾ, ਇੰਗਲੈਂਡ ਦੀ ਪਰਜਾ, ਈਸਟ ਇੰਡੀਅਨ ਕੌਮ, ਹਿੰਦੁਸਤਾਨ ਵਿਚ ਨੇੜਲਾ ਰਿਸ਼ਤੇਦਾਰ ਮੇਰਾ ਦਾਦਾ ਬਦਨ ਸਿੰਘ ਸਰਾਭਾ, ਪੱਖੋਵਾਲ ਜ਼ਿਲ੍ਹਾ ਲੁਧਿਆਣਾ ਵਿੱਚ ਰਹਿ ਰਿਹਾ ਹੈ, ਮੰਜ਼ਿਲ ਸਾਨਫਰਾਂਸਿਸਕੋ।

-ਸੀਤਾ ਰਾਮ ਬਾਂਸਲ

ਸਵਾਲ: ਤੇਰਾ ਰਸਤੇ ਦਾ ਖਰਚਾ ਕਿਸ ਨੇ ਦਿੱਤਾ?

ਜਵਾਬ: ਮੇਰੇ ਦਾਦੇ ਬਦਨ ਸਿੰਘ ਨੇ।

ਸਵਾਲ: ਤੇਰੇ ਕੋਲ ਕਿੰਨਾ ਧਨ ਹੈ?
ਜਵਾਬ: ਲਗਭਗ ਸੌ ਡਾਲਰ
ਸਵਾਲ: ਕੀ ਤੂੰ ਪਹਿਲਾਂ ਵੀ ਕਦੇ ਯੂ.ਐਸ. ਵਿੱਚ ਰਿਹਾ ਸੀ?
ਜਵਾਬ: ਨਹੀਂ।
ਸਵਾਲ: ਕੀ ਤੇਰੇ ਕੋਈ ਰਿਸ਼ਤੇਦਾਰ ਜਾਂ ਦੋਸਤ ਇਥੇ ਹਨ?
ਜਵਾਬ: ਨਹੀਂ।
ਸਵਾਲ: ਤੂੰ ਇਥੇ ਕੀ ਕਰਨ ਦੀ ਆਸ ਕਰਦਾ ਹੈ?
ਜਵਾਬ: ਮੈਂ ਇਥੇ ਪੜ੍ਹਾਂਗਾ।
ਸਵਾਲ: ਇਥੇ ਤੂੰ ਪੜ੍ਹੇਗਾ ਕਿੱਥੇ?
ਜਵਾਬ: ਬਰਕਲੇ ਦੀ ਯੂਨੀਵਰਸਿਟੀ 'ਚ।
ਸਵਾਲ: ਯੂ.ਐਸ. ਵਿੱਚ ਰਹਿੰਦਿਆਂ ਤੇਰੀ ਮਦਦ ਕਿਵੇਂ ਹੋਵੇਗੀ?
ਜਵਾਬ: ਮੇਰੇ ਦਾਦੇ ਵੱਲੋਂ, ਉਹ ਮੈਨੂੰ ਪੈਸੇ ਭੇਜੇਗਾ।
ਸਵਾਲ: ਉਹਦਾ ਕੰਮ-ਕਾਰ ਕੀ ਹੈ?
ਜਵਾਬ: ਉਹ ਕਿਸਾਨ ਹੈ, ਉਸਦੀ ਤਿੰਨ ਸੌ ਏਕੜ ਜ਼ਮੀਨ ਹੈ।
ਸਵਾਲ: ਕੀ ਤੇਰੇ ਕੋਈ ਭਰਾ ਹਨ?
ਜਵਾਬ: ਨਹੀਂ ਮੈਂ ਇਕਲੌਤੀ ਔਲਾਦ ਹਾਂ।
ਸਵਾਲ: ਤੂੰ ਆਪਣੇ ਦਾਦੇ ਨਾਲ ਕਿੰਨਾ ਸਮਾਂ ਰਿਹਾਂ?
ਜਵਾਬ: ਮੇਰੇ ਪਿਤਾ ਨੂੰ ਮਰਿਆਂ ਗਿਆਰਾਂ ਸਾਲ ਹੋ ਗਏ ਹਨ, ਮੇਰੀ ਮਾਤਾ ਤਕਰੀਬਨ ਚਾਰ ਕੁ ਸਾਲ ਪਹਿਲਾਂ ਮਰੀ ਸੀ।
ਸਵਾਲ: ਤੂੰ ਅੰਗਰੇਜ਼ੀ ਬੋਲਣੀ ਕਿੱਥੋਂ ਸਿੱਖੀ?
ਜਵਾਬ: ਲੁਧਿਆਣੇ ਜ਼ਿਲ੍ਹੇ ਦੇ ਮਿਸ਼ਨ ਹਾਈ ਸਕੂਲ 'ਚੋਂ।
ਸਵਾਲ: ਉਥੇ ਤੂੰ ਕਿੰਨਾ ਚਿਰ ਸਕੂਲ ਜਾਂਦਾ ਰਿਹਾ?
ਜਵਾਬ: ਲਗਭਗ ਚਾਰ ਸਾਲ ਅਤੇ ਪੰਜ ਸਾਲ ਮੈਂ ਆਪਣੇ ਪਿੰਡ ਵਾਲੇ ਸਕੂਲ 'ਚ ਸੀ।
ਸਵਾਲ: (ਇੰਸਪੈਕਟਰ ਰਾਬਿਨਸਨ)- ਕੀ ਪੜ੍ਹਾਈ ਵਾਸਤੇ ਤੂੰ ਇਥੇ ਕੁਝ ਹੋਰ ਕਰਨ ਦਾ ਇਰਾਦਾ ਰੱਖਦਾ ਹੈ?
ਜਵਾਬ: ਨਹੀਂ, ਮੇਰੇ ਦਾਦਾ ਜੀ ਮੈਨੂੰ ਹਰ ਮਹੀਨੇ ਪੈਸੇ ਭੇਜਣਗੇ।
ਸਵਾਲ: ਕਿੰਨੀ ਰਾਸ਼ੀ?
ਜਵਾਬ: ਲਗਭਗ ਚਾਲੀ ਡਾਲਰ ਇਕ ਮਹੀਨੇ ਦੇ।
ਸਵਾਲ: ਬਰਕਲੇ 'ਚ ਤੇਰਾ ਪਤਾ ਕੀ ਹੋਵੇਗਾ?
ਜਵਾਬ: ਮੈਂ ਅਜੇ ਨਹੀਂ ਦੱਸ ਸਕਦਾ।
ਸਵਾਲ: (ਇੰਸਪੈਕਟਰ ਮੋਰਗਨ)- ਕੀ ਤੂੰ ਇਸ ਦੇਸ਼ ਵਿੱਚ ਕੰਮ ਕਰੇਂਗਾ?

ਜਵਾਬ: ਨਹੀਂ।

ਸਵਾਲ: ਤੂੰ ਯੂ.ਐਸ.ਏ. ਵਿੱਚ ਕਿੰਨਾ ਸਮਾਂ ਰੁਕੇਂਗਾ?

ਜਵਾਬ: ਤਕਰੀਬਨ ਪੰਜ.ਸਾਲ।

ਸਵਾਲ: ਯੂਨੀਵਰਸਿਟੀ ਵਿੱਚ ਕਿਹੜਾ ਵਿਸ਼ਾ ਲਵੇਂਗਾ?

ਜਵਾਬ: ਇਲੈਕਟ੍ਰੀਕਲ ਇੰਜੀਨੀਅਰਿੰਗ।

ਸਵਾਲ: ਇਕ ਮਹੀਨਾ ਰਹਿਣ ਲਈ ਚਾਲੀ ਡਾਲਰ ਬਹੁਤ ਛੋਟੀ ਰਕਮ ਹੈ, ਕੀ ਇਹ ਨਹੀਂ ਹੈ?

ਜਵਾਬ: ਮੈਂ ਚਾਲੀ ਡਾਲਰ ਤੋਂ ਜ਼ਿਆਦਾ ਲੈ ਸਕਦਾ ਹਾਂ।

ਸਵਾਲ: ਲੋੜ ਪੈਣ 'ਤੇ ਉਹ ਤੈਨੂੰ ਜ਼ਿਆਦਾ ਧਨ ਭੇਜ ਸਕਦਾ ਹੈ?

ਜਵਾਬ: ਹਾਂ।

ਚੇਅਰਮੈਨ: ਬੋਰਡ ਦੀ ਆਮ ਸਹਿਮਤੀ ਨਾਲ ਰਾਇ ਹੈ ਕਿ ਵਿਦੇਸ਼ੀ ਨੂੰ ਦਾਖਲਾ ਦਿੱਤਾ ਜਾਂਦਾ ਹੈ।

ਸਟੈਨੋਗ੍ਰਾਫ਼ਰ: ਮੈਂ ਤਸਦੀਕ ਕਰਦਾ ਹਾਂ ਕਿ ਇਹ ਕੇਸ ਦੀ ਸਹੀ ਪ੍ਰਤੀ ਲਿੱਪੀ ਹੈ।

(ਦਸਤਖ਼ਤ-ਈ.ਏ.ਕੈਰੋਲ)

(ਪੰਜਾਬੀ ਟ੍ਰਿਬਿਊਨ 16.11.2011 'ਚੋਂ ਧੰਨਵਾਦ ਸਹਿਤ)

ਅਸੀਂ ਪੰਜਾਬੀ ਸਾਹਿਤ ਦੇ ਹਮਸਫ਼ਰ, ਥਾਂ-ਥਾਂ ਕਿਤਾਬਾਂ ਦੇ ਸਟਾਲ ਲਾ ਕੇ, ਪੰਜਾਬੀ ਪੁਸਤਕਾਂ ਨੂੰ ਪਾਠਕਾਂ ਤੱਕ ਲਿਜਾ ਰਹੇ ਹਾਂ। ਸਾਡੇ ਵਿੱਚੋਂ ਕੁਝ ਦੋਸਤ ਤਾਂ ਪਿਛਲੇ 20-25 ਸਾਲਾਂ ਤੋਂ ਅਜਿਹਾ ਉਪਰਾਲਾ ਕਰ ਰਹੇ ਹਨ। ਇਹ ਸਭ ਦੋਸਤ ਪੰਜਾਬ ਦੇ ਕੋਨੇ ਕੋਨੇ ਅੰਦਰ ਪੁਸਤਕ ਪ੍ਰਦਰਸ਼ਨੀਆਂ ਲਗਾ ਕੇ ਵੱਡੀ ਗਿਣਤੀ ਵਿੱਚ ਪੁਸਤਕਾਂ ਪਾਠਕਾਂ ਤੱਕ ਪਹੁੰਚਾਉਂਦੇ ਹਨ। ਅਸੀਂ 2013 ਦੇ 'ਮੇਲਾ ਗ਼ਦਰੀ ਬਾਬਿਆਂ ਦਾ' 'ਤੇ ਮਿਲਕੇ ਫ਼ੈਸਲਾ ਕੀਤਾ ਕਿ ਜੇਕਰ ਉਸਾਰੂ ਪੁਸਤਕਾਂ ਸਾਂਝੇ ਤੌਰ 'ਤੇ ਛਾਪੀਆਂ ਜਾਣ ਤਾਂ ਪੁਸਤਕਾਂ ਨੂੰ ਕਿਫ਼ਾਇਤੀ ਦਰਾਂ 'ਤੇ ਪਾਠਕਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਇਸੇ ਯਤਨ ਤਹਿਤ ਹਰਭਜਨ ਸਿੰਘ ਹੁੰਦਲ ਜੀ ਵੱਲੋਂ ਲਿਖੀ 'ਚੀ ਗੁਵੇਰਾ' ਦੀ ਸੰਖੇਪ ਜੀਵਨੀ ਅਤੇ 'ਫ਼ਿਲਾਸਫ਼ੀ ਕੋਈ ਰਹੱਸ ਨਹੀਂ' ਦੋ ਪੁਸਤਕਾਂ ਛਾਪ ਕੇ ਪਾਠਕਾਂ ਤੱਕ ਪਹੁੰਚਾਈਆਂ ਜਾ ਚੁੱਕੀਆਂ ਹਨ।

ਬੇਹੱਦ ਮਿਲੇ ਹੁੰਗਾਰੇ ਨੂੰ ਦੇਖਦਿਆਂ 'ਮੇਲਾ ਗ਼ਦਰੀ ਬਾਬਿਆਂ ਦਾ' 2014 ਮੌਕੇ ਤਿੰਨ ਪੁਸਤਕਾਂ 'ਅੱਖਰ ਅੱਖਰ ਇਨਕਲਾਬ' (ਚੋਣਵੀਂ ਰਚਨਾ-ਦਰਸ਼ਨ ਸਿੰਘ ਆਵਾਰਾ, ਗੁਰਦਾਸ ਰਾਮ ਆਲਮ, ਬਾਵਾ ਬਲਵੰਤ, ਤੇਰਾ ਸਿੰਘ ਚੰਨ, ਕ੍ਰਿਸ਼ਨ ਅਸ਼ਾਂਤ) ਤੋਂ ਇਲਾਵਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ 2015 ਵਿਚ ਆਉਣ ਵਾਲ਼ੀ ਸ਼ਤਾਬਦੀ ਨੂੰ ਮੱਦੇ ਨਜ਼ਰ ਰੱਖਦਿਆਂ 'ਗ਼ਦਰ ਪਾਰਟੀ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ' ਅਤੇ ਮਾਰਕਸ ਦੇ ਫ਼ਲਸਫ਼ੇ ਨੂੰ ਸਮਝਣ ਲਈ ਬਰਤਾਨੀਆਂ ਦੀ ਕਮਿਊਨਿਸਟ ਪਾਰਟੀ ਦੇ ਉਘੇ ਆਗੂ ਐਮਿਲ ਬਰਨਸ ਵੱਲੋਂ ਲਿਖੀ ਅਤੇ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਵੱਲੋਂ ਅਨੁਵਾਦਤ ਪੁਸਤਕ 'ਮਾਰਕਸਵਾਦ ਕੀ ਹੈ' ਪਾਠਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ।

ਆਸ ਹੈ ਸਾਡਾ ਇਹ ਉੱਦਮ ਰੰਗ ਲਿਆਵੇਗਾ।

ਭਰਪੂਰ ਹੁੰਗਾਰੇ ਦੀ ਆਸ ਨਾਲ਼!

ਪੁਸਤਕ ਪਾਠਕ ਸੰਸਥਾ, ਪੰਜਾਬ।